ਸੂਚਨਾ

ਸਮੂਹ ਪਾਠਕਾਂ, ਏਜੰਟ ਸਾਹਿਬਾਨ ਅਤੇ ਇਸ਼ਤਿਹਾਰੀ ਏਜੰਸੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰੋਜ਼ਾਨਾ 'ਆਜ਼ਾਦ ਸੋਚ' ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਕੋਰਟ ਨੋਟਿਸਾਂ ਨੂੰ ਪ੍ਰਕਾਸ਼ਿਤ ਕਰਨ ਲਈ ਪੰਜਾਬ ਦੇ ਨਾਲ ਨਾਲ ਹੁਣ ਹਰਿਆਣਾ ਸੂਬੇ ਦੀਆਂ ਅਦਾਲਤਾਂ ਲਈ ਵੀ ਮਾਨਤਾ ਪ੍ਰਾਪਤ ਹੋ ਚੁੱਕਿਆ ਹੈ। ਹਰਿਆਣਾ ਸੂਬੇ ਦੀਆਂ ਅਦਾਲਤਾਂ ਵਿਚੋਂ ਜਾਰੀ ਕੋਰਟ ਨੋਟਿਸ ਪ੍ਰਕਾਸ਼ਿਤ ਕਰਵਾਉਣ ਲਈ ਸਾਡੇ ਹੇਠ ਲਿਖੇ ਪ੍ਰਤੀਨਿੰਧ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਰਾਕੇਸ਼ ਗੋਇਲ (ਇਸ਼ਤਿਹਾਰ ਮੈਨੇਜਰ)
ਮੋ: 86995-69067

ਹਰ ਖ਼ਬਰ ਤੱਕ ਪਹੁੰਚ, ਪੜ੍ਹੋ ਰੋਜ਼ਾਨਾ ਆਜ਼ਾਦ ਸੋਚ

ਆਜ਼ਾਦ ਸੋਚ ™

www.facebook.com/Azadsoch www.youtube.com/AzadSoch

ਸੰਗਰੂਰ ਤੋਂ ਪ੍ਰਕਾਸ਼ਿਤ

Postal No. PB/PTA/ (055) 2023-25
R.N.I N O. 61549/92
Website :
www.azadsoch.in
Mail Us at :
azadsoach92@gmail.com
(ਕੇਵਲ ਖ਼ਬਰਾਂ ਲਈ)
azadsochadvt@gmail.com
(ਕੇਵਲ ਇਸ਼ਤਿਹਾਰਾਂ ਲਈ)

ਸਾਲ (Year) 33 | ਅੰਕ (Vol.) 333 | ਮੁੱਲ (Rate) 2.00 ਰੁਪਏ | Sunday 8 December, 2024 | ਐਤਵਾਰ 8 ਦਸੰਬਰ , 2024

ਮੁੱਖ ਸੰਪਾਦਕ : ਸੁਰਿੰਦਰ ਕੁਮਾਰ 93566-05100, ਅਨਿਲ ਕੁਮਾਰ ਗਰਗ : 9317755000 ਡਾਕ ਪਤਾ : ਸਾਹਮਣੇ ਸਰਕਾਰੀ ਹਾਈ ਸਕੂਲ ਪਟਿਆਲਾ ਕੈਂਟ, ਨੇੜੇ 24 ਨੰ: ਫਾਟਕ ,ਧਾਮੋ ਮਾਜਰਾ ਰੋਡ ਪਟਿਆਲਾ

ਬੰਗਲਾਦੇਸ਼ 'ਚ ਇਸਕੋਨ ਦੇ ਇਕ ਹੋਰ ਮੰਦਰ ਨੂੰ ਅੱਗ ਲਾਈ ; ਮੰਦਰ ਅੰਦਰਲਾ ਸਾਰਾ ਸਾਮਾਨ ਸੜ ਕੇ ਸੁਆਹ

ਆਜ਼ਾਦ ਸੋਚ ਬਿਊਰੋ
ਕੋਲਕਾਤਾ, 7 ਦਸੰਬਰ
==========================

ਗੁਆਂਢੀ ਦੇਸ਼ ਬੰਗਲਾਦੇਸ਼ ਦੇ ਢਾਕਾ ਵਿਚ ਇਸਕੋਨ ਦੇ ਇਕ ਹੋਰ ਮੰਦਰ ਨੂੰ ਅੱਜ ਅੱਗ ਲਾ ਦਿੱਤੀ ਗਈ ਜਿਸ ਕਾਰਨ ਮੰਦਰ ਦੀ ਇਮਾਰਤ ਨੁਕਸਾਨੀ ਗਈ ਤੇ ਸਾਮਾਨ ਸੜ ਕੇ ਸੁਆਹ ਹੋ ਗਿਆ। ਇਹ ਜਾਣਕਾਰੀ ਇਸਕੋਨ ਕੋਲਕਾਤਾ ਦੇ ਉਪ-ਪ੍ਰਧਾਨ ਅਤੇ ਬੁਲਾਰੇ ਰਾਧਾਰਮਨ ਦਾਸ ਨੇ ਦਿੰਦਿਆਂ ਦੱਸਿਆ ਕਿ ਬੰਗਲਾਦੇਸ਼ ਵਿੱਚ ਇੱਕ ਹੋਰ ਇਸਕੋਨ ਮੰਦਰ ਨੂੰ ਅੱਗ ਲਾ ਦਿੱਤੀ ਗਈ ਜਿਸ ਕਾਰਨ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਸਣੇ ਅੰਦਰ ਦਾ ਸਾਰਾ ਸਮਾਨ ਸੜ ਕੇ ਸੁਆਹ ਹੋ ਗਿਆ। ਉਨ੍ਹਾਂ ਦੱਸਿਆ ਕਿ ਮੰਦਰ ਨੂੰ ਅੱਗ ਤੜਕੇ ਲਾਈ ਗਈ। ਉਨ੍ਹਾਂ ਕਿਹਾ ਕਿ ਸ਼ਰਾਰਤੀ ਅਨਸਰਾਂ ਨੇ ਰਾਧਾ ਕ੍ਰਿਸ਼ਨ ਮੰਦਰ ਅਤੇ ਮਹਾਭਾਗਯ ਲਕਸ਼ਮੀ ਨਰਾਇਣ ਮੰਦਰ ਨੂੰ ਅੱਗ ਲਗਾ ਦਿੱਤੀ ਜੋ ਢਾਕਾ ਜ਼ਿਲ੍ਹੇ ਦੇ ਤੁਰਗ ਪੁਲੀਸ ਸਟੇਸ਼ਨ ਦੇ ਅਧਿਕਾਰ ਖੇਤਰ ਅਧੀਨ ਧੌਰ ਪਿੰਡ ਵਿੱਚ ਸਥਿਤ ਹੈ। ਇਸ ਹਮਲੇ ਦੀ ਨਿੰਦਾ ਕਰਦੇ ਹੋਏ ਪੱਛਮੀ ਬੰਗਾਲ ਵਿੱਚ ਭਾਜਪਾ ਦੇ ਸੂਬਾ ਪ੍ਰਧਾਨ ਅਤੇ ਕੇਂਦਰੀ ਰਾਜ ਮੰਤਰੀ ਸੁਕਾਂਤਾ ਮਜੂਮਦਾਰ ਨੇ ਕਿਹਾ ਕਿ ਧਾਰਮਿਕ ਸਥਾਨਾਂ ਖਿਲਾਫ ਨਫ਼ਰਤ ਦੀ ਇਹ ਕਾਰਵਾਈ ਨਾ ਮੁਆਫ਼ੀਯੋਗ ਹੈ। ਮੁਲਜ਼ਮਾਂ ਨੂੰ ਨਿਆਂ ਦੇ ਘੇਰੇ ਵਿੱਚ ਲਿਆਉਣ ਅਤੇ ਧਾਰਮਿਕ ਘੱਟ ਗਿਣਤੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਤੁਰੰਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਇਸ ਤੋਂ ਪਹਿਲਾਂ ਬੰਗਲਾਦੇਸ਼ ਵਿਚ ਦੁਰਗਾ ਪੂਜਾ ਦੇ ਪੰਡਾਲ ਉਤੇ ਹਮਲੇ ਕੀਤਾ ਗਿਆ ਸੀ ਜਿਸ 'ਤੇ ਭਾਰਤੀ ਵਿਦੇਸ਼ ਮੰਤਰਾਲੇ ਨੇ 'ਡੂੰਘੀ ਚਿੰਤਾ' ਜ਼ਾਹਰ ਕੀਤੀ ਸੀ। ਵਿਦੇਸ਼ ਮੰਤਰਾਲੇ ਨੇ ਢਾਕਾ ਨੂੰ ਅਪੀਲ ਕੀਤੀ ਸੀ ਕਿ ਹਿੰਦੂ ਭਾਈਚਾਰੇ ਸਣੇ ਸਾਰੀਆਂ ਘੱਟਗਿਣਤੀਆਂ ਦੇ ਲੋਕਾਂ ਤੇ ਉਨ੍ਹਾਂ ਦੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।

ਸਸਤਾ ਕਰਜ਼ਾ ਤੇ ਪੀਐੱਮ-ਕਿਸਾਨ ਰਾਸ਼ੀ ਦੁੱਗਣੀ ਕਰੇ ਸਰਕਾਰ: ਕਿਸਾਨ

ਬਜਟ ਤੋਂ ਪਹਿਲਾਂ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨਾਲ ਮੀਟਿੰਗ

ਆਜ਼ਾਦ ਸੋਚ ਬਿਊਰੋ
ਨਵੀਂ ਦਿੱਲੀ, 7 ਦਸੰਬਰ
==========================

ਇੱਥੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਅੱਜ ਕਿਸਾਨ ਆਗੂਆਂ ਅਤੇ ਖੇਤੀ ਨਾਲ ਜੁੜੇ ਲੋਕਾਂ ਨਾਲ ਮੀਟਿੰਗ ਕੀਤੀ ਜਿਸ ਵਿਚ ਕਿਸਾਨ ਆਗੂਆਂ ਨੇ ਕਿਹਾ ਕਿ ਉਨ੍ਹਾਂ ਨੂੰ ਸਸਤੇ ਕਰਜ਼ੇ ਮੁਹੱਈਆ ਕਰਵਾਏ ਜਾਣ ਤੇ ਕਿਸ਼ਤਾਂ ਤਾਰਨ ਲਈ ਜ਼ਿਆਦਾ ਸਮਾਂ ਦਿੱਤਾ ਜਾਵੇ। ਕੇਂਦਰੀ ਮੰਤਰੀ ਵਲੋਂ ਬਜਟ ਤੋਂ ਪਹਿਲਾਂ ਵੱਖ ਵੱਖ ਧਿਰਾਂ ਨਾਲ ਮੀਟਿੰਗਾਂ ਕਰਕੇ ਹਰ ਧਿਰ ਦੇ ਵਿਚਾਰ ਲਏ ਜਾ ਰਹੇ ਹਨ ਤੇ ਅੱਜ ਦੀ ਮੀਟਿੰਗ ਇਸ ਲੜੀ ਤਹਿਤ ਕੀਤੀ ਗਈ।

ਇਸ ਮੀਟਿੰਗ ਵਿਚ ਕਿਸਾਨਾਂ ਨੇ ਪੀਐੱਮ-ਕਿਸਾਨ ਆਮਦਨ ਸਹਾਇਤਾ ਰਾਸ਼ੀ ਦੁੱਗਣੀ ਕਰਨ ਦੀ ਮੰਗ ਕੀਤੀ। ਇਸ ਦੌਰਾਨ ਆਰਥਿਕ ਸਹਾਇਤਾ ਦੇਣ ਲਈ ਕਿਹਾ ਗਿਆ ਤੇ ਖੇਤੀਬਾੜੀ ਖੇਤਰ ਦੀਆਂ ਕਈ ਚੁਣੌਤੀਆਂ ਦਾ ਹੱਲ ਮੰਗਿਆ ਗਿਆ।

ਕਿਸਾਨਾਂ ਦੀਆਂ ਮੁੱਖ ਮੰਗਾਂ ਵਿਚ ਵਿਆਜ ਦਰਾਂ ਨੂੰ ਇਕ ਫੀਸਦੀ ਤਕ ਘੱਟ ਕਰਨ ਤੇ ਸਾਲਾਨਾ ਪੀਐਮ ਕਿਸਾਨ ਕਿਸ਼ਤ ਨੂੰ ਛੇ ਹਜ਼ਾਰ ਤੋਂ ਵਧਾ ਕੇ 12 ਹਜ਼ਾਰ ਰੁਪਏ ਕਰਨ ਦੀ ਮੰਗ ਕੀਤੀ ਗਈ।

ਪੰਜਾਬ ਸਰਕਾਰ ਵੱਲੋਂ 4 ਮਹੀਨਿਆਂ ਵਿੱਚ ਲਗਾਏ ਜਾਣਗੇ 2356 ਖੇਤੀ ਸੋਲਰ ਪੰਪ

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਖੇਤੀਬਾੜੀ ਵਾਸਤੇ ਸੋਲਰ ਪੰਪ ਲਗਾਉਣ ਸਬੰਧੀ ਵਰਕ ਆਰਡਰ ਸੌਂਪੇ

ਆਜ਼ਾਦ ਸੋਚ ਬਿਊਰੋ
ਚੰਡੀਗੜ੍ਹ, 7 ਦਸੰਬਰ
==========================

ਖੇਤੀ ਸੈਕਟਰ ਵਿੱਚ ਗਰੀਨ ਊਰਜਾ ਦੀ ਵਰਤੋਂ ਨੂੰ ਉਤਸ਼ਾਹਿਤ ਕਰਦਿਆਂ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਵੱਲੋਂ ਖੇਤੀਬਾੜੀ ਵਾਸਤੇ ਸੂਬੇ ਭਰ ਵਿੱਚ 2,356 ਸੋਲਰ ਪੰਪ ਲਗਾਏ ਜਾਣਗੇ।



ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਸ੍ਰੀ ਅਮਨ ਅਰੋੜਾ ਨੇ ਸੂਬੇ ਵਿੱਚ ਖੇਤੀਬਾੜੀ ਵਾਸਤੇ ਮੈਸਰਜ਼ ਏ.ਵੀ.ਆਈ. ਐਪਲਾਇੰਸਜ਼ ਪ੍ਰਾਈਵੇਟ ਲਿਮਟਿਡ, ਮੈਸਰਜ਼ ਪੀ.ਵੀ. ਪਾਵਰ ਟੈਕਨਾਲੋਜੀਜ਼ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ਼ ਹਿਮਾਲੀਅਨ ਸੋਲਰ ਪ੍ਰਾਈਵੇਟ ਲਿਮਟਿਡ ਨੂੰ 2,356 ਸੋਲਰ ਪੰਪ ਲਗਾਉਣ ਸਬੰਧੀ ਵਰਕ ਆਰਡਰ ਸੌਂਪੇ।

ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਇਨ੍ਹਾਂ ਕੰਪਨੀਆਂ ਨੂੰ ਪਾਰਦਰਸ਼ੀ ਅਤੇ ਬੋਲੀ ਪ੍ਰਕਿਰਿਆ ਰਾਹੀਂ ਚੁਣਿਆ ਗਿਆ ਹੈ। ਇਨ੍ਹਾਂ ਪੰਪਾਂ ਨੂੰ ਲਗਾਉਣ ਸਬੰਧੀ ਕਾਰਜ ਦੇ ਚਾਰ ਮਹੀਨਿਆਂ ਵਿੱਚ ਮੁਕੰਮਲ ਹੋਣ ਦੀ ਉਮੀਦ ਹੈ। ਦੱਸਣਯੋਗ ਹੈ ਕਿ 3, 5, 7.5 ਅਤੇ 10 ਐਚ.ਪੀ. ਦੀ ਸਮਰੱਥਾ ਵਾਲੇ ਸੋਲਰ ਪੰਪਾਂ ਵਾਸਤੇ ਜਨਰਲ ਸ਼੍ਰੇਣੀ ਦੇ ਕਿਸਾਨਾਂ ਲਈ 60 ਫ਼ੀਸਦ ਅਤੇ ਅਨੁਸੂਚਿਤ ਜਾਤੀ ਦੇ ਕਿਸਾਨਾਂ ਲਈ 80 ਫ਼ੀਸਦ ਸਬਸਿਡੀ ਉਪਲਬਧ ਹੈ।

ਉਨ੍ਹਾਂ ਕਿਹਾ ਕਿ ਡਾਰਕ ਜ਼ੋਨਾਂ (ਧਰਤੀ ਹੇਠਲਾਂ ਪਾਣੀ ਡੂੰਘਾ ਚਲਾ ਗਿਆ ਹੈ ਵਾਲੇ ਬਲਾਕ) ਵਿੱਚ ਇਹ ਸੋਲਰ ਪੰਪ ਉਨ੍ਹਾਂ ਕਿਸਾਨਾਂ ਦੇ ਬੋਰ-ਵੈਲਾਂ 'ਤੇ ਲਗਾਏ ਜਾਣਗੇ, ਜੋ ਪਹਿਲਾਂ ਹੀ ਮਾਈਕਰੋ ਸਿੰਜਾਈ ਪ੍ਰਣਾਲੀ (ਤੁਪਕਾ ਜਾਂ ਫੁਹਾਰਾ) ਦੀ ਵਰਤੋਂ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਇਨ੍ਹਾਂ ਸੋਲਰ ਪੰਪਾਂ ਦੇ ਲੱਗਣ ਨਾਲ ਕਿਸਾਨਾਂ ਨੂੰ ਸਿੰਜਾਈ ਲਈ ਰਾਤ ਸਮੇਂ ਆਪਣੇ ਖੇਤਾਂ ਵਿੱਚ ਜਾਣ ਦੀ ਲੋੜ ਨਹੀਂ ਪਵੇਗੀ ਕਿਉਂਕਿ ਇਹ ਪੰਪ ਦਿਨ ਵੇਲੇ ਕਾਰਜਸ਼ੀਲ ਹੋਣਗੇ। ਇਸ ਨਾਲ ਨਾ ਸਿਰਫ਼ ਡੀਜ਼ਲ ਉੱਤੇ ਆਉਣ ਵਾਲਾ ਖ਼ਰਚਾ ਬਚੇਗਾ ਸਗੋਂ ਜ਼ੀਰੋ ਫ਼ੀਸਦ ਕਾਰਬਨ ਨਿਕਾਸੀ ਹੋਵੇਗੀ, ਜਿਸ ਨਾਲ ਵਧੇਰੇ ਟਿਕਾਊ ਖੇਤੀ ਅਭਿਆਸਾਂ ਨੂੰ ਉਤਸ਼ਾਹ ਮਿਲੇਗਾ।

ਸ੍ਰੀ ਅਮਨ ਅਰੋੜਾ ਨੇ ਪੇਡਾ ਦੇ ਅਧਿਕਾਰੀਆਂ ਨੂੰ ਕਿਸਾਨਾਂ ਦੀ ਭਲਾਈ ਲਈ ਹੋਰ ਖੇਤੀ ਸੋਲਰ ਪੰਪ ਲਗਾਉਣ ਲਈ ਉਪਰਾਲੇ ਕਰਨ ਦੇ ਵੀ ਨਿਰਦੇਸ਼ ਦਿੱਤੇ।ਇਸ ਮੌਕੇ ਪੇਡਾ ਦੇ ਮੁੱਖ ਕਾਰਜਕਾਰੀ ਅਧਿਕਾਰੀ ਸ੍ਰੀ ਸੰਦੀਪ ਹੰਸ, ਡਾਇਰੈਕਟਰ ਸ੍ਰੀ ਐਮ.ਪੀ. ਸਿੰਘ ਅਤੇ ਸਬੰਧਤ ਕੰਪਨੀਆਂ ਦੇ ਨੁਮਾਇੰਦੇ ਵੀ ਹਾਜ਼ਰ ਸਨ।

ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਨੇ ਤਿੰਨ ਨਵੇਂ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਸੌਂਪੇ

ਚੰਡੀਗੜ੍ਹ, 7 ਦਸੰਬਰ (ਆਜਾਦ ਸੋਚ ਬਿਊਰੋ): ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆ ਨੇ ਵਿਭਾਗ ਵਿੱਚ ਭਰਤੀ ਹੋਏ ਤਿੰਨ ਨਵੇਂ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਸੌਂਪੇ। ਚੰਡੀਗੜ੍ਹ ਵਿਖੇ ਉਨ੍ਹਾਂ ਵਿਭਾਗ ਵਿੱਚ ਭਰਤੀ ਹੋਏ ਲਾਅ ਅਫ਼ਸਰ ਕੁਲਵੰਤ ਸਿੰਘ ਅਤੇ ਕਲਰਕ ਰੁਪਾਲੀ ਤੇ ਮਿਲਨਪ੍ਰੀਤ ਕੌਰ ਨੂੰ ਨਿਯੁਕਤੀ ਪੱਤਰ ਸੌਂਪਦਿਆਂ ਵਿਭਾਗ ਵਿੱਚ ਜੀ ਆਇਆ ਆਖਦਿਆਂ ਸ਼ੁਭ ਕਾਮਨਾਵਾਂ ਦਿੱਤੀਆਂ। ਇਸ ਮੌਕੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਤੇ ਵਿਭਾਗ ਦੇ ਸਕੱਤਰ ਰਾਹੁਲ ਤਿਵਾੜੀ ਵੀ ਹਾਜ਼ਰ ਸਨ।

ਸ. ਮੁੰਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਢਾਈ ਸਾਲ ਦੇ ਸਮੇਂ ਦੌਰਾਨ ਹੁਣ ਤੱਕ 50 ਹਜ਼ਾਰ ਤੋਂ ਵੱਧ ਮੁਲਾਜ਼ਮਾਂ ਦੀ ਸਰਕਾਰੀ ਭਰਤੀ ਕੀਤੀ ਗਈ ਹੈ। ਮਕਾਨ ਉਸਾਰੀ ਦੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ 223 ਮੁਲਾਜ਼ਮਾਂ ਦੀ ਭਰਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਆਉਂਦੇ ਸਮੇਂ ਵਿੱਚ ਖਾਲੀ ਅਸਾਮੀਆਂ ਭਰ ਕੇ ਹੋਰ ਭਰਤੀ ਕੀਤੀ ਜਾਵੇਗੀ।

ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਨੇ ਕਿਹਾ ਕਿ ਸਰਕਾਰ ਵੱਲੋਂ ਸੂਬੇ ਦੀ ਨੌਜਵਾਨੀ ਨੂੰ ਸੂਬੇ ਵਿੱਚ ਹੀ ਰੋਜ਼ਗਾਰ ਦੇ ਸਾਧਨ ਮੁਹੱਈਆ ਕਰਵਾਏ ਜਾ ਰਹੇ ਹਨ।

ਇਸ ਤੋਂ ਇਲਾਵਾ ਨਿਵੇਸ਼ ਨੂੰ ਹੁਲਾਰਾ ਦਿੰਦਿਆਂ ਨਿਵੇਸ਼ਕਾਂ ਦੇ ਪੱਖੀ ਮਾਹੌਲ ਸਿਰਜਿਆ ਗਿਆ ਹੈ ਜਿਸ ਨਾਲ ਪ੍ਰਾਈਵੇਟ ਖੇਤਰ ਵਿੱਚ ਵੀ ਰੋਜ਼ਗਾਰ ਦੇ ਮੌਕੇ ਪੈਦਾ ਹੋ ਰਹੇ ਹਨ। ਇਸ ਨਾਲ ਸੂਬੇ ਦੇ ਆਰਥਿਕ ਵਿਕਾਸ ਨੂੰ ਵੀ ਹੁਲਾਰਾ ਮਿਲ ਰਿਹਾ ਹੈ।

'ਅਮਿਤ ਸ਼ਾਹ ਇਕ ਜ਼ਿੰਮੇਵਾਰੀ ਨਹੀਂ ਨਿਭਾ ਸਕੇ, ਉਹ ਕੁਝ ...' ਕੇਜਰੀਵਾਲ ਨੇ ਗ੍ਰਹਿ ਮੰਤਰੀ ਨੂੰ ਪੁੱਛੇ ਤਿੱਖੇ ਸਵਾਲ

ਆਜ਼ਾਦ ਸੋਚ ਬਿਊਰੋ
ਨਵੀਂ ਦਿੱਲੀ , 7 ਦਸੰਬਰ
==========================

ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਸ਼ਨੀਵਾਰ ਨੂੰ ਜਦੋਂ ਲੋਕਾਂ ਦੀਆਂ ਸਵੇਰੇ ਅੱਖਾਂ ਖੁੱਲ੍ਹੀਆਂ ਤਾਂ ਉਨ੍ਹਾਂ ਨੇ ਦੋ ਕਤਲ ਦੀਆਂ ਘਟਨਾਵਾਂ ਨੂੰ ਦੇਖਿਆ ਤੇ ਪੜ੍ਹਿਆ। ਪਹਿਲੀ ਘਟਨਾ ਫਰਸ਼ ਬਾਜ਼ਾਰ ਥਾਣਾ ਖੇਤਰ ਦੀ ਬਿਹਾਰੀ ਕਾਲੋਨੀ 'ਚ ਹੋਈ।

ਅਸੀਂ ਸਕੂਲ, ਹਸਪਤਾਲ, ਬਿਜਲੀ ਠੀਕ ਕੀਤੀ - ਕੇਜਰੀਵਾਲ :ਦਿੱਲੀ 'ਚ ਹੋਈਆਂ ਇਨ੍ਹਾਂ ਦੋ ਹੱਤਿਆਵਾਂ 'ਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਭਾਜਪਾ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਤਿੱਖੇ ਸਵਾਲ ਪੁੱਛੇ। ਉਸ ਨੇ ਸਵਾਲ ਕੀਤਾ ਕਿ ਦਿੱਲੀ ਵਿੱਚ ਦੋ ਸਰਕਾਰਾਂ ਇਕੱਠੀਆਂ ਚੱਲਦੀਆਂ ਹਨ। 10 ਸਾਲ ਪਹਿਲਾਂ ਲੋਕਾਂ ਨੇ ਦਿੱਲੀ ਵਿੱਚ ਸਾਡੀ ਸਰਕਾਰ ਚੁਣੀ। ਅਸੀਂ ਸਕੂਲ, ਹਸਪਤਾਲ, ਬਿਜਲੀ ਠੀਕ ਕੀਤੀ।

ਅਮਿਤ ਸ਼ਾਹ ਆਪਣੀ ਜ਼ਿੰਮੇਵਾਰੀ ਨਹੀਂ ਨਿਭਾ ਪਾਏ : ਕੇਜਰੀਵਾਲ ਨੇ ਅੱਗੇ ਕਿਹਾ ਕਿ ਲੋਕਾਂ ਨੇ ਭਾਜਪਾ ਦੀ ਕੇਂਦਰ ਸਰਕਾਰ ਨੂੰ ਇਕ ਜ਼ਿੰਮੇਵਾਰੀ ਦਿੱਤੀ, ਜੋ ਕਾਨੂੰਨ ਵਿਵਸਥਾ ਬਣਾਈ ਰੱਖਣ ਤੇ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰੇ। ਇਹ ਜ਼ਿੰਮੇਵਾਰੀ ਕੇਂਦਰ ਸਰਕਾਰ ਤੇ ਗ੍ਰਹਿ ਮੰਤਰੀ ਦੀ ਹੈ। ਗ੍ਰਹਿ ਮੰਤਰੀ ਕੌਣ ਹੈ? ਜਨਤਾ ਨੇ ਭਾਜਪਾ ਦੇ ਅਮਿਤ ਸ਼ਾਹ ਨੂੰ ਸਿਰਫ਼ ਇੱਕ ਜ਼ਿੰਮੇਵਾਰੀ ਦਿੱਤੀ ਸੀ, ਉਸ ਵਿੱਚ ਵੀ ਉਹ ਬੁਰੀ ਤਰ੍ਹਾਂ ਫੇਲ੍ਹ ਹੋ ਰਹੇ ਹਨ।

ਅਮਿਤ ਸ਼ਾਹ 'ਤੇ ਹਮਲਾ ਕਰਦੇ ਹੋਏ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਦਿੱਲੀ ਦੀ ਹਾਲਤ ਖਰਾਬ ਕਰ ਦਿੱਤੀ ਹੈ। ਉਹ ਸਿਰਫ਼ ਗੰਦੀ ਰਾਜਨੀਤੀ ਕਰਦੇ ਹਨ। ਇਸ ਨਾਲ ਦਿੱਲੀ ਦੇ ਲੋਕਾਂ ਨੂੰ ਸੁਰੱਖਿਆ ਨਹੀਂ ਮਿਲੇਗੀ। ਮੈਂ ਹੱਥ ਜੋੜ ਕੇ ਅਪੀਲ ਕਰਦਾ ਹਾਂ ਕਿ ਉਹ ਕੁਝ ਠੋਸ ਕਦਮ ਚੁੱਕਣ।

ਪਹਿਲੀ ਘਟਨਾ 'ਚ ਫਰਸ਼ ਬਾਜ਼ਾਰ ਥਾਣਾ ਖੇਤਰ ਦੀ ਬਿਹਾਰੀ ਕਾਲੋਨੀ 'ਚ ਭਾਂਡੇ ਕਾਰੋਬਾਰੀ ਸੰਜੇ ਦੀ ਬਦਮਾਸ਼ਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਸ ਘਟਨਾ ਨੂੰ ਦੋ ਬਦਮਾਸ਼ਾਂ ਨੇ ਅੰਜਾਮ ਦਿੱਤਾ। ਹਾਦਸੇ ਤੋਂ ਬਾਅਦ ਉਸ ਨੂੰ ਗੰਭੀਰ ਹਾਲਤ 'ਚ ਤੁਰੰਤ ਡਾ.ਹੇਡਗੇਵਾਰ ਹਸਪਤਾਲ ਭਰਤੀ ਕਰਵਾਇਆ ਗਿਆ। ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਇੱਕ ਹੋਰ ਮਾਮਲੇ ਵਿੱਚ ਗੋਵਿੰਦਪੁਰੀ ਵਿੱਚ ਗੁਆਂਢੀਆਂ ਦੀ ਲੜਾਈ ਵਿੱਚ ਇੱਕ ਵਿਅਕਤੀ ਦੀ ਜਾਨ ਚਲੀ ਗਈ। ਸ਼ੁੱਕਰਵਾਰ ਰਾਤ ਨੂੰ ਸਾਂਝੇ ਟਾਇਲਟ ਦੀ ਸਫ਼ਾਈ ਨੂੰ ਲੈ ਕੇ ਗੁਆਂਢੀਆਂ ਵਿਚਾਲੇ ਝਗੜਾ ਹੋ ਗਿਆ। ਝਗੜਾ ਇਸ ਹੱਦ ਤੱਕ ਵਧ ਗਿਆ ਕਿ ਤਿੰਨ ਲੋਕਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਤੇ ਚਾਕੂਆਂ ਦੀ ਵੀ ਵਰਤੋਂ ਕੀਤੀ ਗਈ। ਜਿਸ ਤੋਂ ਬਾਅਦ ਜ਼ਖ਼ਮੀਆਂ ਨੂੰ ਏਮਜ਼ 'ਚ ਭਰਤੀ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਇਕ ਨੂੰ ਮ੍ਰਿਤਕ ਐਲਾਨ ਦਿੱਤਾ। ਬਾਕੀ ਦੋ ਦਾ ਇਲਾਜ ਜਾਰੀ ਹੈ।

ਪੂਜਾ ਸਥਾਨਾਂ ਬਾਰੇ ਐਕਟ ਖਿਲਾਫ਼ ਪਟੀਸ਼ਨਾਂ ਲਈ ਸੀਜੇਆਈਵੱਲੋਂ ਵਿਸ਼ੇਸ਼ ਬੈਂਚ ਕਾਇਮ, ਸੁਣਵਾਈ 12 ਨੂੰ

ਨਵੀਂ ਦਿੱਲੀ, 7 ਦਸੰਬਰ (ਪ.ਪ.):ਭਾਰਤ ਦੇ ਚੀਫ਼ ਜਸਟਿਸ ਸੰਜੀਵ ਖੰਨਾ ਨੇ ਪੂਜਾ ਸਥਾਨ (ਵਿਸ਼ੇਸ਼ ਪ੍ਰਬੰਧ) ਐਕਟ, 1991 ਦੀ ਸੰਵਿਧਾਨਿਕ ਵਾਜਬੀਅਤ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਸੁਣਵਾਈ ਲਈ ਤਿੰਨ ਜੱਜਾਂ ਦੇ ਵਿਸ਼ੇਸ਼ ਬੈਂਚ ਦਾ ਗਠਨ ਕੀਤਾ ਹੈ, ਜਿਸ ਵੱਲੋਂ ਇਨ੍ਹਾਂ ਪਟੀਸ਼ਨਾਂ ਉਤੇ 12 ਦਸੰਬਰ ਨੂੰ ਸੁਣਵਾਈ ਕੀਤੀ ਜਾਵੇਗੀ। ਇਹ ਐਕਟ ਅਯੁੱਧਿਆ ਵਿਖੇ ਰਾਮ ਜਨਮ ਭੂਮੀ-ਬਾਬਰੀ ਮਸਜਿਦ ਨੂੰ ਛੱਡ ਕੇ ਕਿਸੇ ਵੀ ਹੋਰ ਪੂਜਾ ਸਥਾਨ ਦੇ ਧਰਮ ਵਿਚ ਤਬਦੀਲੀ ਕਰਨ 'ਤੇ ਪਾਬੰਦੀ ਲਗਾਉਂਦਾ ਹੈ ਅਤੇ ਸਾਰੇ ਧਾਰਮਿਕ ਸਥਾਨਾਂ ਦਾ ਚਰਿੱਤਰ 15 ਅਗਸਤ, 1947 ਵਾਲੀ ਸਥਿਤੀ ਮੁਤਾਬਕ ਹੀ ਰੱਖੇ ਜਾਣ ਨੂੰ ਜ਼ਰੂਰੀ ਬਣਾਉਂਦਾ ਹੈ।ਇਸ ਬੈਂਚ ਵਿਚ ਸੀਜੇਆਈ ਤੋਂ ਇਲਾਵਾ ਦੋ ਹੋਰ ਜੱਜ ਜਸਟਿਸ ਸੰਜੇ ਕੁਮਾਰ ਅਤੇ ਜਸਟਿਸ ਕੇਵੀ ਵਿਸ਼ਵਨਾਥਨ ਸ਼ਾਮਲ ਕੀਤੇ ਗਏ ਹਨ। ਵਕੀਲ ਅਸ਼ਵਨੀ ਕੁਮਾਰ ਉਪਾਧਿਆਏ ਅਤੇ ਸਾਬਕਾ ਮੈਂਬਰ ਰਾਜ ਸਭਾ ਸੁਬਰਾਮਨੀਅਮ ਸਵਾਮੀ ਵੱਲੋਂ ਇਸ ਐਕਟ ਦੀਆਂ ਕੁਝ ਵਿਵਸਥਾਵਾਂ ਵਿਰੁੱਧ ਦਾਇਰ ਪਟੀਸ਼ਨਾਂ ਸਮੇਤ ਕੁਝ ਛੇ ਪਟੀਸ਼ਨਾਂ 2020 ਤੋਂ ਸੁਪਰੀਮ ਕੋਰਟ ਵਿਚ ਸੁਣਵਾਈ ਅਧੀਨ ਹਨ।ਪਟੀਸ਼ਨਰਾਂ ਦਾ ਦੋਸ਼ ਹੈ ਕਿ 1991 ਦੇ ਐਕਟ ਰਾਹੀਂ "ਕੱਟੜਪੰਥੀ-ਜ਼ਾਲਮ ਹਮਲਾਵਰਾਂ ਅਤੇ ਕਾਨੂੰਨ ਤੋੜਨ ਵਾਲਿਆਂ"ਵੱਲੋਂ ਕੀਤੇ ਗਏ ਕਬਜ਼ੇ ਦੇ ਵਿਰੁੱਧ ਪੂਜਾ ਸਥਾਨਾਂ ਜਾਂ ਤੀਰਥ ਸਥਾਨਾਂ ਦੇ ਚਰਿੱਤਰ ਨੂੰ ਬਣਾਈ ਰੱਖਣ ਲਈ 15 ਅਗਸਤ, 1947 ਦੀ "ਮਨਮਰਜ਼ੀ ਅਤੇ ਤਰਕਹੀਣ ਪਿਛੋਕੜ ਵਾਲੀ ਕੱਟ-ਆਫ ਤਾਰੀਖ਼"ਬਣਾਈ ਗਈ ਹੈ।

ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ: 92 ਕਰੋੜ ਵਿੱਚੋਂ 256 ਸੰਸਥਾਵਾਂ ਨੂੰ 59.34 ਕਰੋੜ ਰੁਪਏ ਦੀ ਰਾਸ਼ੀ ਜਾ ਚੁੱਕੀ ਹੈ ਵੰਡੀ: ਡਾ. ਬਲਜੀਤ ਕੌਰ

ਆਜ਼ਾਦ ਸੋਚ ਬਿਊਰੋ
ਚੰਡੀਗੜ੍ਹ, 7 ਦਸੰਬਰ
==========================

ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਪੜ੍ਹਾਈ ਲਈ ਵਿੱਤੀ ਸਹਾਇਤਾ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਨੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਅਧੀਨ ਸਾਲ 2024-25 ਦੇ ਬਜਟ ਉਪਬੰਧ ਵਿੱਚੋਂ 92 ਕਰੋੜ ਰੁਪਏ ਜਾਰੀ ਕੀਤੇ ਗਏ ਹਨ ਅਤੇ ਸਾਲ 2024-25 ਲਈ ਵਿਦਿਆਰਥੀਆਂ ਦੇ ਵਜ਼ੀਫੇ ਲਈ 245.00 ਕਰੋੜ ਰੁਪਏ ਦੀ ਰਾਸ਼ੀ ਰਾਖਵੀਂ ਰੱਖੀ ਗਈ ਹੈ। ਇਹ ਪ੍ਰਗਟਾਵਾ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਬਾਰੇ ਮੰਤਰੀ ਡਾ. ਬਲਜੀਤ ਕੌਰ ਨੇ ਪੰਜਾਬ ਭਵਨ, ਚੰਡੀਗੜ੍ਹ ਵਿਖੇ ਅੱਜ ਇੱਕ ਪ੍ਰੈਸ ਕਾਨਫਰੰਸ ਦੌਰਾਨ ਕੀਤਾ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਤਹਿਤ ਸਾਲ 2017-18 ਤੋਂ 2019-20 ਤੱਕ ਦੀ ਬਕਾਇਆ ਰਹਿੰਦੀ ਅਦਾਇਗੀ ਲਈ ਸਾਲ 2023-24 ਦੌਰਾਨ 366.00 ਕਰੋੜ ਰੁਪਏ ਜਾਰੀ ਕੀਤੇ ਗਏ ਸਨ ਜਿਸ ਵਿੱਚੋਂ 1008 ਸੰਸਥਾਵਾਂ ਨੂੰ 283.62 ਕਰੋੜ ਰੁਪਏ ਦੀ ਰਾਸ਼ੀ ਅਦਾਇਗੀ ਕੀਤੀ ਜਾ ਚੁੱਕੀ ਹੈ। ਮੰਤਰੀ ਨੇ ਇਹ ਵੀ ਕਿਹਾ ਕਿ ਬਕਾਇਆ ਰਹਿੰਦੀਆਂ ਸੰਸਥਾਵਾਂ ਨੂੰ ਵੀ ਜਲਦ ਹੀ ਅਦਾਇਗੀ ਕੀਤੀ ਜਾਵੇਗੀ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਸਰਕਾਰੀ ਸੰਸਥਾਵਾਂ ਅਤੇ ਪੰਜਾਬ ਰਾਜ ਦੇ ਵਿਦਿਆਰਥੀ ਜੋ ਕਿ ਹੋਰ ਰਾਜਾਂ ਦੀਆਂ ਸੰਸਥਾਵਾਂ ਵਿੱਚ ਪੜ੍ਹਾਈ ਕਰ ਰਹੇ ਹਨ, ਨੂੰ ਵੀ ਇਸ ਸਮੇਂ ਦੀ ਬਕਾਇਆ ਅਦਾਇਗੀ ਲਈ 92.00 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਇਸ ਰਾਸ਼ੀ ਵਿੱਚੋਂ 256 ਸੰਸਥਾਵਾਂ ਨੂੰ 59.34 ਕਰੋੜ ਰੁਪਏ ਦੀ ਰਾਸ਼ੀ ਵੰਡੀ ਜਾ ਚੁੱਕੀ ਹੈ ਅਤੇ ਬਕਾਇਆ ਰਹਿੰਦੀਆਂ ਸੰਸਥਾਵਾਂ ਨੂੰ ਵੀ ਰਾਸ਼ੀ ਵੰਡਣ ਲਈ ਤੇਜ਼ੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ।

ਇਸ ਤੋਂ ਇਲਾਵਾ ਕੈਬਨਿਟ ਮੰਤਰੀ ਨੇ ਇਹ ਵੀ ਦੱਸਿਆ ਕਿ ਸਾਲ 2023-24 ਦੇ ਵਿਦਿਆਰਥੀਆਂ ਲਈ 229.23 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਸੀ ਅਤੇ ਚਾਲੂ ਵਿੱਤੀ ਸਾਲ 2024-25 ਲਈ ਵਿਦਿਆਰਥੀਆਂ ਦੇ ਵਜ਼ੀਫੇ ਲਈ 245.00 ਕਰੋੜ ਰੁਪਏ ਦੀ ਰਾਸ਼ੀ ਰਾਖਵੀਂ ਰੱਖੀ ਗਈ ਹੈ।

ਕੈਬਨਿਟ ਮੰਤਰੀ ਡਾ ਬਲਜੀਤ ਕੌਰ ਨੇ ਦੱਸਿਆ ਕਿ 2017 ਤੋਂ 2020 ਦੇ ਸਮੇਂ ਦੌਰਾਨ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਜੋ ਸਕਾਲਰਸ਼ਿਪ ਸਕੀਮ ਅਧੀਨ ਰਾਸ਼ੀ ਜਾਰੀ ਕੀਤੀ ਜਾਣੀ ਸੀ ਨਾ ਤਾਂ ਉਹ ਕੇਂਦਰ ਸਰਕਾਰ ਵੱਲੋਂ ਦਿੱਤੀ ਗਈ ਅਤੇ ਨਾ ਹੀ ਉਸ ਸਮੇਂ ਦੀ ਪੰਜਾਬ ਦੀ ਕਾਂਗਰਸ ਸਰਕਾਰ ਵੱਲੋਂ ਅਦਾ ਕੀਤੀ ਗਈ। ਪਿੱਛਲੀਆਂ ਸਰਕਾਰਾਂ ਦੇ ਅਜਿਹੇ ਰਵਈਏ ਕਾਰਨ

ਕਿਹਾ, ਸਾਲ 2024-25 ਲਈ ਵਿਦਿਆਰਥੀਆਂ ਦੇ ਵਜ਼ੀਫੇ ਲਈ 245.00 ਕਰੋੜ ਰੁਪਏ ਦੀ ਰਾਸ਼ੀ ਰਾਖਵੀਂ

ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੇ ਸਬੰਧਤ ਕਾਲਜਾਂ ਵੱਲੋਂ ਡਿਗਰੀਆਂ ਰੋਕ ਦਿੱਤੀਆਂ ਗਈਆਂ। ਜਿਸ ਕਾਰਨ ਇਹਨਾਂ ਵਿਦਿਆਰਥੀਆਂ ਦਾ ਭਵਿੱਖ ਖਤਰੇ ਵਿੱਚ ਪੈ ਗਿਆ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਜਦੋਂ ਤੋਂ ਆਪਣਾ ਕਾਰਜ਼ ਭਾਰ ਸੰਭਾਲਿਆ ਹੈ, ਉਹ ਇਸ ਦਿਸ਼ਾ ਵਿੱਚ ਹਰ ਸੰਭਵ ਉਪਰਾਲੇ ਕਰ ਰਹੀ ਹੈ ਤਾਂ ਜੋ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਕੋਈ ਵਿਘਨ ਨਾ ਪਵੇ।

ਕੈਬਨਿਟ ਮੰਤਰੀ ਨੇ ਅੱਗੇ ਕੇਂਦਰ ਸਰਕਾਰ ਨੂੰ ਵੀ ਅਪੀਲ ਕੀਤੀ ਹੈ ਕਿ ਸਕਾਲਰਸ਼ਿਪ ਸਕੀਮ ਅਧੀਨ ਆਪਣਾ ਬਣਦਾ ਬਕਾਇਆ ਹਿੱਸਾ ਜਲਦ ਤੋਂ ਜਲਦ ਜ਼ਾਰੀ ਕਰਨ ਤਾਂ ਜੋ ਪੰਜਾਬ ਦੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਵਿਚ ਕੋਈ ਵਿਘਨ ਨਾ ਪਵੇ। ਇਥੇ ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸਕਾਲਰਸ਼ਿਪ ਸਕੀਮ ਦੇ ਪੋਰਟਲ ਤੇ ਸਾਲ 2024-25 ਅਧੀਨ 2 ਲੱਖ 31 ਹਜ਼ਾਰ ਦੇ ਕਰੀਬ ਵਿਦਿਆਰਥੀ ਇਸ ਸਕੀਮ ਅਧੀਨ ਨਵੇਂ ਰਜਿਸਟਰਡ ਹੋਏ ਹਨ।

ਮੰਤਰੀ ਨੇ ਦੱਸਿਆ ਕਿ ਇਹ ਰਾਸ਼ੀ ਵੱਖ-ਵੱਖ ਸਰਕਾਰੀ ਸੰਸਥਾਵਾਂ ਨੂੰ ਜਾਰੀ ਕਰਨ ਅਤੇ ਇਸਦੀ ਸਹੀ ਅਦਾਇਗੀ ਯਕੀਨੀ ਬਣਾਉਣ ਦੀ ਜਿੰਮੇਵਾਰੀ ਪ੍ਰਬੰਧਕੀ ਵਿਭਾਗ ਨੂੰ ਦਿੱਤੀ ਗਈ ਹੈ। ਇਹ ਵਿਭਾਗ ਇਸ ਰਕਮ ਦੇ ਸਹੀ ਵਰਤੋਂ ਲਈ ਜਿੰਮੇਵਾਰ ਹੋਵੇਗਾ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਭਲਾਈ ਅਤੇ ਉਨ੍ਹਾਂ ਦੇ ਅਧਿਕਾਰਾਂ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਇਸ ਸਕੀਮ ਤਹਿਤ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪੜ੍ਹਾਈ ਲਈ ਵਿੱਤੀ ਸਹਾਇਤਾ ਸਮੇਂ-ਸਿਰ ਮੁਹੱਈਆ ਕਰਵਾਈ ਜਾਵੇਗੀ। ਇਹ ਰਕਮ ਉਹਨਾਂ ਦੀ ਸਿੱਖਿਆ ਦੀ ਲਗਾਤਾਰਤਾ ਲਈ ਮਦਦਗਾਰ ਸਾਬਤ ਹੋਵੇਗੀ।

ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਨੇ ਕਿਹਾ ਕਿ ਸਿੱਖਿਆ ਸਮਾਜਿਕ ਬਦਲਾਅ ਲਈ ਸਭ ਤੋਂ ਸ਼ਕਤੀਸ਼ਾਲੀ ਹਥਿਆਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਹ ਯਕੀਨੀ ਬਣਾਏਗੀ ਕਿ ਕੋਈ ਵੀ ਵਿਦਿਆਰਥੀ ਆਰਥਿਕ ਕਾਰਨਾਂ ਕਰਕੇ ਆਪਣੀ ਪੜਾਈ ਨੂੰ ਛੱਡਣ ਲਈ ਮਜਬੂਰ ਨਾ ਹੋਵੇ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੇ ਹੱਕਾਂ ਅਤੇ ਅਧਿਕਾਰ ਲਈ ਸਿਰਫ ਵਚਨਬੱਧ ਹੀ ਨਹੀਂ, ਸਗੋਂ ਇਸ ਨੂੰ ਹਕੀਕਤ ਵਿੱਚ ਬਦਲਣ ਲਈ ਕਾਰਜਸ਼ੀਲ ਹੈ।

'ਜਨ ਜਨ ਦਾ ਰਖੋ ਧਿਆਨ , ਟੀ ਬੀ ਮੁਕਤ ਭਾਰਤ ਅਭਿਆਨ'

ਸਿਹਤ ਮੰਤਰੀ ਨੇ ਨਿਕਸੈ ਵਾਹਨ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ

• ਸੂਬੇ ਭਰ ਵਿਚ ਚਲ ਰਹੇ ਹਨ 881 ਆਮ ਆਦਮੀ ਕਲੀਨਿਕ • ਸਰਹੱਦੀ ਖੇਤਰ ਤੱਕ ਪੁਜਦੀਆਂ ਕੀਤੀਆਂ ਜਾਣਗੀਆਂ ਸਿਹਤ ਸਹੂਲਤਾਂ : ਧਾਲੀਵਾਲ

ਆਜ਼ਾਦ ਸੋਚ
ਤਰੁਣ ਮਹਿਰਾ
ਅੰਮ੍ਰਿਤਸਰ 7 ਦਸੰਬਰ
==========================

ਭਾਰਤ ਨੂੰ ਸਾਲ 2025 ਤੱਕ ਟੀ ਬੀ ਮੁਕਤ ਕਰਨ ਲਈ ਸ਼ੁਰੂ ਕੀਤੀ ਗਈ 100 ਦਿਨਾਂ ਮੁਹਿੰਮ ਤਹਿਤ ਅੱਜ ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਨੇ ਰਾਜ ਪੱਧਰੀ ਸਮਾਗਮ ਦੌਰਾਨ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਤੋਂ ਨਿਕਸੈ ਵਾਹਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

ਇਸ ਤੋਂ ਪਹਿਲਾਂ ਡਾ. ਬਲਬੀਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਟੀ ਬੀ ਦੇ ਖਾਤਮੇ ਲਈ ਚਲਾਈ ਜਾ ਰਹੀ ਇਸ ਰਾਸ਼ਟਰੀ ਮੁਹਿੰਮ ਦਾ ਮੁੱਖ ਉਦੇਸ਼ ਲੁਕੇ ਹੋਏ ਐਕਟਿਵ ਕੇਸਾਂ ਦੀ ਭਾਲ ਕਰਨਾ ਹੈ ਅਤੇ ਉਨਾਂ ਦਾ ਇਲਾਜ ਕਰਵਾਉਣਾ ਹੈ। ਉਨਾਂ ਇਸ ਮੌਕੇ ਤੇ ਆਸ਼ਾ ਵਰਕਰਾਂ ਨੂੰ ਵਿਸ਼ੇਸ਼ ਤੌਰ ਤੇ ਕਿਹਾ ਕਿ ਇਹ ਧੀਆਂ ਸਾਡੀ ਫੌਜਾਂ ਹਨ ਅਤੇ ਇਨਾਂ ਨੇ ਹੀ ਘਰ ਘਰ ਜਾ ਕੇ ਟੀ ਬੀ ਦੇ ਕੇਸਾਂ ਨੂੰ ਲੱਭ ਕੇ ਅਤੇ ਉਨਾਂ ਦਾ ਇਲਾਜ ਕਰਾਉਣਾ ਹੈ। ਉਨਾਂ ਕਿਹਾ ਕਿ ਇਸ ਮੁਹਿੰਮ ਤਹਿਤ ਹਰੇਕ ਘਰ ਤੱਕ ਦਸਤਕ ਦਿੱਤੀ ਜਾਵੇਗੀ ਅਤੇ ਟੀ ਬੀ ਦੇ ਖਾਤਮੇ ਨੂੰ ਸਾਲ 2025 ਤੱਕ ਯਕੀਨੀ ਬਣਾਇਆ ਜਾਵੇਗਾ।

ਉਨਾਂ ਦੱਸਿਆ ਕਿ ਨਿਕਸੈ ਵਾਹਨ ਵਿੱਚ ਸੀਬੀ ਨੈਟ ਮਸ਼ੀਨ ਰਾਹੀਂ ਟੀਬੀ ਦੇ ਮਰੀਜਾਂ ਦੇ ਟੈਸਟ ਕੀਤੇ ਜਾਣਗੇ ਅਤੇ ਇਸ ਵੈਨ ਵਿਚ ਲੋਕਾਂ ਨੂੰ ਟੀਬੀ ਪ੍ਰਤੀ ਜਾਗਰੂਕ ਕਰਨ ਲਈ ਆਈ ਈ ਸੀ ਮਟਰੀਅਲ ਰਹੀ ਇਸ ਬਿਮਾਰੀ ਪ੍ਰਤੀ ਜਾਗਰੂਕ ਕੀਤਾ ਜਾਵੇਗਾ। ਸਿਹਤ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਸੂਬਾ ਵਾਸੀਆਂ ਨੂੰ ਚੰਗੀ ਸਿਹਤ ਮੁਹੱਈਆ ਕਰਵਾਉਣ ਲਈ ਹਰੇਕ ਉਪਰਾਲੇ ਕਰ ਰਹੀ ਹੈ। ਉਨਾਂ ਦੱਸਿਆ ਕਿ ਇਸ ਸਮੇਂ ਸੂਬੇ ਵਿੱਚ 771 ਆਮ ਆਦਮੀ ਕਲੀਨਿਕ ਚਲ ਰਹੇ ਹਨ। ਇਸ ਵਿੱਚ ਹੁਣ ਤੱਕ 2.5 ਕਰੋੜ ਲੋਕ ਆਪਣਾ ਇਲਾਜ ਕਰਵਾ ਚੁੱਕੇ ਹਨ। ਉਨਾਂ ਦੱਸਿਆ ਕਿ ਇਨਾਂ ਕਲੀਨਿਕਾਂ ਵਿੱਚ 40 ਤਰ੍ਹਾਂ ਦੇ ਟੈਸਟ ਅਤੇ 80 ਤਰ੍ਹਾਂ ਦੀਆਂ ਦਵਾਈਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਨੇ ਜਿਵੇਂ ਹਰ ਪਿੰਡ ਵਿੱਚ ਪਾਣੀ ਪਹੁੰਚਾ ਦਿੱਤਾ ਹੈ, ਉਸ ਤਰ੍ਹਾਂ ਹੀ ਅਸੀਂ ਹਰ ਘਰ ਵਿੱਚ ਲੋਕਾਂ ਦੀ ਬਿਮਾਰੀ ਨੂੰ ਦੂਰ ਕਰਨ ਲਈ ਦਵਾਈ ਪੁਜੱਦਾ ਕਰਾਂਗੇ। ਉਨਾਂ ਕਿਹਾ ਕਿ ਆਸ਼ਾ ਵਰਕਰਾਂ ਨੂੰ 5 ਲੱਖ ਰੁਪਏ ਦੇ ਮੁਫ਼ਤ ਇਲਾਜ ਦਾ ਕਾਰਡ ਵੀ ਜਾਰੀ ਕੀਤਾ ਜਾਵੇਗਾ। ਉਨਾਂ ਦੱਸਿਆ ਕਿ ਸਾਡੀ ਸਰਕਾਰ ਨੇ ਫਰਿਸ਼ਤੇ ਸਕੀਮ ਨੂੰ ਜਾਰੀ ਕਰਕੇ ਕਈ ਲੋਕਾਂ ਦੀ ਜਾਨ ਬਚਾਉਣ ਵਿੱਚ ਮੱਦਦ ਕੀਤੀ ਹੈ। ਉਨਾਂ ਦੱਸਿਆ ਕਿ ਫਰਿਸ਼ਤੇ ਸਕੀਮ ਅਧੀਨ ਐਕਸੀਡੈਂਟ ਕੇਸ ਵਿੱਚ ਜਖ਼ਮੀ ਨੂੰ ਹਸਪਤਾਲ ਵਿੱਚ ਪਹੁੰਚਾਉਣ ਤੇ 2000/- ਰੁਪਏ ਅਤੇ ਸਨਮਾਨ ਪੱਤਰ ਵੀ ਦਿੱਤਾ ਜਾਂਦਾ ਹੈ। ਉਨਾਂ ਦੱਸਿਆ ਕਿ ਜਖਮੀ ਦਾ ਇਲਾਜ ਚਾਹੇ ਸਰਕਾਰੀ ਜਾਂ ਪ੍ਰਾਈਵੇਟ ਹਸਪਤਾਲ ਵਿੱਚ ਹੋਵੇ ਉਹ ਸਾਰਾ ਮੁਫ਼ਤ ਹੁੰਦਾ ਹੈ। ਉਨਾਂ ਦੱਸਿਆ ਕਿ ਇਸੇ ਹੀ ਤਹਿਤ ਸੜਕ ਸੁਰੱਖਿਆ ਫੋਰਸ ਵੀ ਗਠਿਤ ਕੀਤੀ ਗਈ ਹੈ ਜੋ ਸੜਕ ਹਾਦਸਿਆਂ ਦੌਰਾਨ ਜਖ਼ਮੀਆਂ ਨੂੰ ਨਜਦੀਕ ਦੇ ਹਸਪਤਾਲ ਵਿੱਚ ਪਹੁੰਚਾ ਦਿੰਦੀ ਹੈ; ਜਿਸ ਨਾਲ ਕਏ ਜਖ਼ਮੀਆਂ ਦੀ ਜਾਨ ਬਚੀ ਹੈ।

ਸਿਹਤ ਮੰਤਰੀ ਨੇ ਜਿਲ੍ਹੇ ਦੀ ਗੱਲ ਕਰਦਿਆਂ ਕਿਹਾ ਕਿ ਸ਼ਹਿਰ ਵਿੱਚ 85 ਵਾਰਡ ਹਨ ਅਤੇ ਹਰੇਕ ਵਾਰਡ ਵਿਚ ਆਮ ਆਦਮੀ ਕਲੀਨਿਕ ਖੋਲ੍ਹਿਆ ਜਾਵੇਗਾ। ਉਨਾਂ ਕਿਹਾ ਕਿ ਸਾਡਾ ਸੁਪਨਾ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣਾ ਹੈ। ਇਸ ਲਈ ਅਸੀਂ ਸਿੱਖਿਆ, ਸਿਹਤ, ਅਤੇ ਮਿਸ਼ਨ ਰੋਜ਼ਗਾਰ ਤਹਿਤ ਕੰਮ ਕਰ ਰਹੇ ਹਾਂ। ਉਨਾਂ ਕਿਹਾ ਕਿ ਬੜੀ ਖੁਸ਼ੀ ਦੀ ਗੱਲ ਹੈ ਕਿ ਅਸੀਂ ਆਪਣੇ ਢਾਈ ਸਾਲ ਦੇ ਕਾਰਜਕਾਰ ਦੌਰਾਨ ਹੀ ਕਰੀਬ 51000 ਨੌਜਵਾਨਾਂ ਨੂੰ ਉਨਾਂ ਦੀ ਯੋਗਤਾ ਦੇ ਆਧਾਰ ਤੇ ਰੋਜ਼ਗਾਰ ਮੁਹੱਈਆ ਕਰਵਾਇਆ ਹੈ।

ਇਸ ਮੌਕੇ ਸੰਬੋਧਨ ਕਰਦੇ ਹੋਏ ਕੈਬਨਿਟ ਮੰਤਰੀ ਸ: ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਸਰਹੱਦੀ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਤੱਕ ਵੀ ਸਿਹਤ ਸਹੂਲਤਾਂ ਪੁਜਦਾ ਕਰਨ ਲਈ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਉਨਾਂ ਕਿਹਾ ਕਿ ਬਾਰਡਰ ਬੈਲਟ ਦੇ ਲੋਕ ਕਈ ਬਿਮਾਰੀਆਂ ਤੋਂ ਪੀੜ੍ਹਤ ਹੁੰਦੇ ਹਨ। ਪਰ ਉਨਾਂ ਨੂੰ ਆਪਣੀ ਬਿਮਾਰੀ ਦਾ ਪਤਾ ਨਹੀਂ ਲਗਦਾ। ਸ: ਧਾਲੀਵਾਲ ਨੇ ਕਿਹਾ ਕਿ ਸਿਹਤ ਵਿਭਾਗ ਦੀਆਂ ਮੈਡੀਕਲ ਵੈਨਾਂ ਨੂੰ ਹਰੇਕ ਹਫ਼ਤੇ ਬਾਰਡਰ ਬੈਲਟ ਵਿੱਚ ਭੇਜਿਆ ਜਾਵੇਗਾ। ਜਿਥੇ ਉਹ ਲੋੜਵੰਦ ਲੋਕਾਂ ਦਾ ਇਲਾਜ ਕਰਨਗੀਆਂ।

ਇਸ ਮੌਕੇ ਮੈਂਬਰ ਪਾਰਲੀਮੈਂਟ ਸ: ਗੁਰਜੀਤ ਸਿੰਘ ਔਜਲਾ, ਵਿਧਾਇਕ ਡਾ. ਅਜੈ ਗੁਪਤਾ, ਵਧੀਕ ਡਿਪਟੀ ਕਮਿਸ਼ਨਰ ਮੈਡਮ ਪਰਮਜੀਤ ਕੌਰ, ਐਸਡੀਐਮ ਮਨਕੰਵਲ ਚਾਹਲ, ਡਾਇਰੈਕਟਰ ਐਨਐਚਐਮ ਕੇਂਦਰ ਸਰਕਾਰ ਡਾ. ਨੇਹਾ ਗਰਗ, ਸਟੇਟ ਨੋਡਲ ਅਫ਼ਸਰ ਡਾ. ਭਾਸਕਰ, ਸਿਵਲ ਸਰਜਨ ਡਾ. ਕਿਰਨਦੀਪ ਕੌਰ, ਪ੍ਰਿੰਸੀਪਲ ਮੈਡੀਕਲ ਕਾਲਜ ਡਾ. ਰਾਜੀਵ ਦੇਵਗਨ, ਮੈਡੀਕਲ ਸੁਪਰਡੈਂਟ ਡਾ. ਕਰਮਜੀਤ ਸਿੰਘ , ਜਿਲ੍ਹਾ ਟੀਕਾਕਰਨ ਅਫ਼ਸਰ ਭਾਰਤੀ ਧਵਨ, ਜਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਨੀਲਮ ਭਗਤ, ਸਹਾਇਕ ਸਿਵਲ ਸਰਜਨ ਡਾ. ਰਜਿੰਦਰ ਪਾਲ, ਸਮੂਹ ਸੀਨੀਅਰ ਮੈਡੀਕਲ ਅਫ਼ਸਰ, ਪੈਰਾਮੈਡੀਕਲ ਸਟਾਫ, ਨਰਸਿੰਗ ਕਾਲਜਾਂ ਦੇ ਵਿਦਿਆਰਥੀ ਵੀ ਹਾਜ਼ਰ ਸਨ।

ਪੰਜਾਬ ਵਿਧਾਨ ਸਭਾ ਦੀ ਪੰਚਾਇਤੀ ਰਾਜ ਕਮੇਟੀ ਨੇ ਕੇਰਲਾ ਵਿਧਾਨ ਸਭਾ ਦੇ ਸਕੱਤਰ ਨਾਲ ਮੁਲਾਕਾਤ ਕੀਤੀ, ਜਾਣੀ ਕਾਰਜਸ਼ੈਲੀ

ਜ਼ੀਰਕਪੁਰ, 7 ਦਸੰਬਰ (ਅਵਤਾਰ ਸੈਣੀ):-ਪੰਜਾਬ ਵਿਧਾਨ ਸਭਾ ਦੀ ਪੰਚਾਇਤੀ ਰਾਜ ਕਮੇਟੀ ਦਾ ਇੱਕ ਵਫ਼ਦ ਚੇਅਰਮੈਨ ਤੇ ਬੁਢਲਾਡਾ ਤੋਂ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਦੀ ਅਗਵਾਈ ਹੇਠ ਅੱਜ ਕੱਲ੍ਹ ਕੇਰਲਾ ਵਿੱਚ ਪੰਚਾਇਤੀ ਰਾਜ ਦੇ ਅਧਿਐਨ ਦੌਰੇ 'ਤੇ ਹੈ। ਵਫ਼ਦ ਵਿੱਚ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਅਤੇ ਹੋਰ ਵਿਧਾਇਕ ਸ਼ਾਮਲ ਹਨ, ਜਿਨ੍ਹਾਂ ਦਾ ਉਦੇਸ਼ ਕੇਰਲਾ ਵਿੱਚ ਪੰਚਾਇਤਾਂ ਦੀ ਕਾਰਜਸ਼ੈਲੀ ਅਤੇ ਕੰਮਕਾਜ ਬਾਰੇ ਜਾਣਕਾਰੀ ਹਾਸਲ ਕਰਨਾ ਹੈ।ਜਿਸ ਤਹਿਤ ਸ਼ਨੀਵਾਰ ਨੂੰ ਵਫ਼ਦ ਨੂੰ ਕੇਰਲ ਵਿਧਾਨ ਸਭਾ ਦੇ ਸਕੱਤਰ ਨਾਲ ਮੁਲਾਕਾਤ ਕਰਨ ਅਤੇ ਵਿਧਾਨ ਸਭਾ ਦੇ ਕੰਮਕਾਜ ਦਾ ਅਧਿਐਨ ਕਰਨ ਦਾ ਮੌਕਾ ਮਿਲਿਆ। ਵਫ਼ਦ ਨੂੰ ਵਿਧਾਨ ਸਭਾ ਦੇ ਮੈਂਬਰਾਂ ਨਾਲ ਮਿਲਣ ਅਤੇ ਗੱਲਬਾਤ ਕਰਨ ਦਾ ਮੌਕਾ ਵੀ ਮਿਲਿਆ, ਜਿਨ੍ਹਾਂ ਨੇ ਦੌਰੇ 'ਤੇ ਆਏ ਵਫ਼ਦ ਨਾਲ ਆਪਣੇ ਅਨੁਭਵ ਅਤੇ ਗਿਆਨ ਸਾਂਝੇ ਕੀਤੇ।ਵਿਧਾਇਕ ਰੰਧਾਵਾ ਨੇ ਦੱਸਿਆ ਕਿ ਮੀਟਿੰਗ ਦੌਰਾਨ ਵਫ਼ਦ ਨੇ ਕੇਰਲਾ ਵਿਧਾਨ ਸਭਾ ਦੇ ਸੁਚੱਜੇ ਅਤੇ ਪਾਰਦਰਸ਼ੀ ਕੰਮਕਾਜ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਰਾਜ ਵਿੱਚ ਜ਼ਮੀਨੀ ਪੱਧਰ ਦੇ ਲੋਕਤੰਤਰ ਨੂੰ ਉਤਸ਼ਾਹਿਤ ਕਰਨ ਅਤੇ ਪੰਚਾਇਤਾਂ ਦੇ ਸਸ਼ਕਤੀਕਰਨ ਲਈ ਮੈਂਬਰਾਂ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ।ਵਫ਼ਦ ਨੇ ਪੰਜਾਬ ਵਿੱਚ ਪੰਚਾਇਤਾਂ ਨੂੰ ਦਰਪੇਸ਼ ਚੁਣੌਤੀਆਂ ਅਤੇ ਕੇਰਲਾ ਵਿੱਚ ਪੰਚਾਇਤਾਂ ਦੇ ਸਫਲ ਮਾਡਲ ਤੋਂ ਕਿਵੇਂ ਸਬਕ ਸਿੱਖੇ ਜਾ ਸਕਦੇ ਹਨ, ਬਾਰੇ ਚਰਚਾ ਕਰਦਿਆਂ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ।ਰੰਧਾਵਾ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੀ ਪੰਚਾਇਤੀ ਰਾਜ ਕਮੇਟੀ ਵੱਲੋਂ ਕੇਰਲਾ ਦੀਆਂ ਪੰਚਾਇਤਾਂ ਦਾ ਅਧਿਐਨ ਦੌਰਾ ਜ਼ਮੀਨੀ ਪੱਧਰ 'ਤੇ ਲੋਕਤੰਤਰੀ ਪ੍ਰਣਾਲੀ ਨੂੰ ਮਜ਼ਬੂਤ ਕਰਨ ਵੱਲ ਇੱਕ ਅਹਿਮ ਕਦਮ ਹੈ। ਵਫ਼ਦ ਵੱਲੋਂ ਪੰਜਾਬ ਵਿੱਚ ਪੰਚਾਇਤਾਂ ਦੇ ਕੰਮਕਾਜ ਵਿੱਚ ਸੁਧਾਰ ਲਈ ਕੀਮਤੀ ਸੂਝ ਅਤੇ ਵਿਚਾਰ ਲਿਆਉਣ ਦੀ ਉਮੀਦ ਹੈ। ਇਹ ਪਹਿਲਕਦਮੀ ਅੰਤਰ-ਰਾਜੀ ਸਹਿਯੋਗ ਦੇ ਮਹੱਤਵ ਨੂੰ ਵੀ ਉਜਾਗਰ ਕਰਦੀ ਹੈ ਅਤੇ ਇੱਕ ਦੂਜੇ ਦੇ ਵਧੀਆ ਅਭਿਆਸਾਂ ਤੋਂ ਸਿੱਖਦੀ ਹੈ।ਉਮੀਦ ਹੈ ਕਿ ਵਫ਼ਦ ਪੰਜਾਬ ਵਿੱਚ ਪੰਚਾਇਤਾਂ ਦੀ ਬਿਹਤਰੀ ਲਈ ਕੰਮ ਕਰਨ ਦੇ ਨਵੇਂ ਦ੍ਰਿਸ਼ਟੀਕੋਣ ਅਤੇ ਦ੍ਰਿੜ ਇਰਾਦੇ ਨਾਲ ਪੰਜਾਬ ਪਰਤੇਗਾ।ਰੰਧਾਵਾ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੀ ਪੰਚਾਇਤੀ ਰਾਜ ਕਮੇਟੀ ਵੱਲੋਂ ਕੇਰਲਾ ਦੀਆਂ ਪੰਚਾਇਤਾਂ ਦਾ ਅਧਿਐਨ ਦੌਰਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਪ੍ਰਭਾਵਸ਼ਾਲੀ ਅਤੇ ਪਾਰਦਰਸ਼ੀ ਸ਼ਾਸਨ ਨੂੰ ਉਤਸ਼ਾਹਿਤ ਕਰਨ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਵਫ਼ਦ ਦਾ ਕੇਰਲਾ ਦੌਰਾ ਪੰਜਾਬ ਵਿੱਚ ਇੱਕ ਮਜ਼ਬੂਤ ਅਤੇ ਵਧੇਰੇ ਸਮਾਵੇਸ਼ੀ ਲੋਕਤੰਤਰ ਦੇ ਨਿਰਮਾਣ ਵੱਲ ਇੱਕ ਕਦਮ ਹੈ।

ਸ਼ੈਮਰੌਕ ਵਰਲਡ ਸਕੂਲ ਜ਼ੀਰਕਪੁਰ ਦਾ ਚਾਰ ਦਿਨਾਂ ਸਾਲਾਨਾ ਸਮਾਗਮ 'ਉਤਕਰਸ਼' ਸ਼ੁਰੂ

ਆਜ਼ਾਦ ਸੋਚ
ਅਵਤਾਰ ਸੈਣੀ
ਜ਼ੀਰਕਪੁਰ, 7 ਦਸੰਬਰ

ਸ਼ੈਮਰੌਕ ਵਰਲਡ ਸਕੂਲ, ਜ਼ੀਰਕਪੁਰ ਵਲੋਂ ਵਿਦਿਆਰਥੀ ਪ੍ਰਤਿਭਾ ਤੇ ਸਿਰਜਣਾਤਮਕਤਾ ਦੇ ਇੱਕ ਸ਼ਾਨਦਾਰ ਚਾਰ-ਦਿਨਾ ਸਮਾਰੋਹ ਦੀ ਸ਼ੁਰੂਆਤ ਕਰਦੇ ਹੋਏ ਅੱਜ ਆਪਣਾ ਸਾਲਾਨਾ ਸਮਾਗਮ 'ਉਤਕਰਸ਼' 2024 ਸ਼ੁਰੂ ਕੀਤਾ। ਇਸ ਸਮਾਗਮ ਦਾ ਉਦਘਾਟਨ ਮੁੱਖ ਮਹਿਮਾਨ ਅਮਰਜੀਤ ਸਿੰਘ ਬਾਜਵਾ, ਚੇਅਰਮੈਨ, ਸ਼ੈਮਰੌਕ ਸਕੂਲਸ ਗਰੁੱਪ ਨੇ ਕੀਤਾ। ਇਸ ਮੌਕੇ ਉਨ੍ਹਾਂ ਉੱਤਮਤਾ ਤੇ ਨਵੀਨਤਾ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਸਕੂਲ ਦੀ ਪ੍ਰਸ਼ੰਸਾ ਕੀਤੀ।ਸਕੂਲ ਪ੍ਰਿੰਸੀਪਲ ਚੇਤਨ ਬਾਂਸਲ ਨੇ ਸਮਾਗਮ ਵਿਚ ਆਏ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ। ਸਮਾਗਮ ਦੇ ਪਹਿਲੇ ਦਿਨ ਨੇ ਆਸ਼ੀਰਵਾਦ ਦੀ ਮੰਗ ਨੂੰ ਦਰਸਾਉਂਦੇ ਹੋਏ ਰਵਾਇਤੀ ਗਣੇਸ਼ ਵੰਦਨਾ ਤੇ ਦੀਪਕ ਰੋਸ਼ਨੀ ਦੀ ਰਸਮ ਨਾਲ ਸ਼ੁਰੂਆਤ ਕੀਤੀ ਅਤੇ ਪ੍ਰਦਰਸ਼ਨਾਂ ਦੀ ਇੱਕ ਮਨਮੋਹਕ ਲਾਈਨਅੱਪ ਦਾ ਪ੍ਰਦਰਸ਼ਨ ਕੀਤਾ। ਸਮਾਗਮ ਵਿਚ ਸਾਰੇ ਗ੍ਰੇਡਾਂ ਦੇ ਵਿਦਿਆਰਥੀਆਂ ਨੇ ਸੱਭਿਆਚਾਰਕ, ਸਮਾਜਿਕ ਤੇ ਕਲਾਤਮਕ ਪ੍ਰਦਰਸ਼ਨਾਂ ਦਾ ਮਿਸ਼ਰਣ ਪੇਸ਼ ਕਰਦੇ ਹੋਏ ਉਤਸ਼ਾਹ ਨਾਲ ਭਾਗ ਲਿਆ।ਹਾਈਲਾਈਟਸ ਵਿਚ ਗ੍ਰੇਡ 8 ਦੁਆਰਾ ਸੁਰੀਲੀ ਮੇਰੀ ਪਿਆਰੀ ਅੰਮੀ, ਗ੍ਰੇਡ 8 ਦੁਆਰਾ ਸਸ਼ਕਤੀਕਰਨ ਜੈਤੂ ਜੈਤੂ ਭਾਰਤ ਅਤੇ ਗ੍ਰੇਡ 11 ਦੁਆਰਾ ਸਮਾਜਿਕ ਤੌਰ 'ਤੇ ਪ੍ਰਭਾਵਸ਼ਾਲੀ ਕੈਂਸਰ ਜਾਗਰੂਕਤਾ ਨਾਟਕ ਪੇਸ਼ ਕੀਤੇ। ਭੰਗੜਾ ਰੀਮਿਕਸ ਤੇ ਛਮ-ਛਮ ਵਰਗੇ ਜੋਸ਼ੀਲੇ ਨਾਚਾਂ ਨੇ ਸਟੇਜ 'ਤੇ ਧੂਮਾਂ ਪਾ ਦਿੱਤੀਆਂ।ਗ੍ਰੇਡ 5 ਦੁਆਰਾ ਸਾਈਬਰ ਸੇਫਟੀ ਪਲੇ ਅਤੇ ਸੀਨੀਅਰ ਵਿਦਿਆਰਥੀਆਂ ਦੁਆਰਾ ਇੱਕ ਆਰਕੈਸਟਰਾ ਵਰਗੀਆਂ ਵਿਸ਼ੇਸ਼ ਪੇਸ਼ਕਾਰੀਆਂ ਨੇ ਦਰਸ਼ਕਾਂ ਨੂੰ ਮੋਹ ਲਿਆ। ਦਿਨ ਦੀ ਸਮਾਪਤੀ ਵਿਦਿਆਰਥੀ ਨੁਮਾਇੰਦਿਆਂ ਵਲੋਂ ਮੁੱਖ ਮਹਿਮਾਨ ਤੇ ਹਾਜ਼ਰੀਨ ਦਾ ਧੰਨਵਾਦ ਕਰਦੇ ਹੋਏ ਕੀਤੀ ਗਈ। ਸਮਾਗਮ ਨੇ ਆਉਣ ਵਾਲੇ ਦਿਨਾਂ ਲਈ ਇੱਕ ਪ੍ਰੇਰਨਾਦਾਇਕ, ਸੰਪੂਰਨ ਵਿਕਾਸ ਅਤੇ ਰਚਨਾਤਮਕ ਪ੍ਰਗਟਾਵੇ ਦਾ ਜਸ਼ਨ ਮਨਾਉਂਦਿਆਂ ਨਵਾਂ ਮਾਹੌਲ ਸਿਰਜਿਆ।

ਫ਼ਿਲਮਕਾਰ ਇਕਬਾਲ ਗੱਜਣ ਪੰਜਾਬੀ ਵੈਬ ਸੀਰੀਜ 'ਚੌਂਕੀਦਾਰ' ਲੈ ਕੇ ਲੋਕਾਂ ਦੇ ਕਚਹਿਰੀ 'ਚ ਹੋਏ ਹਾਜ਼ਰ

ਨਾਟਕਾਂ ਦਾ ਅਯੋਜਨ ਕਰਕੇ ਲੋਕਾਂ ਨੂੰ ਉਹਨਾਂ ਦੇ ਹੱਕਾਂ ਪ੍ਰਤੀ ਕੀਤਾ ਜਾ ਸਕਦਾ ਜਾਗਰੂਕ: ਇਕਬਾਲ ਗੱਜਣ

ਆਜ਼ਾਦ ਸੋਚ
ਸੁਖਰਾਜ ਸਿੰਘ
ਨਵੀਂ ਦਿੱਲੀ, 7 ਦਸੰਬਰ

ਸਾਰਥਿਕ ਪੰਜਾਬੀ ਰੰਗਮੰਚ ਦੀ ਸਿਰਮੌਰ ਸ਼ਖਸੀਅਤ ਅਤੇ ਪੰਜਾਬੀ ਫੀਚਰ ਫਿਲਮ 'ਪਗੜੀ ਸੰਭਾਲ ਜੱਟਾ' ਦੇ ਹੀਰੋ ਇਕਬਾਲ ਗੱਜਣ ਲੰਮੇ ਸਮੇਂ ਬਾਅਦ ਆਪਣਾ ਨਵਾਂ ਪਰੋਜੈਕਟ ਪੰਜਾਬੀ ਵੈਬ ਸੀਰੀਜ 'ਚੌਂਕੀਦਾਰ' ਲੈ ਕੇ ਹਾਜ਼ਰ ਹੋਏ ਹਨ।ਫਿਲਮ ਨਗਰੀ ਮੁੰਬਈ 'ਚ ਕਾਫੀ ਸਰਗਰਮ ਰਹੇ ਫਿਲਮਕਾਰ ਇਕਬਾਲ ਗੱਜਣ ਸਮਾਜਵਾਦੀ ਅਤੇ ਮਾਨਵਵਾਦੀ ਵਿਚਾਰਧਾਰਾ ਦੇ ਇਕ ਅਜਿਹੇ ਕ੍ਰਾਂਤੀਕਾਰੀ ਤੇ ਉਘੇ ਰੰਗਕਰਮੀ ਹਨ, ਜਿਨ੍ਹਾਂ ਦੀ ਹਮੇਸ਼ਾਂ ਇੱਛਾ ਰਹੀ ਹੈ ਕਿ ਜਿਵੇਂ ਕਿਵੇਂ ਵੀ ਹੋ ਸਕੇ ਕਲਾ ਦਾ ਮੁੱਖ ਪ੍ਰਯੋਜਨ ਸਮਾਜਕ ਭਲਾਈ ਹੋਣਾ ਚਾਹੀਦਾ ਹੈ।ਵੈਬ ਸੀਰੀਜ 'ਚੌਂਕੀਦਾਰ' ਰਾਹੀਂ ਗੱਜਣ ਨੇ ਅਜੋਕੇ ਪੰਜਾਬ ਦੇ ਸਮਾਜਕ ਹਾਲਾਤਾਂ ਉਪਰ ਚਾਨਣਾ ਪਾਉਂਦੇ ਹੋਏ ਸਮਾਜ ਦੇ ਪੱਛੜੇ ਲੋਕਾਂ ਦਾ ਦੁੱਖ ਦਰਦ ਬਿਆਨ ਕੀਤਾ ਅਤੇ ਮੌਜੂਦਾ ਭ੍ਰਿਸ਼ਟ ਸਿਸਟਮ ਨੂੰ ਦੋਸ਼ੀ ਕਰਾਰ ਦਿੱਤਾ ਹੈ। ਪੰਜਾਬੀ ਰੰਗਮੰਚ ਦੀਆਂ ਸਿਰਮੌਰ ਸ਼ਖਸੀਅਤਾਂ ਗੁਰਸ਼ਰਨ ਭਾਅ ਜੀ ਤੇ ਹਰਪਾਲ ਟਿਵਾਣਾ ਨਾਲ ਲੰਮਾ ਸਮਾਂ ਕੰਮ ਕਰ ਚੁੱਕੇ ਇਕਬਾਲ ਗੱਜਣ ਆਪਣੇ ਗਰੁੱਪ ਆਜ਼ਾਦ ਕਲਾ ਮੰਚ ਰਾਹੀਂ ਜਗ ?ਹਾਂ-ਜਗ ?ਹਾਂ ਨਾਟਕਾਂ ਦਾ ਆਯੋਜਨ ਕਰਕੇ, ਮਾਨਵਤਾ ਦੇ ਕੌਮਾਤਰੀ ਫਲਸਫੇ ਇਨਸ਼ਾਨੀਅਤ ਜ਼ਿੰਦਾਬਾਦ ਸੈਤਾਨੀਅਤ ਮੁਰਦਾਬਾਦ ਦੇ ਪ੍ਰਚਾਰ-ਪ੍ਰਸਾਰ ਲਈ ਯਤਨਸ਼ੀਲ ਹਨ।ਗੱਜਣ ਦਾ ਕਹਿਣਾ ਹੈ ਕਿ ਪਰੰਪਰਿਕ ਕਲਾ ਨਾਟਕ: ਇਕ ਅਜਿਹੀ ਕਲਾ ਹੈ, ਜਿਸ ਦਾ ਪ੍ਰਭਾਵ ਚਿਰ ਸਥਾਈ ਅਤੇ ਸੰਦੇਸ਼ ਬੜਾ ਹੀ ਉਤੇਜਕ ਹੁੰਦਾ ਹੈ।ਇਸੇ ਕਰਕੇ ਗੁਰਸ਼ਰਨ ਵਲੋਂ ਪਿੰਡਾਂ ਵਿੱਚ ਆਰੰਭ ਕੀਤੀ ਨਾਟਕ ਲਹਿਰ, ਲੋਕ ਲਹਿਰ ਦਾ ਰੂਪ ਧਾਰਨ ਕਰ ਗਈ ਸੀ ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਆਈ ਕਰੋਨਾ ਮਹਾਂਮਾਰੀ ਨੇ ਪੰਜਾਬੀ ਰੰਗਮੰਚ ਨਾਟਕ ਕਲਾ ਨੂੰ ਆਪਣੀ ਸੁਭਾਵਿਕ ਚਾਲ ਤੋਂ ਬਹੁਤ ਪਛਾੜ ਕੇ ਰੱਖ ਦਿੱਤਾ।ਜਦਕਿ ਸਦੀਵੀ ਵਿਛੋੜਾ ਦੇ ਚੁੱਕੇ ਭਾਈ ਮੰਨਾ, ਆਦਰਨੀਯ ਨਾਟਕਕਾਰ ਗੁਰਸ਼ਰਨ ਸਿੰਘ ਦੇ ਸਮੇਂ ਇਸ ਕਲਾ ਵੱਲ ਆਮ ਲੋਕਾਂ ਦਾ ਆਕਰਸ਼ਣ ਬਹੁਤ ਵਧਿਆ ਸੀ।ਦਰਅਸਲ ਇਹ ਕਲਾ ਆਰੰਭ ਤੋਂ ਹੀ ਮਨੋਰੰਜਨ ਦੇ ਨਾਲ-ਨਾਲ ਪੰਜਾਬੀਆਂ ਦੇ ਮਨਾਂ 'ਚ ਕਰਾਂਤੀ ਦੀ ਜੋਤ ਵੀ ਜਗਾਉਂਦੀ ਆ ਰਹੀ ਹੈ।ਪਿੰਡਾਂ 'ਚ ਨਵੀਆਂ ਚੁਣੀਆਂ ਪੰਚਾਇਤਾਂ ਨੂੰ ਅਪੀਲ ਕਰਦਿਆਂ ਫਿਲਮਕਾਰ ਗੱਜਣ ਨੇ ਕਿਹਾ ਕਿ ਇਸ ਪਾਸੇ ਪੰਚਾਇਤਾਂ ਨੂੰ ਜ਼ਰਾ ਧਿਆਨ ਦੇਣਾ ਚਾਹੀਦਾ ਹੈ। ਪਿੰਡਾਂ 'ਚ ਵੱਧ ਤੋਂ ਵੱਧ ਚੰਗੇ ਨਾਟਕਾਂ ਦਾ ਅਯੋਜਨ ਕਰਕੇ ਜਿਥੇ ਗਲੀ-ਗਲੀ ਇਨਕਲਾਬੀ ਚੇਤਨਾਂ ਤੇ ਲੋਕਾਂ ਨੂੰ ਉਹਨਾਂ ਦੇ ਹੱਕਾਂ ਪ੍ਰਤੀ ਜਾਗਰੂਕ ਕੀਤਾ ਜਾ ਸਕਦਾ ਹੈ, ਉੱਥੇ ਨਵੀਂ ਪੀੜੀ ਦੇ ਨੌਜਵਾਨਾਂ ਨੂੰ ਵੀ ਗੈਂਗਸਟਰ ਕਲਚਰ, ਨਸ਼ਿਆਂ ਦੀ ਦਲਦਲ, ਆਯਾਸੀ, ਵਿਭਚਾਰ ਤੇ ਹੋਰ ਸਮਾਜਾਕ ਬੁਰਾਈਆਂ ਤੋਂ ਬਚਾਇਆ ਜਾ ਸਕਦਾ ਹੈ।ਵਰਨਣਯੋਗ ਹੈ ਕਿ ਵੈਬ ਸੀਰੀਜ 'ਚੌਂਕੀਦਾਰ' ਵਿਚ ਇਕਬਾਲ ਗੱਜਣ ਤੋਂ ਇਲਾਵਾ ਰਮਾ ਕੌਮਲ, ਕਰਮਜੀਤ ਕੌਰ, ਮਦਨ ਮੱਦੀ, ਖੁਸ਼ੀ ਗੱਜਣ, ਗੌਰਵ, ਸਾਗਰ ਬਿੰਦਰਾ, ਮਨਦੀਪ ਸ਼ਿੰਘ ਸਿੱਧੂ, ਕਿਰਨਪ੍ਰੀਤ ਕੌਰ ਤੇ ਗਗਨਦੀਪ ਸਿੰਘ ਗੁਰਾਇਆ ਵੱਲੋਂ ਵੀ ਬਾਖੂਬੀ ਕਿਰਦਾਰ ਨਿਭਾਏ ਗਏ ਹਨ ਅਤੇ ਗੀਤ ਸੰਗੀਤ ਰਵਿੰਦਰ ਕੌਰ ਰਵੀ, ਡਾ. ਜਗਮੇਲ ਭਾਠੂਆਂ, ਡੀ. ਗਿਲ ਸਾਹਿਲ ਸਟਾਰ, ਹਰਮੀਤ ਜੱਸੀ, ਸਾਹਬੀ ਸੰਘਾ, ਲਖਵਿੰਦਰ ਲਾਭ ਵਲੋਂ ਤਿਆਰ ਕੀਤਾ ਗਿਆ ਹੈ।

ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਨੇ ਜ਼ਿਲ੍ਹੇ ਅੰਦਰ 100 ਦਿਨਾਂ ਦੀ ਟੀਬੀ ਵਿਰੋਧੀ ਮੁਹਿੰਮ ਦੀ ਕੀਤੀ ਸ਼ੁਰੂਆਤ

ਮੁਹਿੰਮ ਦੌਰਾਨ ਵਿਦਿਆਰਥੀਆਂ ਨੂੰ ਵੀ ਟੀਬੀ ਸਬੰਧੀ ਕੀਤਾ ਜਾਵੇਗਾ ਜਾਗਰੂਕ - ਸਿਵਲ ਸਰਜਨ

ਆਜ਼ਾਦ ਸੋਚ
ਜੇ ਐਸ ਖੰਨਾ/ਜਤਿੰਦਰ ਕੁਮਾਰ
ਫਤਿਹਗੜ੍ਹ ਸਾਹਿਬ , 7 ਦਸੰਬਰ

ਸੂਬੇ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ, ਡਾ. ਬਲਬੀਰ ਸਿੰਘ ਤੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਡਾ. ਹਿਤਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਹਤ ਵਿਭਾਗ ਵੱਲੋਂ ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਦੀ ਅਗਵਾਈ ਹੇਠ ਜ਼ਿਲ੍ਹੇ ਵਿੱਚ ਅੱਜ 7 ਦਸੰਬਰ ਤੋਂ ਅਗਲੇ 100 ਦਿਨਾਂ ਲਈ ÷ਟੀਬੀ ਮੁਕਤ ਭਾਰਤ ਮੁਹਿੰਮ÷ ਚਲਾਈ ਜਾ ਰਹੀ ਹੈ । ਜ਼ਿਲਾ ਹਸਪਤਾਲ ਤੋਂ ਇਸ ਮੁਹਿੰਮ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਡਾ. ਦਵਿੰਦਰਜੀਤ ਕੌਰ ਨੇ ਦੱਸਿਆ ਕਿ ਭਾਰਤ ਸਰਕਾਰ ਦੁਆਰਾ 100 ਦਿਨਾਂ ਦੇ ÷ਟੀਬੀ ਮੁਕਤ ਭਾਰਤ ਅਭਿਆਨ ÷ ਦੌਰਾਨ ਟੀਬੀ ਦੀ ਜਾਂਚ ਅਤੇ ਇਲਾਜ ਮੁਫਤ ਉਪਲਬਧ ਕਰਵਾਇਆ ਜਾਵੇਗਾ ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਘਰ ਘਰ ਜਾ ਕੇ ਟੀਬੀ ਦੇ ਲੱਛਣਾਂ ਵਾਲੇ ਸ਼ੱਕੀ ਮਰੀਜ਼ਾਂ ਨੂੰ ਲੱਭ ਕੇ ਉਹਨਾਂ ਦੇ ਮੁਫਤ ਲੋੜੀਂਦੇ ਲੈਬਾਰਟਰੀ ਟੈਸਟ ਅਤੇ ਥੁੱਕ ਦੀ ਜਾਂਚ ਕੀਤੀ ਜਾਵੇਗੀ ਅਤੇ ਮਰੀਜ਼ ਦੀ ਜਾਂਚ ਰਿਪੋਰਟ ਪੋਜੇਟਿਵ ਆਉਣ ਤੇ ਉਸ ਦਾ ਮੁੱਫਤ ਇਲਾਜ ਕੀਤਾ ਜਾਵੇਗਾ। ਉਹਨਾਂ ਇਹ ਵੀ ਦੱਸਿਆ ਕਿ ਇਸ ਮੁਹਿੰਮ ਦੌਰਾਨ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਟੀਬੀ ਦੀ ਬਿਮਾਰੀ ਸਬੰਧੀ ਜਾਗਰੂਕ ਕੀਤਾ ਜਾਊਗਾ । ਉਹਨਾਂ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਮਕਸਦ ਸਮਾਜ ਵਿੱਚੋਂ ਟੀਬੀ ਨੂੰ ਜੜ ਤੋਂ ਖਤਮ ਕਰਨਾ ਹੈ। ਸੀਨੀਅਰ ਮੈਡੀਕਲ ਅਫਸਰ ਡਾ. ਕੰਵਲਦੀਪ ਸਿੰਘ ਅਤੇ ਟੀਬੀ ਦੇ ਨੋਡਲ ਅਫਸਰ ਡਾ. ਦਮਨਜੀਤ ਕੌਰ ਨੇ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਇਲਾਜ ਕਰਾਉਣ ਦੇ ਬਾਵਜੂਦ ਵੀ ਦੋ ਹਫਤਿਆਂ ਤੋਂ ਲਗਾਤਾਰ ਖਾਂਸੀ ਨਾ ਠੀਕ ਹੋ ਰਹੀ ਹੋਵੇ, ਭੁੱਖ ਨਾ ਲੱਗਦੀ ਹੋਵੇ, ਭਾਰ ਲਗਾਤਾਰ ਘਟ ਰਿਹਾ ਹੋਵੇ, ਬਲਗਮ ਵਾਲੀ ਖਾਂਸੀ ਅਤੇ ਖਾਂਸੀ ਵਿੱਚ ਖੂਨ ਦਾ ਆਉਣਾ ਅਜਿਹੇ ਲੱਛਣ ਦਿਖਾਈ ਦੇਣ ਤਾਂ ਤੁਰੰਤ ਸਰਕਾਰੀ ਹਸਪਤਾਲ ਵਿੱਚ ਉਸ ਨੂੰ ਮੁਫਤ ਜਾਂਚ ਕਰਵਾਉਣੀ ਚਾਹੀਦੀ ਹੈ ।ਉਹਨਾਂ ਜਿਲਾ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਚਲਾਈ ਜਾ ਰਹੀ ਇਸ ਟੀਬੀ ਵਿਰੋਧੀ ਮੁਹਿੰਮ ਵਿੱਚ ਵੱਧ ਚੜ ਕੇ ਹਿੱਸਾ ਲੈਣ। ਇਸ ਮੌਕੇ ਤੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਸਰਿਤਾ, ਜਿਲਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਬਲਜਿੰਦਰ ਸਿੰਘ, ਗੁਰਦੀਪ ਸਿੰਘ ਜਸਵਿੰਦਰ ਕੌਰ, ਦਲਜੀਤ ਕੌਰ, ਅਕਵਿੰਦਰ ਕੌਰ ,ਪਰਮਜੀਤ ਸਿੰਘ, ਜਗਦੀਪ ਸਿੰਘ ਆਦਿ ਹਾਜ਼ਰ ਸਨ।

ਸ਼੍ਰੀ ਬਾਂਕੇ ਬਿਹਾਰੀ ਮੰਦਿਰ ਵਿੱਚ ਸ਼੍ਰੀਮਦ ਭਾਗਵਤ ਕਥਾ ਦਾ ਆਯੋਜਨ

ਆਜ਼ਾਦ ਸੋਚ
ਜਗਵਿੰਦਰ ਸਿੰਘ
ਖਰੜ , 7 ਦਸੰਬਰ

ਰਾਧੇ-ਰਾਧੇ ਮੰਡਲੀ ਆਨੰਦ ਨਗਰ ਖਰੜ ਵੱਲੋਂ ਗੋਪਾਲ ਮਾਤਾ ਅੰਬਿਕਾ ਦੇਵੀ ਮੰਦਿਰ ਵਿਖੇ ਸ਼੍ਰੀ ਬਾਂਕੇ ਬਿਹਾਰੀ ਮੰਦਿਰ ਵਿੱਚ ਸ਼੍ਰੀਮਦ ਭਾਗਵਤ ਕਥਾ ਦਾ ਆਯੋਜਨ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ ਸੁਖਬੀਰ ਰਾਣਾ ਨੇ ਦੱਸਿਆ ਕਿ ਸਮਾਗਮ 3 ਦਸੰਬਰ ਤੋਂ ਸ਼ੁਰੂ ਹੋਇਆ ਸੀ ਜੋ 9 ਦਸੰਬਰ ਤੱਕ ਚੱਲੇਗਾ। ਇਸ ਮੌਕੇ ਅਚਾਰੀਆ ਗੰਗੇਸ਼ਵਰ ਸ਼ਰਮਾ ਨੇ ਪ੍ਰਵਚਨ ਕੀਤਾ ਕਿ ਸਤਿਸੰਗ ਸੇਵਾ ਦਾ ਜੀਵਨ ਵਿਚ ਵਿਸ਼ੇਸ਼ ਮਹੱਤਵ ਹੈ। ਇਹ ਸਾਨੂੰ ਸੱਚੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਦਾ ਹੈ ਅਤੇ ਅਧਿਆਤਮਿਕ ਤਰੱਕੀ ਲਈ ਰਾਹ ਪੱਧਰਾ ਕਰਦਾ ਹੈ। ਸਤਿਸੰਗ ਵਿਅਕਤੀ ਦੇ ਮਨ ਨੂੰ ਸ਼ੁੱਧ ਕਰਦਾ ਹੈ, ਉਸ ਨੂੰ ਚੰਗੇ ਕੰਮਾਂ ਵੱਲ ਝੁਕਾਉਂਦਾ ਹੈ ਅਤੇ ਜੀਵਨ ਦੇ ਉਦੇਸ਼ ਨੂੰ ਸਮਝਣ ਵਿਚ ਮਦਦ ਕਰਦਾ ਹੈ। ਇਹ ਗਿਆਨ ਅਤੇ ਸ਼ਾਂਤੀ ਦਾ ਸਾਧਨ ਹੈ। ਸੱਚੀ ਭਗਤੀ ਤੋਂ ਬਿਨਾਂ ਪਰਮਾਤਮਾ ਦੀ ਪ੍ਰਾਪਤੀ ਅਸੰਭਵ ਹੈ ਕਿਉਂਕਿ ਪ੍ਰੇਮ ਆਤਮਾ ਅਤੇ ਪਰਮਾਤਮਾ ਦੇ ਮਿਲਾਪ ਦਾ ਮਾਧਿਅਮ ਹੈ। ਹੋਰ ਨਸਲਾਂ ਦੇ ਮੁਕਾਬਲੇ ਮਨੁੱਖ ਨੂੰ ਬੁੱਧੀ, ਗਿਆਨ ਅਤੇ ਅਧਿਆਤਮਿਕ ਅਭਿਆਸ ਦਾ ਅਧਿਕਾਰ ਪ੍ਰਾਪਤ ਹੋਇਆ ਹੈ। ਜੀਵਨ ਦਾ ਮੁੱਖ ਉਦੇਸ਼ ਪਰਮਾਤਮਾ ਦੀ ਖੋਜ ਕਰਨਾ, ਸੱਚ ਦਾ ਪਿੱਛਾ ਕਰਨਾ ਅਤੇ ਆਤਮਾ ਨੂੰ ਪਰਮਾਤਮਾ ਨਾਲ ਜੋੜਨਾ ਹੈ। ਇਸ ਨੂੰ ਬਰਬਾਦ ਨਹੀਂ ਕਰਨਾ ਚਾਹੀਦਾ ਅਤੇ ਸ਼ਰਧਾ ਅਤੇ ਸੇਵਾ ਲਈ ਵਰਤਿਆ ਜਾਣਾ ਚਾਹੀਦਾ ਹੈ। ਇਸ ਮੌਕੇ ਸ਼ਰਧਾਲੂਆਂ ਨੇ ਪ੍ਰੇਮ ਸਤਿਕਾਰ ਨਾਲ ਕਥਾ ਸੁਣੀ। ਇਸ ਮੌਕੇ ਮੰਡਲੀ ਦੇ ਮੈਂਬਰ ਅਤੇ ਹੋਰ ਸੇਵਾਦਾਰ ਮੌਜੂਦ ਸਨ।

ਪਾਵਰ ਲਿਫਟਿੰਗ ਮੁਕਾਬਲਿਆਂ ਚ ਛਾਏ ਕਿਸ਼ੋਰੀ ਲਾਲ ਜੇਠੀ ਸਕੂਲ ਆਫ ਐਮੀਨੈਂਸ ਖੰਨਾ ਦੇ ਵਿਦਿਆਰਥੀ

ਸ਼ਿਵਾਨੀ,ਜਸਪ੍ਰੀਤ ਕੌਰ ਅਤੇ ਮਨਵੀਰ ਸਿੰਘ ਨੇ ਜਿੱਤੇ ਸੋਨੇ ਅਤੇ ਕਾਂਸੇ ਦੇ ਤਗਮੇ

ਆਜ਼ਾਦ ਸੋਚ
ਜੇ ਐਸ ਖੰਨਾ/ਜਤਿੰਦਰ ਕੁਮਾਰ
ਖੰਨਾ , 7 ਦਸੰਬਰ

ਪ੍ਰਿੰਸੀਪਲ ਰਜੇਸ਼ ਕੁਮਾਰ ਫੁੱਲ ਦੀ ਅਗਵਾਈ ਵਿੱਚ ਇਲਾਕੇ ਦੀਆਂ ਵਿਦਿਅਕ ਸੰਸਥਾਵਾਂ ਵਿੱਚੋਂ ਉੱਤਮ ਸੇਵਾਵਾਂ ਪ੍ਰਦਾਨ ਕਰ ਰਹੀ ਵਿਦਿਅਕ ਸੰਸਥਾ ਕਿਸ਼ੋਰੀ ਲਾਲ ਜੇਠੀ ਸਕੂਲ ਆਫ ਐਮੀਨੈਂਸ ਨੇ ਜਿੱਥੇ ਪੜ੍ਹਾਈ ਵਿੱਚ ਵੱਡੀਆਂ ਪੁਲਾਂਘਾ ਪੁੱਟੀਆਂ ਹਨ ਉੱਥੇ ਖੇਡਾਂ ਵਿੱਚ ਵੀ ਆਪਣਾ ਨਾਮ ਵੱਡੇ ਪੱਧਰ 'ਤੇ ਚਮਕਾਇਆ ਹੈ। ਪ੍ਰਿੰਸੀਪਲ ਰਜੇਸ਼ ਕੁਮਾਰ ਫੁੱਲ ਦੀ ਅਗਵਾਈ ਹੇਠ ਡਬਲਯੂਪੀਸੀ ਪੰਜਾਬ ਸਟੇਟ ਪਾਵਰ ਲਿਫਟਿੰਗ ਐਸੋਸੀਏਸ਼ਨ ਦੁਆਰਾ ਆਯੋਜਿਤ ਮੁਕਾਬਲਿਆਂ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਦੋ ਸੋਨੇ ਅਤੇ ਇੱਕ ਕਾਂਸੀ ਦਾ ਤਗਮਾ ਜਿੱਤ ਕੇ ਸਕੂਲ ਅਤੇ ਇਲਾਕੇ ਦਾ ਨਾਂ ਰੋਸ਼ਨ ਕੀਤਾ। ਗਿਆਰਵੀਂ ਜਮਾਤ ਦੀਆਂ ਦੋ ਵਿਦਿਆਰਥਣਾਂ ਸ਼ਿਵਾਨੀ ਅਤੇ ਜਸਪ੍ਰੀਤ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਅੰਡਰ 17 ਕੈਟੇਗਰੀ ਵਿੱਚ ਭਾਗ ਲੈ ਕੇ ਸੋਨੇ ਦੇ ਤਗਮੇ ਜਿੱਤੇ ਅਤੇ ਮਨਵੀਰ ਸਿੰਘ ਨੇ ਕਾਂਸੀ ਦਾ ਤਗਮਾ ਜਿੱਤਿਆ। ਪ੍ਰਿੰਸੀਪਲ ਰਜੇਸ਼ ਕੁਮਾਰ ਫੁਲ ਨੇ ਇਨ੍ਹਾਂ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕਰਦੇ ਹੋਏ ਕਿਹਾ ਕਿ ਇਹ ਜਿੱਤ ਇਹਨਾਂ ਵਿਦਿਆਰਥੀਆਂ ਦੀ ਮਿਹਨਤ ਅਤੇ ਸੰਘਰਸ਼ ਦਾ ਨਤੀਜਾ ਹੈ। ਅੱਜ ਸਕੂਲ ਪਹੁੰਚਣ ਤੇ ਇਨ੍ਹਾਂ ਵਿਦਿਆਰਥੀਆਂ ਨੂੰ ਸਕੂਲ ਦੇ ਪ੍ਰਿੰਸੀਪਲ ਅਤੇ ਸਮੂਹ ਸਟਾਫ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ ਭਵਿੱਖ ਲਈ ਅਗਲੇ ਪੱਧਰ ਦੇ ਮੁਕਾਬਲਿਆਂ ਵਿੱਚ ਹੋਰ ਵਧੀਆ ਪ੍ਰਦਰਸ਼ਨ ਕਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਤੇ ਸ਼੍ਰੀਮਤੀ ਸੰਧਿਆ ਕਪੂਰ, ਸ਼੍ਰੀਮਤੀ ਗਗਨਦੀਪ, ਸ਼੍ਰੀਮਤੀ ਰਮਨਦੀਪ ਕੌਰ, ਸ਼੍ਰੀਮਤੀ ਅਮਨਜੋਤ ਕੌਰ, ਸ਼੍ਰੀਮਤੀ ਕੁਲਵੀਰ ਕੌਰ, ਸ਼੍ਰੀਮਤੀ ਰਮਨਦੀਪ ਕੌਰ, ਸਰਦਾਰ ਸੁਖਦੇਵ ਸਿੰਘ, ਸ਼੍ਰੀ ਰਵਿੰਦਰ ਕੁਮਾਰ, ਸ਼ ?ਰੀ ਦੀਪਕ ਕੁਮਾਰ, ਸ਼੍ਰੀ ਜਸਵਿੰਦਰ ਕੁਮਾਰ ਤੋਂ ਇਲਾਵਾ ਸਮੁੱਚਾ ਸਟਾਫ ਮੌਜੂਦ ਸੀ।

ਮਾਨਵ ਮੰਗਲ ਸਟਾਰਟ ਵਰਲਡ ਦੀ ਨੌਂਵੀਂ ਜਮਾਤ ਦੀ ਵਿਦਿਆਰਥੀ ਨਿਤਿਆ ਨੂੰ ਇੰਟੈਲ ਕਾਰਪੋਰੇਸ਼ਨ ਵੱਲੋਂ ਏਆਈ ਪ੍ਰੋਜੈਕਟਾਂ ਲਈ ਚੁਣਿਆ

ਆਜ਼ਾਦ ਸੋਚ
ਅਵਤਾਰ ਸੈਣੀ/ਜ਼ੀਰਕਪੁਰ, 7 ਦਸੰਬਰ

ਸੀ.ਬੀ.ਐਸ.ਈ.ਵੱਲੋਂ ਦੇਸ਼ ਭਰ ਵਿੱਚ 9ਵੀਂ ਅਤੇ 10ਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਬਾਰੇ ਜਾਗਰੂਕ ਕਰਨ ਲਈ ਆਨਲਾਈਨ ਪ੍ਰੀਖਿਆ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਜ਼ੀਰਕਪੁਰ ਦੇ ਪਿੰਡ ਨਗਲਾ ਵਿੱਚ ਸਥਿਤ ਮਾਨਵ ਮੰਗਲ ਸਮਾਰਟ ਸਕੂਲ ਦੇ 25 ਵਿਦਿਆਰਥੀਆਂ ਨੇ ਭਾਗ ਲਿਆ ਇਸ ਪ੍ਰੀਖਿਆ ਦਾ ਆਯੋਜਨ ਆਨਲਾਈਨ ਕੀਤਾ ਗਿਆ ਸੀ, ਜਿਸ ਵਿੱਚ ਭਾਗ ਲੈਣ ਵਾਲਿਆਂ ਵਿਦਿਆਰਥੀਆਂ ਨੇ ਵਿਭਾਗ ਵੱਲੋਂ ਲਈ ਗਈ ਪ੍ਰੀਖਿਆ ਦਿੱਤੀ। ਦੂਜੇ ਪਾਸੇ ਸੀ.ਬੀ.ਐਸ.ਈ. ਇੰਟੈੱਲ ਕਾਰਪੋਰੇਸ਼ਨ ਵੱਲੋਂ ਆਰਟੀਫੀਸ਼ੀਅਲ ਇੰਟੈਲੀਜੈਂਸ 'ਤੇ ਲਈ ਗਈ ਪ੍ਰੀਖਿਆ 'ਚ ਸਕੂਲ ਦੇ ਸਾਰੇ 25 ਵਿਦਿਆਰਥੀਆਂ ਨੂੰ ਪ੍ਰਸ਼ੰਸਾ ਪੱਤਰ ਜਾਰੀ ਕੀਤੇ ਗਏ, ਜਿਸ 'ਚ ਨਿਤਿਆ ਸਭਰਵਾਲ ਨਾਮਕ ਵਿਦਿਆਰਥੀ ਨੂੰ ਪ੍ਰੀਖਿਆ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ 'ਤੇ ਇੰਟੈੱਲ ਕਾਰਪੋਰੇਸ਼ਨ ਨਾਮਕ ਆਈ.ਟੀ. ਕੰਪਨੀ ਵੱਲੋਂ ਨੌਕਰੀ ਲਈ ਆਫਰ ਲੈਟਰ ਜਾਰੀ ਕੀਤਾ ਗਿਆ ਹੈ।ਇਸ ਮੌਕੇ ਬੋਲਦੇ ਹੋਏ ਸਕੂਲ ਦੀ ਪ੍ਰਿੰਸੀਪਲ ਅਨੀਲਾ ਕਿੰਦਰ ਨੇ ਕਿਹਾ ਕਿ ਸਾਨੂੰ ਨਿਤਿਆ ਦੀ ਪ੍ਰਾਪਤੀ 'ਤੇ ਬਹੁਤ ਮਾਣ ਹੈ। ਉਸ ਦੀ ਚੋਣ ਉਸ ਦੀ ਅਕਾਦਮਿਕ ਅਤੇ ਤਕਨੀਕੀ ਯਾਤਰਾ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਸਾਬਿਤ ਹੋਵੇਗੀ ਹੈ। ਉਨ੍ਹਾਂ ਕਿਹਾ ਕਿ ਨਿਤਿਆ ਹੋਰ ਵਿਦਿਆਰਥੀਆਂ ਲਈ ਵੀ ਇੱਕ ਪ੍ਰੇਰਣਾ ਦਾ ਸਰੋਤ ਬਣੇਗੀ।

ਜਥੇਦਾਰ ਕੁਲਵੰਤ ਸਿੰਘ ਮੰਨਣ ਨੇ ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਦੀ ਕੀਤੀ ਨਿੰਦਾ

ਨਵੀਂ ਦਿੱਲੀ, 7 ਦਸੰਬਰ (ਸੁਖਰਾਜ ਸਿੰਘ): ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਧਾਰਮਿਕ ਸਜ਼ਾ ਤਹਿਤ ਲੱਗੀ ਸੇਵਾ ਅਨੁਸਾਰ ਸਚਖੰਡ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਮੁੱਖ ਗੇਟ ਤੇ ਸੇਵਾ ਨਿਭਾਅ ਰਹੇ ਸ. ਸੁਖਬੀਰ ਸਿੰਘ ਬਾਦਲ ਤੇ ਹੋਏ ਜਾਨਲੇਵਾ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਜਥੇਦਾਰ ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਵਿਖੇ ਚੋਬਦਾਰ ਦੀ ਸੇਵਾ ਨਿਭਾਅ ਰਹੇ ਸ. ਸੁਖਬੀਰ ਸਿੰਘ ਬਾਦਲ ▼ਤੇ ਇਹ ਹਮਲਾ ਸਚਖੰਡ ਸ੍ਰੀ ਦਰਬਾਰ ਸਾਹਿਬ ਦੇ ਸੇਵਾਦਾਰ ਤੇ ਹਮਲਾ ਕਰਨ ਦੇ ਤੁਲ ਹੈ ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਜੀ ਦਾ ਕੋਟਿਨ ਕੋਟਿ ਸ਼ੁਕਰਾਨਾ ਹੈ ਜਿਨ੍ਹਾਂ ਨੇ ਆਪਣੇ ਦਰ ਤੇ ਨਿਮਾਣੇ ਸਿੱਖ ਵਜੋਂ ਸੇਵਾ ਨਿਭਾਅ ਰਹੇ ਸੁਖਬੀਰ ਸਿੰਘ ਬਾਦਲ ਤੇ ਹੋਰ ਦਰਸ਼ਨ ਦੀਦਾਰੇ ਕਰਨ ਲਈ ਆਈਆਂ ਸੰਗਤਾਂ ਨੂੰ ਆਪ ਹੱਥ ਦੇ ਕੇ ਰੱਖਿਆ ਹੈ।ਜਥੇਦਾਰ ਮੰਨਣ ਨੇ ਕਿਹਾ ਕਿ ਪੰਜਾਬ ਦੀ ਕਨੂੰਨ ਵਿਵਸਥਾ ਬੁਰੀ ਤਰਾਂ ਫੇਲ੍ਹ ਹੋ ਚੁੱਕੀ ਹੈ, ਜਿਸ ਲਈ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਤੁਰੰਤ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ ਉਨ੍ਹਾਂ ਕਿਹਾ ਕਿ ਇਸ ਸਾਰੀ ਘਟਨਾ ਦੀ ਜੁਡੀਸ਼ਲ ਜਾਂਚ ਹੋਵੇ ਤੇ ਮੁੜ ਪੰਜਾਬ ਨੂੰ ਅੱਗ ਦਾ ਲਾਂਬੂ ਲਗਾਉਣ ਦੀ ਸਾਜ਼ਿਸ਼ ਰਚਨ ਵਾਲਿਆਂ ਨੂੰ ਸਾਹਮਣੇ ਲਿਆਂਦਾ ਜਾਵੇ।

ਰੋਟਰੀ ਕਲੱਬ ਵੱਲੋਂ ਕਿਸ਼ੋਰ ਲੜਕੀਆਂ ਦੀ ਸਿਹਤ ਸੰਭਾਲ ਸਬੰਧੀ ਜਾਗਰੂਕਤਾ ਕੈਂਪ



ਆਜ਼ਾਦ ਸੋਚ
ਜਗਵਿੰਦਰ ਸਿੰਘ
ਖਰੜ , 7 ਦਸੰਬਰ

ਰੋਟਰੀ ਕਲੱਬ ਖਰੜ ਵੱਲੋਂ ਪ੍ਰਧਾਨ ਰੋਟੇਰੀਅਨ ਗੁਰਪ੍ਰੀਤ ਸਿੰਘ ਦੀ ਅਗਵਾਈ ਹੇਠ ਆਰੀਆ ਸਕੂਲ ਖਰੜ ਵਿਖੇ ਲੜਕੀਆਂ ਦੀ ਕਿਸ਼ੋਰ ਸਿਹਤ ਦੀ ਸੰਭਾਲ ਬਾਰੇ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਗਾਇਨੀ ਡਾ. ਰਿੰਮੀ ਸਿੰਗਲਾ ਮਹਿਮਾਨ ਦੇ ਤੌਰ ਤੇ ਪਹੁੰਚੇ ਅਤੇ ਉਨ੍ਹਾਂ ਲੜਕੀਆਂ ਨੂੰ ਕਿਸ਼ੋਰ ਅਵਸਥਾ ਚ ਸਿਹਤ, ਸਫਾਈ ਅਤੇ ਖੁਰਾਕ ਬਾਰੇ ਭਰਪੂਰ ਜਾਣਕਾਰੀ ਦਿੱਤੀ ।

ਕੈਂਪ ਦੇ ਚੇਅਰਮੈਨ ਰੋਟੇਰੀਅਨ ਪੱਲਵੀ ਮਿਸ਼ਰਾ ਨੇ ਡਾਕਟਰਾਂ , ਸਟਾਫ਼ ਅਤੇ ਆਰੀਆ ਸਕੂਲ ਦੀ ਪ੍ਰਿੰਸੀਪਲ ਰੇਣੂ ਦਾ ਸਮਾਗਮ ਲਈ ਸਹਿਯੋਗ ਖਾਤਰ ਧੰਨਵਾਦ ਕੀਤਾ। ਇਸ ਮੌਕੇ ਪਰਮਿੰਦਰ ਸਿੰਘ ਸੈਣੀ, ਬਲਜਿੰਦਰ ਸਿੰਘ, ਰੋਟੇਰੀਅਨ ਐਸ.ਪੀ ਸਾਰਸਵਤ, ਰੋਟੇਰੀਅਨ ਵਿਕਾਸ ਸ਼ੁਕਲਾ ਅਤੇ ਹੋਰ ਵੀ ਹਾਜ਼ਰ ਸਨ।

ਜੇਕਰ ਢਿੱਲੋਂ ਆਪਣੀ ਹਉਮੈਂ ਤਿਆਗ ਕੇ ਲੀਡਰਸ਼ਿਪ ਨੂੰ ਨਾਲ ਲੈ ਕੇ ਚੱਲਦੇ ਤਾਂ ਬਰਨਾਲਾ ਸੀਟ ਤੇ ਖਿੜ੍ਹ ਸਕਦਾ ਸੀ ਕਮਲ ਦਾ ਫੁੱਲ: ਸਿੱਧੂ

ਨਵੀਂ ਦਿੱਲੀ, 7 ਦਸੰਬਰ (ਸੁਖਰਾਜ ਸਿੰਘ): ਬਾਈ ਇਲੈਕਸ਼ਨ ਹੋਈਆਂ ਪੰਜਾਬ ਦੀਆਂ ਚਾਰ ਸੀਟਾਂ ਵਿੱਚੋਂ ਬਰਨਾਲਾ ਸੀਟ ਤੇ ਆਮ ਆਦਮੀ ਪਾਰਟੀ ਵਿੱਚ ਫੁੱਟ ਪੈਣ ਕਾਰਣ ਸਮੀਕਰਨ ਵੱਖਰੇ ਸਨ ਜੇਕਰ ਅੰਕੜਿਆਂ ਉੱਤੇ ਝਾਤ ਮਾਰੀਏ ਤਾਂ ਕੇਵਲ ਸਿੰਘ ਢਿੱਲੋਂ ਨੂੰ ਤਕਰੀਬਨ 28 ਹਜ਼ਾਰ ਵੋਟ ਪਈ ਹੈ। ਹਰਿਦਰ ਧਾਲੀਵਾਲ ਨੂੰ 26 ਹਜ਼ਾਰ ਵੋਟ ਪਈ ਹੈ ਅਤੇ ਕੇਵਲ ਸਿੰਘ ਢਿੱਲੋਂ ਨੂੰ ਤਕਰੀਬਨ 18 ਹਜ਼ਾਰ ਵੋਟ ਪਈ ਹੈ, ਫ਼ਰਕ ਸਿਰਫ਼ ਜਿੱਤਣ ਵਾਲੇ ਉਮੀਦਵਾਰ ਅਤੇ ਭਾਜਪਾ ਦੇ ਉਮੀਦਵਾਰ ਵਿੱਚ ਤਕਰੀਬਨ 10 ਹਜ਼ਾਰ ਵੋਟ ਦਾ ਹੀ ਸੀ, ਪ੍ਰੰਤੂ ਜੇਕਰ ਕੇਵਲ ਸਿੰਘ ਢਿੱਲੋਂ ਭਾਜਪਾ ਦੀ ਲੋਕਲ ਲੀਡਰਸ਼ਿਪ ਨੂੰ ਨਾਲ ਲੈ ਕੇ ਚੱਲਦੇ ਤਾਂ ਸਾਇਦ ਪੰਜਾਬ ਵਿੱਚ ਆਪਣੇ ਬਲਬੂਤੇ ਤੇ ਭਾਜਪਾ ਵੱਲੋਂ ਪਹਿਲੀ ਵਾਰ ਸੀਟ ਜਿੱਤਣ ਵਾਲੇ ਸ. ਢਿੱਲੋਂ ਪਹਿਲੇ ਵਿਧਾਇਕ ਬਣਦੇ ਅਤੇ ਕਮਲ ਦਾ ਫੁੱਲ ਜਰੂਰ ਖਿੜਦਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਭਾਜਪਾ ਦੇ ਹਲਕਾ ਭਦੌੜ ਦੇ ਇੰਚਾਰਜ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਨੇ ਪ੍ਰਗਟ ਕੀਤੇ।ਕੈਪਟਨ ਸਿੱਧੂ ਨੇ ਕਿਹਾ ਕਿ ਢਿੱਲੋਂ ਸਾਹਿਬ ਨੇ ਚੋਣਾਂ ਦੌਰਾਨ ਲੋਕਲ ਨੇਤਾਵਾਂ ਵਿਚ ਭਾਜਪਾ ਦੇ ਵੱਡੇ ਆਗੂ ਹਰਜੀਤ ਸਿੰਘ ਗਰੇਵਾਲ, ਅਰਵਿੰਦ ਖੰਨਾ ਜਿਨ੍ਹਾਂ ਨੇ ਪਿੱਛਲੀ ਲੋਕ ਸਭਾ ਚੋਣ ਦੌਰਾਨ ਬਰਨਾਲਾ ਸੀਟ ਤੋਂ ਤਕਰੀਬਨ 20 ਹਜ਼ਾਰ ਵੋਟ ਹਾਸਲ ਕੀਤੀ ਸੀ, ਜੱਥੇਦਾਰ ਸੁਖਵੰਤ ਸਿੰਘ ਧਨੌਲਾ ਸੀਨੀਅਰ ਭਾਜਪਾ ਆਗੂ ਦਰਸ਼ਨ ਸਿੰਘ ਨੈਣੇਵਾਲ ਸੂਬਾ ਪ੍ਰਧਾਨ ਭਾਜਪਾ ਕਿਸਾਨ ਮੋਰਚਾ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਭਾਜਪਾ ਹਲਕਾ ਇੰਚਾਰਜ ਭਦੌੜ ਗੁਰਮੀਤ ਸਿੰਘ ਬਾਵਾ ਸਾਬਕਾ ਜਿਲਾ ਪ੍ਰਧਾਨ ਭਾਜਪਾ ਗੁਰਦਰਸ਼ਨ ਬਰਾੜ ਹਰਿਦਰ ਸਿੱਧੂ ਪਰਵੀਨ ਬਾਂਸਲ ਧੀਰਜ ਕੁਮਾਰ ਦੱਧਾਹੂਰ ਹਲਕਾ ਇੰਚਾਰਜ ਬਰਨਾਲਾ ਆਦਿ ਦੇ ਨਾਮ ਜਿਕਰਯੋਗ ਹਨ, ਜਿਨ੍ਹਾਂ ਨੂੰ ਕੇਵਲ ਸਿੰਘ ਢਿੱਲੋਂ ਨੇ ਆਪਣੀ ਨਿੱਜੀ ਟੀਮ ਦੀ ਸਲਾਹ ਤੇ ਮੁਕੰਮਲ ਤੌਰ ਤੇ ਅੱਖੋ ਪਰੋਖੇ ਕੀਤਾ, ਨਹੀਂ ਤਾਂ ਇਨ੍ਹਾਂ ਲੋਕਲ ਲੀਡਰਾਂ ਦੀ ਮੱਦਦ ਨਾਲ ਸੀਟ ਜਿੱਤਣ ਲਈ ਲੋੜੀਂਦੀ 5-6 ਹਜਾਰ ਵੋਟ ਹੋਰ ਲੈਣੀ ਕੋਈ ਵੱਡੀ ਗੱਲ ਨਹੀਂ ਸੀ।

ਕੇਂਦਰ ਵੱਲੋਂ ਮੰਡੀਕਰਨ ਬੋਰਡ ਦਾ ਰੋਕਿਆ ਪੈਸਾ ਮਿਲਣ 'ਤੇ ਹੋਵੇਗਾ ਲਿੰਕ ਸੜਕਾਂ ਦਾ ਕੰਮ : ਡਾ. ਚੰਨੀ

ਵਿਧਾਇਕ ਵੱਲੋਂ ਪਿੰਡ ਨਿਆਮੀਆਂ ਦੇ ਟੋਭੇ ਦੇ ਨਵੀਨੀਕਰਨ ਕੰਮ ਦਾ ਉਦਘਾਟਨ

ਆਜ਼ਾਦ ਸੋਚ
ਜਗਵਿੰਦਰ ਸਿੰਘ
ਖਰੜ , 7 ਦਸੰਬਰ

ਹਲਕਾ ਸ੍ਰੀ ਚਮਕੌਰ ਸਾਹਿਬ ਤੋਂ ਵਿਧਾਇਕ ਡਾ. ਚਰਨਜੀਤ ਸਿੰਘ ਚੰਨੀ ਵੱਲੋਂ ਪਿੰਡ ਨਿਆਮੀਆਂ ਦੇ ਟੋਭੇ ਦੇ ਨਵੀਨੀਕਰਨ ਦੇ ਕੰਮ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਪਿੰਡ ਦੇ ਸਰਪੰਚ ਅਤੇ ਪੰਚਾਇਤ ਮੈਂਬਰਾਂ ਵੱਲੋਂ ਵਿਧਾਇਕ ਦਾ ਸਵਾਗਤ ਕੀਤਾ ਗਿਆ। ਗੱਲਬਾਤ ਕਰਦਿਆਂ ਵਿਧਾਇਕ ਨੇ ਦੱਸਿਆ ਕਰੀਬ 30 ਲੱਖ ਦੀ ਲਾਗਤ ਨਾਲ ਪਿੰਡ ਦੇ ਟੋਭੇ ਦਾ ਨਵੀਨੀਕਰਨ ਹੋਣਾ ਹੈ । ਨਵੀਂ ਚੁਣੀ ਪੰਚਾਇਤ ਨੂੰ ਵਧਾਈ ਦਿੰਦਿਆਂ ਉਹਨਾਂ ਕਿਹਾ ਕਿ ਪਿੰਡ ਨੂੰ ਹੋਰ ਵੀ ਗਰਾਂਟ ਦੀ ਜਰੂਰਤ ਹੋਵੇਗੀ ਤਾਂ ਦਿੱਤੀ ਜਾਵੇਗੀ । ਲਿੰਕ ਸੜਕਾਂ ਦੀ ਖਸਤਾ ਹਾਲਤ ਬਾਰੇ ਪੁੱਛੇ ਸਵਾਲ ਦੇ ਜੁਆਬ ਦਿੰਦਿਆਂ ਉਹਨਾਂ ਕਿਹਾ ਕਿ ਕੇਂਦਰ ਸਰਕਾਰ ਨੇ ਸੂਬੇ ਦੇ ਮੰਡੀਕਰਨ ਬੋਰਡ ਦਾ ਕਰੀਬ 8- 9 ਹਜਾਰ ਕਰੋੜ ਰੁਪਇਆ ਰੋਕਿਆ ਹੋਇਆ ਹੈ। ਜਿਸ ਸਬੰਧੀ ਸਰਕਾਰ ਨੇ ਅਦਾਲਤ ਵਿੱਚ ਕੇਸ ਵੀ ਪਾਇਆ ਹੋਇਆ ਹੈ ।ਉਹਨਾਂ ਆਸ ਪ੍ਰਗਟਾਈ ਕਿ ਇੱਕ ਅੱਧੇ ਮਹੀਨੇ ਵਿੱਚ ਇਹ ਫੰਡ ਰਿਲੀਜ਼ ਹੋ ਜਾਣਗੇ ਅਤੇ ਸੜਕਾਂ ਦੀ ਦਸ਼ਾ ਸਰਕਾਰ ਵੱਲੋਂ ਸੁਧਾਰੀ ਜਾਵੇਗੀ।

ਉਹਨਾਂ ਕਿਹਾ ਕਿ ਲੰਘੇ 75 ਸਾਲਾਂ ਦੌਰਾਨ ਰਹੀਆਂ ਸਰਕਾਰਾਂ ਨੇ ਸੂਬੇ ਅੰਦਰ ਗਲੀਆਂ ਨਾਲੀਆਂ ਤੋਂ ਸੇਵਾ ਕੋਈ ਕੰਮ ਨਹੀਂ ਕੀਤਾ ਹੁਣ ਆਪ ਸਰਕਾਰ ਵੱਲੋਂ ਵੱਡੇ ਪੱਧਰ ਤੇ ਵਿਕਾਸ ਕੀਤਾ ਜਾ ਰਿਹਾ ਹੈ। ਇਸ ਮੌਕੇ ਪਿੰਡ ਵਾਸੀਆਂ ਨੇ ਵਿਧਾਇਕ ਨੂੰ ਮੰਗ ਪੱਤਰ ਦਿੰਦਿਆਂ ਪਿੰਡ ਦੀ ਸੀਵਰੇਜ਼ ਦੀ ਸਮੱਸਿਆ ਨੂੰ ਹੱਲ ਕਰਵਾਉਣ, ਪਿੰਡ ਦੀ ਚੜ੍ਹਦੀ ਸਾਈਡ ਪੋਪਨਾ-ਚੋਲਟਾ ਖੁਰਦ ਲਿੰਕ ਰੋਡ ਨੂੰ ਲੱਗਣ ਵਾਲੇ ਡੇਢ ਕਿਲੋਮੀਟਰ ਦੇ ਕੱਚੇ ਰਸਤੇ ਨੂੰ ਪੱਕਾ ਕਰਾਉਣ, ਪਿੰਡ ਦੀ ਫਿਰਨੀ ਦੀ ਰਿਪੇਅਰ ਅਤੇ ਬਰਮਾਂ ਤੇ ਇੰਟਰਲਾਕ ਟਾਈਲਾਂ ਅਤੇ 40 ਦੇ ਕਰੀਬ ਸੋਲਰ ਸਟਰੀਟ ਲਾਈਟਾਂ ਲਗਵਾਉਣ, ਸਰਕਾਰੀ ਪਸ਼ੂ ਡਿਸਪੈਸਰੀ ਚੋਲ੍ਹਟਾ ਕਲਾਂ ਦੇ ਵੈਟਰਨਰੀ ਡਾਕਟਰ ਦੀ ਹਫਤੇ ਵਿੱਚ ਤਿੰਨ ਦਿਨ ਡਿਊਟੀ ਪਿੰਡ ਨਿਆਮੀਆਂ ਵਿੱਚ ਲਗਾਉਣ ਦੀ ਮੰਗ ਕੀਤੀ ਹੈ। ਇਸ ਮੌਕੇ ਬੀਡੀਪੀਓ ਮਹਿਕਮੀਤ ਸਿੰਘ, ਪੰਚਾਇਤ ਸੈਕਟਰੀ ਰਾਣੀ ਗੋਇਲ, ਪ੍ਰਭਜੋਤ ਕੌਰ ਸਰਪੰਚ, ਜਸਪਾਲ ਸਿੰਘ ਨਿਆਮੀਆਂ ਜਰਨਲ ਸਕੱਤਰ ਭਾਕਿਯੂ ਲੱਖੋਵਾਲ , ਵਿਧਾਇਕ ਦੇ ਸਿਆਸੀ ਸਕੱਤਰ ਜਗਤਾਰ ਸਿੰਘ ਘੜੂੰਆਂ, ਬਲਵਿੰਦਰ ਕੌਰ ਪੰਚ , ਬਹਾਦਰ ਸਿੰਘ ਪੰਚ, ਤਜਿੰਦਰ ਕੌਰ ਪੰਚ, ਜਸਪਾਲ ਸਿੰਘ ਪੰਚ , ਤੇਜ ਕੌਰ ਨੰਬਰਦਾਰ, ਅਵਤਾਰ ਸਿੰਘ ਸਾਬਕਾ ਸਰਪੰਚ, ਪਵਿੱਤਰ ਸਿੰਘ, ਦਵਿੰਦਰ ਸਿੰਘ, ਸਵਰਨ ਸਿੰਘ ਅਤੇ ਹੋਰ ਪਿੰਡ ਵਾਸੀ ਮੌਜੂਦ ਸਨ ।

ਖਰੜ ਪਹੁੰਚਣ 'ਤੇ ਸੀਸ ਮਾਰਗ ਯਾਤਰਾ ਦਾ ਭਰਵਾਂ ਸੁਆਗਤ ; ਭਾਜਪਾ ਆਗੂਆਂ ਵੱਲੋਂ ਫੁੱਲਾਂ ਦੀ ਵਰਖਾ

ਆਜ਼ਾਦ ਸੋਚ
ਜਗਵਿੰਦਰ ਸਿੰਘ
ਖਰੜ , 7 ਦਸੰਬਰ

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਧੰਨ ਧੰਨ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 14ਵਾਂ ਵਿਸ਼ਾਲ ਨਗਰ ਕੀਰਤਨ ਸੀਸ ਮਾਰਗ ਯਾਤਰਾ ਗੁਰਦੁਆਰਾ ਸੀਸ ਗੰਜ ਸਾਹਿਬ ਚਾਂਦਨੀ ਚੌਂਕ ਦਿੱਲੀ ਤੋਂ ਚੱਲ ਕਰਕੇ ਖਰੜ ਪਹੁੰਚੀ।

ਸੀਸ ਮਾਰਗ ਯਾਤਰਾ ਇਥੇ ਪਹੁੰਚਣ ਤੇ ਡੇਰਾ ਬਾਬਾ ਮੰਗਲਨਾਥ ਪ੍ਰਾਚੀਨ ਮਾਤਾ ਅੰਬਿਕਾ ਦੇਵੀ ਮੰਦਿਰ ਲਾਂਡਰਾ ਰੋਡ ਖਰੜ ਵਿਖੇ ਯੋਗੀ ਰਾਮ ਨਾਥ ਅਤੇ ਭਾਜਪਾ ਆਗੂਆਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਭਰਵਾਂ ਸਵਾਗਤ ਕੀਤਾ ਗਿਆ। ਭਾਜਪਾ ਸੂਬਾ ਸਹਿ ਖਚਾਨਚੀ ਸੁਖੀਵੰਦਰ ਸਿੰਘ ਗੋਲਡੀ, ਵਿਧਾਨ ਸਭਾ ਹਲਕਾ ਖਰੜ ਇੰਚਾਰਜ ਕਮਲਦੀਪ ਸੈਣੀ, ਸੀਨੀਅਰ ਭਾਜਪਾ ਆਗੂ ਨਰਿੰਦਰ ਰਾਣਾ, ਭਾਜਪਾ ਜਿਲਾ ਮੋਹਾਲੀ ਸੀ.ਮੀਤ ਪ੍ਰਧਾਨ ਪਵਨ ਮਨੋਚਾ, ਮੰਡਲ-1 ਪ੍ਰਧਾਨ ਅਮਰੀਕ ਹੈਪੀ, ਮੰਡਲ 2 ਪ੍ਰਧਾਨ ਸੁਭਾਸ਼ ਅਗਰਵਾਲ, ਮੰਡਲ -3 ਪ੍ਰਧਾਨ ਸੁਖਬੀਰ ਰਾਣਾ, ਦਵਿੰਦਰ ਸਿੰਘ ਵੱਲੋਂ ਪੰਜ ਪਿਆਰਿਆਂ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ। ਇਸ ਮੌਕੇ ਸੰਗਤਾਂ ਲਈ ਚਾਹ ਬਿਸਕੁਟਾਂ ਦਾ ਲੰਗਰ ਵੀ ਲਗਾਇਆ ਗਿਆ।

ਖਟਕੜ ਕਲਾਂ ਵਿੱਚ ਬਣਾਈ ਜਾਵੇਗੀ ਹੈਰੀਟੇਜ ਸਟਰੀਟ : ਤਰੁਨਪ੍ਰੀਤ ਸੌਂਦ

ਹੈਰੀਟੇਜ ਸਿਟੀ ਆਫ ਅੰਮ੍ਰਿਤਸਰ ਨੂੰ ਮਿਲਿਆ ਪੰਜਾਬ ਟੂਰਿਜ਼ਮ ਡੈਸਟੀਨੇਸ਼ਨ ਆਫ ਦਿ ਈਅਰ ਐਵਾਰਡ

ਆਜ਼ਾਦ ਸੋਚ
ਤਰੁਣ ਮਹਿਰਾ /ਅੰਮ੍ਰਿਤਸਰ, 7 ਦਸੰਬਰ

ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਸ਼ਹੀਦ ਭਗਤ ਸਿੰਘ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਸੂਬੇ ਵਿੱਚ ਕਈ ਭਲਾਈ ਸਕੀਮਾਂ ਲਾਗੂ ਕਰ ਰਹੀ ਹੈ। ਹੁਣ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿੱਚ ਹੈਰੀਟੇਜ ਸਟ ?ਰੀਟ ਬਣਾਈ ਜਾਵੇਗੀ। ਜਿੱਥੇ ਆਉਣ ਵਾਲੇ ਸੈਲਾਨੀਆਂ ਨੂੰ ਸ਼ਹੀਦਾਂ ਦੀਆਂ ਕੁਰਬਾਨੀਆਂ ਬਾਰੇ ਪਤਾ ਲੱਗ ਸਕੇਗਾ।

ਤਰੁਨਪ੍ਰੀਤ ਸੌਂਦ ਇੱਥੇ ਪੀਐਚਡੀ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਵੱਲੋਂ ਕਰਵਾਏ ਜਾ ਰਹੇ 18ਵੇਂ ਪੰਜਾਬ ਇੰਟਰਨੈਸ਼ਨਲ ਟਰੇਡ ਐਕਸਪੋ ਪਾਈਟੈਕਸ ਦੌਰਾਨ ਪਹਿਲੀ ਵਾਰ ਆਯੋਜਿਤ ਕੀਤੇ ਗਏ ਪੰਜਾਬ ਟੂਰਿਜ਼ਮ ਐਵਾਰਡ ਪ੍ਰੋਗਰਾਮ ਦੌਰਾਨ ਭਾਗ ਲੈਣ ਵਾਲਿਆਂ ਨੂੰ ਸਨਮਾਨਿਤ ਕਰਨ ਉਪਰੰਤ ਸੰਬੋਧਨ ਕਰ ਰਹੇ ਸਨ।

ਇਸ ਮੌਕੇ ਪੰਜਾਬ ਟੂਰਿਜ਼ਮ ਡੈਸਟੀਨੇਸ਼ਨ ਆਫ ਦਿ ਈਅਰ 2024 ਦਾ ਐਵਾਰਡ ਹੈਰੀਟੇਜ ਸਿਟੀ ਆਫ ਅੰਮ੍ਰਿਤਸਰ ਨੂੰ ਦਿੱਤਾ ਗਿਆ, ਜਦੋਂ ਕਿ ਬੈਸਟ ਫਾਰਮ ਟੂਰਿਸਟ ਰਿਜ਼ੋਰਟ ਦਾ ਐਵਾਰਡ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਹੰਸਾਲੀ ਫਾਰਮ ਨੂੰ ਅਤੇ ਬੈਸਟ ਟੂਰਿਜ਼ਮ ਸਟਾਰਟਅੱਪ ਐਵਾਰਡ ਵਿਕਟੋਰੀਅਨ ਐਲੀਗੈਂਸ ਅਤੇ ਬੈਸਟ ਵੂਮੈਨ ਐਂਟਰਪ੍ਰੀਨਿਊਰ ਐਵਾਰਡ ਨੇਹਾ ਸਿੰਘ ਨੂੰ ਦਿੱਤਾ ਗਿਆ।

ਇਸ ਮੌਕੇ ਤਰੁਨਪ੍ਰੀਤ ਸੌਂਦ ਨੇ ਕਿਹਾ ਕਿ ਖਟਕੜ ਕਲਾਂ ਵਿੱਚ ਹੈਰੀਟੇਜ਼ ਸਿਟੀ ਬਣਨ ਨਾਲ ਖਟਕੜ ਦੀ ਅੰਤਰਰਾਸ਼ਟਰੀ ਪ੍ਰਸਿੱਧੀ ਵਿੱਚ ਵਾਧਾ ਹੋਵੇਗਾ। ਕੈਬਨਿਟ ਮੰਤਰੀ ਨੇ ਭਾਗੀਦਾਰਾਂ ਦੀ ਹੌਂਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਖੇਤੀਬਾੜੀ, ਪੇਂਡੂ ਅਤੇ ਖੇਤੀ ਸੈਰ ਸਪਾਟੇ ਨੂੰ ਵੱਡੇ ਪੱਧਰ 'ਤੇ ਵਿਕਸਤ ਕਰਨ ਲਈ ਠੋਸ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਖੇਤੀ ਸੈਰ ਸਪਾਟਾ ਜਿੱਥੇ ਸਥਾਨਕ ਆਰਥਿਕਤਾ ਨੂੰ ਮਜ਼ਬੂਤ ? ?ਕਰਨ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਵਿੱਚ ਲਾਹੇਵੰਦ ਸਾਬਤ ਹੋ ਰਿਹਾ ਹੈ, ਉੱਥੇ ਹੀ ਸੈਰ-ਸਪਾਟੇ ਦੇ ਨਵੇਂ ਮੌਕੇ ਵੀ ਪੈਦਾ ਹੋ ਰਹੇ ਹਨ।

ਇਸ ਮੌਕੇ ਬੋਲਦਿਆਂ ਪੀਐਚਡੀਸੀਸੀਆਈ ਦੇ ਸੀਈਓ ਅਤੇ ਜਨਰਲ ਸਕੱਤਰ ਡਾ. ਰਣਜੀਤ ਮਹਿਤਾ ਨੇ ਕਿਹਾ ਕਿ ਚੈਂਬਰ ਦਾ ਇਹ ਉਪਰਾਲਾ ਹੈ ਕਿ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਪੰਜਾਬ ਦੇ ਵਿਰਸੇ ਅਤੇ ਸੱਭਿਆਚਾਰ ਨੂੰ ਦੇਸ਼ ਭਰ ਵਿੱਚ ਪ੍ਰਫੁੱਲਤ ਕੀਤਾ ਜਾਵੇ। ਪੰਜਾਬ ਦੇ ਹੋਟਲ ਉਦਯੋਗ ਅਤੇ ਪਿੰਡਾਂ ਦੇ ਸੈਰ-ਸਪਾਟੇ ਨੂੰ ਇਸ ਪ੍ਰੋਗਰਾਮ ਰਾਹੀਂ ਪਹਿਚਾਣ ਦਿਵਾਉਣ ਦਾ ਉਪਰਾਲਾ ਕੀਤਾ ਗਿਆ ਹੈ। ਚੈਂਬਰ ਦੇ ਉਪ ਸਕੱਤਰ ਜਨਰਲ ਨਵੀਨ ਸੇਠ ਨੇ ਦੱਸਿਆ ਕਿ ਇੱਥੇ 27 ਵੱਖ-ਵੱਖ ਸ਼੍ਰੇਣੀਆਂ ਲਈ ਸੈਰ ਸਪਾਟਾ ਪੁਰਸਕਾਰ ਦਿੱਤੇ ਗਏ ਹਨ।ਜਿਸ ਲਈ ਪਹਿਲੇ ਪੜਾਅ ਵਿੱਚ 130 ਅਰਜ਼ੀਆਂ ਪ੍ਰਾਪਤ ਹੋਈਆਂ ਸਨ। ਇਸ ਤੋਂ ਬਾਅਦ, ਉਨ੍ਹਾਂ ਦੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਗਈ ਅਤੇ ਫਿਰ ਜ਼ਮੀਨ 'ਤੇ ਉਨ੍ਹਾਂ ਦੇ ਦਾਅਵਿਆਂ ਦੀ ਜਾਂਚ ਕਰਨ ਲਈ ਇੱਕ ਜਿਊਰੀ ਦਾ ਗਠਨ ਕੀਤਾ ਗਿਆ। ਜਿਸ ਵਿੱਚ ਸੇਵਾਮੁਕਤ ਆਈਏਐਸ ਵਿਨੋਦ ਜਿਉਤਸ਼ੀ ਦੀ ਪ੍ਰਧਾਨਗੀ ਹੇਠ ਇੱਕ ਜਿਊਰੀ ਦਾ ਗਠਨ ਕੀਤਾ ਗਿਆ।

ਪੀਐਚਡੀਸੀਸੀਆਈ ਪੰਜਾਬ ਚੈਪਟਰ ਦੇ ਚੇਅਰ ਕਰਨ ਗਿਲਹੋਤਰਾ ਨੇ ਦੱਸਿਆ ਕਿ ਇਸ ਵਾਰ ਵਿਸ਼ਵ ਸੈਰ ਸਪਾਟਾ ਦਿਵਸ ਮੌਕੇ ਪਹਿਲੀ ਵਾਰ ਇਨ੍ਹਾਂ ਪੁਰਸਕਾਰਾਂ ਦਾ ਐਲਾਨ ਕੀਤਾ ਗਿਆ ਸੀ। ਜਿਸ ਵਿੱਚ ਪੰਜਾਬ ਦੇ ਹੋਟਲ ਅਤੇ ਸੈਰ ਸਪਾਟਾ ਉੱਦਮੀਆਂ ਨੇ ਵੱਧ ਚੜ੍ਹਕੇ ਹਿੱਸਾ ਲਿਆ ਹੈ। ਇਸ ਮੌਕੇ ਪੰਜਾਬ ਸੈਰ ਸਪਾਟਾ ਵਿਭਾਗ ਦੀ ਡਾਇਰੈਕਟਰ ਆਈਏਐਸ ਅੰਮ੍ਰਿਤਾ ਸਿੰਘ, ਪੀਐਚਡੀਸੀਸੀਆਈ ਟੂਰਿਜ਼ਮ ਐਂਡ ਹਾਸਪਿਟੈਲਿਟੀ ਕਮੇਟੀ ਦੇ ਚੇਅਰ ਨਿਸ਼ਚੈ ਬਹਿਲ, ਚੈਂਬਰ ਦੀ ਖੇਤਰੀ ਡਾਇਰੈਕਟਰ ਭਾਰਤੀ ਸੂਦ ਅਤੇ ਹੋਰ ਕਈ ਪਤਵੰਤੇ ਹਾਜ਼ਰ ਸਨ।

ਭਾਈ ਵੀਰ ਸਿੰਘ ਜੀ ਦਾ 152ਵਾਂ ਜਨਮ ਦਿਵਸ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

ਆਜ਼ਾਦ ਸੋਚ
ਸੁਖਰਾਜ ਸਿੰਘ
ਨਵੀਂ ਦਿੱਲੀ, 7 ਦਸੰਬਰ

ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਨੇ ਭਾਈ ਵੀਰ ਸਿੰਘ ਜੀ ਦਾ 152ਵਾਂ ਜਨਮ-ਦਿਵਸ ਸ਼ਰਧਾ ਤੇ ਉਤਸ਼ਾਹ ਸਹਿਤ ਮਨਾਇਆ। ਇਸ ਮੌਕੇ ਸਦਨ ਦੇ ਲਾਅਨ 'ਚ ਭਾਈ ਰੂਪ ਚੰਦ ਜੀ ਦੇ ਪਰਿਵਾਰ ਵਲੋਂ ਗੁਰੂ ਸਾਹਿਬਾਨ ਦੀਆਂ ਬਖ਼ਸ਼ੀਆਂ ਪਵਿੱਤਰ ਨਿਸ਼ਾਨੀਆਂ ਦੇ ਸੰਗਤਾਂ ਨੂੰ ਦਰਸ਼ਨ ਕਰਾਏ ਗਏ।ਇਨ੍ਹਾਂ ਨਿਸ਼ਾਨੀਆਂ ਵਿਚ ਸ਼ ?ਰੀ ਗੁਰੂ ਰਾਮਦਾਸ ਜੀ ਦਾ ਖੁੰਡਾ ਜਿਸ ਨਾਲ ਦਰਬਾਰ ਸਾਹਿਬ ਦੇ ਅੰਮ੍ਰਿਤ ਸਰਵਰ ਦੀ ਨਿਸ਼ਾਨਦੇਹੀ ਕੀਤੀ ਗਈ ਸੀ, ਕਰਤਾਰਪੁਰ ਦੀ ਜੰਗ ਵਿਚ ਵਰਤੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਢਾਲ, ਗੁਰੂ ਹਰਗੋਬਿੰਦ ਸਾਹਿਬ ਜੀ ਦਾ ਸੋਨੇ ਦੀ ਨੋਕ ਵਾਲਾ ਤੀਰ, ਮਾਤਾ ਗੁਜਰੀ ਜੀ ਦੀਆਂ ਖੜਾਵਾਂ, ਗੁਰੂ ਗੋਬਿੰਦ ਸਿੰਘ ਜੀ ਦੀ ਕਟਾਰ ਆਦਿ ਸ਼ਾਮਲ ਸਨ।ਨਾਲ ਹੀ ਸਦਨ ਵਲੋਂ ਲਾਈ 'ਰਬਾਬ ਤੋਂ ਨਗਾਰਾ' ਟਰਾਂਸ ਲਾਈਟ ਚਿੱਤਰ ਪ੍ਰਦਰਸ਼ਨੀ ਨੂੰ ਵੀ ਸਭ ਨੇ ਸਲਾਹਿਆ।ਪ੍ਰੋਗਰਾਮ ਦਾ ਆਰੰਭ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀਆਂ ਰਾਹੀਂ ਸਹਿਜ ਪਾਠ ਦੇ ਭੋਗ ਅਤੇ ਕੀਰਤਨ ਰਾਹੀਂ ਹੋਇਆ। ਉਪਰੰਤ ਬੀਬੀ ਤਰਨਜੀਤ ਕੌਰ ਤੇ ਤਮਨਪ੍ਰੀਤ ਕੌਰ ਨੇ ਭਾਈ ਸਾਹਿਬ ਦੀ ਕਵਿਤਾ ਦਾ ਗਾਇਨ ਕੀਤਾ ਅਤੇ ਬੀਬੀ ਤਜਿੰਦਰ ਕੌਰ ਧੀਰ ਨੇ ਭਾਈ ਸਾਹਿਬ ਦਾ ਸੰਦੇਸ਼ ਪੜ੍ਹ ਕੇ ਸੁਣਾਇਆ।ਇਸ ਤੋਂ ਬਾਅਦ ਉਘੇ ਕਥਾਕਾਰ ਭਾਈ ਹਰਪਾਲ ਸਿੰਘ ਨੇ ਕਥਾ ਕਰਦਿਆਂ ਗੁਰਬਾਣੀ

ਦੀ ਰੌਸ਼ਨੀ 'ਚ ਭਾਈ ਵੀਰ ਸਿੰਘ ਦੀ ਸਾਹਿਤਕ ਤੇ ਪੰਥਕ ਦੇਣ ਨੂੰ ਉਜਾਗਰ ਕੀਤਾ ਅਤੇ ਨਵੀਂ ਪੀੜ੍ਹੀ ਨੂੰ ਭਾਈ ਵੀਰ ਸਿੰਘ ਦੀਆਂ ਲਿਖਤਾਂ ਨਾਲ ਜੁੜਨ ਲਈ ਕਿਹਾ ਉਪਰੰਤ ਬੜੂ ਸਾਹਿਬ ਦੇ ਵਿਦਿਆਰਥੀਆਂ ਨੇ ਤੰਤੀ ਸਾਜ਼ਾਂ ਸਹਿਤ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਇਸ ਮੌਕੇ ਬੀਬੀ ਗੁਰਸ਼ਰਨ ਕੌਰ ਨੇ ਖਾਲਸਾ ਸਮਾਚਾਰ ਦਾ ਵਿਸ਼ੇਸ਼ ਅੰਕ ਰੀਲੀਜ਼ ਕੀਤਾ ਅਤੇ ਉਸ ਦੀ ਪਹਿਲੀ ਕਾਪੀ ਬੀਬੀ ਰਵਨੀਤ ਕੌਰ ਆਈ.ਏ.ਐਸ (ਚੇਅਰਪਰਸਨ, ਕੰਪੀਟੀਸ਼ਨ ਕਮਿਸ਼ਨ ਆਫ਼ ਇੰਡੀਆ ਨਵੀਂ ਦਿੱਲੀ) ਨੂੰ ਭੇਂਟ ਕੀਤੀ। ਬੀਬੀ ਰਵਨੀਤ ਕੌਰ ਨੇ ਸਦਨ ਦੀਆਂ ਪ੍ਰਕਾਸ਼ਨਾਵਾਂ ਨੂੰ ਰੀਲੀਜ਼ ਕੀਤਾ।ਉਹਨਾਂ ਆਪਣੇ ਸੰਬੋਧਨ 'ਚ ਭਾਈ ਵੀਰ ਸਿੰਘ ਨੂੰ ਅਕੀਦਤ ਭੇਂਟ ਕਰਦਿਆਂ ਪੰਜਾਬੀ ਭਾਸ਼ਾ ਅਤੇ ਸਾਹਿਤ ਪ੍ਰਤੀ ਉਹਨਾਂ ਦੀ ਦੇਣ ਨੂੰ ਉਜਾਗਰ ਕੀਤਾ।ਉਹਨਾਂ ਕਿਹਾ ਭਾਈ ਵੀਰ ਸਿੰਘ ਦੀਆਂ ਲਿਖਤਾਂ ਰਾਹੀਂ ਜਿਥੇ ਅਸੀਂ ਆਪਣੇ ਵਿਰਸੇ ਨਾਲ ਜੁੜਦੇ ਹਾਂ ਉਥੇ ਮਾਨਸਿਕ ਟਿਕਾਓ, ਸ਼ਾਂਤੀ ਅਤੇ ਵੈਰਾਗ ਵੀ ਹਾਸਲ ਕਰਦੇ ਹਾਂ ਜਿਸ ਦੀ ਕਿ ਅੱਜ ਦੀ ਦੌੜ-ਭੱਜ ਵਾਲੀ ਜ਼ਿੰਦਗੀ 'ਚ ਬੜੀ ਲੋੜ ਹੈ। ਉਹਨਾਂ ਡਾ. ਮਨਮੋਹਨ ਸਿੰਘ ਦੀ ਅਗਵਾਈ 'ਚ ਚੱਲ ਰਹੇ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਸਾਹਿਤਕ ਤੇ ਅਕਾਦਮਿਕ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਡਾ. ਨੀਲਮ ਕੌਰ ਨੇ 'ਭਾਈ ਵੀਰ ਸਿੰਘ ਅੰਤਰ-ਸਕੂਲ ਪੇਂਟਿੰਗ ਮੁਕਾਬਲੇ' ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਪ੍ਰਦਾਨ ਕੀਤੇ। ਬੀਬੀ ਗੁਰਸ਼ਰਨ ਕੌਰ ਨੇ ਦਿੱਲੀ ਯੂਨੀਵਰਸਿਟੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ 'ਭਾਈ ਵੀਰ ਸਿੰਘ ਗੋਲਡ ਮੈਡਲ' ਹਾਸਲ ਕਰਨ ਵਾਲੇ ਵਿਦਿਆਰਥੀਆਂ ਕੁਲਦੀਪ ਸਿੰਘ ਤੇ ਜਸਜੀਤ ਕੌਰ ਨੂੰ ਸਨਮਾਨ ਚਿੰਨ੍ਹ ਤੇ ਸਨਮਾਨ ਰਾਸ਼ੀ ਨਾਲ ਸਨਮਾਨਿਤ ਕੀਤਾ।

ਖੇਤੀਬਾੜੀ ਵਿਭਾਗ ਨੇ ਪਰਾਲੀ ਨੂੰ ਅੱਗ ਨਾ ਲਗਾਉਣ ਵਾਲੇ 46 ਕਿਸਾਨਾਂ ਨੂੰ ਕੀਤਾ ਸਨਮਾਨਤ

ਧਰਤੀ ਵਿੱਚ ਸੂਖਮ ਤੱਤਾਂ ਦੀ ਘਾਟ ਨੂੰ ਪੂਰਾ ਕਰਨਾ ਸਮੇਂ ਦੀ ਲੋੜ-ਮਨਰੀਤ ਰਾਣਾ

ਆਜ਼ਾਦ ਸੋਚ
ਸੁਨੀਲ ਵਰਮਾ
ਫ਼ਤਹਿਗੜ੍ਹ ਸਾਹਿਬ, 7 ਦਸੰਬਰ

ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੇ ਆਦੇਸ਼ਾਂ ਅਨੁਸਾਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਨੇ ਜ਼ਿਲ੍ਹੇ ਵਿੱਚ ਜ਼ੀਰੋ ਬਰਨਿੰਗ ਨੂੰ ਯਕੀਨੀ ਬਣਾਉਣ ਦੇ ਮੰਤਵ ਨਾਲ ਪਿੰਡ ਪੋਲੋ ਮਾਜਰਾ ਵਿਖੇ ਸੀ.ਆਈ.ਆਈ. ਫਾਊਂਡੇਸ਼ਨ ਦੇ ਸਹਿਯੋਗ ਨਾਲ ਪਰਾਲੀ ਨੂੰ ਅੱਗ ਨਾ ਲਗਾਉਣ ਵਾਲੇ 46 ਕਿਸਾਨਾਂ ਨੂੰ ਸਨਮਾਨਤ ਕੀਤਾ।

ਇਸ ਮੌਕੇ ਐਸ.ਡੀ.ਐਮ. ਖਮਾਣੋਂ ਸ਼ ?ਰੀਮਤੀ ਮਨਰੀਤ ਰਾਣਾ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਇਸ ਸਾਲ ਜ਼ੀਰੋ ਬਰਨਿੰਗ ਦਾ ਟੀਚਾ ਮਿਥਿਆ ਗਿਆ ਸੀ ਅਤੇ ਕਿਸਾਨਾਂ ਨੂੰ ਬਿਨਾਂ ਅੱਗ ਲਗਾਏ ਕਣਕ ਦੀ ਬਿਜਾਈ ਕਰਨ ਲਈ ਪ੍ਰੇਰਿਤ ਕੀਤਾ ਗਿਆ ਸੀ। ਜਿਸ ਦੇ ਨਤੀਜਿਆਂ ਵਜੋਂ ਜ਼ਿਲ੍ਹੇ ਵਿੱਚ ਇਸ ਸਾਲ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਵਿੱਚ ਕਮੀ ਆਈ ਹੈ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਨਾ ਲਗਾਉਣ ਵਾਲੇ ਅਗਾਂਹਵਧੂ ਕਿਸਾਨ ਜ਼ਿਲ੍ਹੇ ਦੇ ਹੋਰਨਾ ਕਿਸਾਨਾਂ ਲਈ ਪ੍ਰੇਰਨਾ ਸਰੋਤ ਹਨ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਥਾਂ ਉਸ ਨੂੰ ਖੇਤ ਵਿੱਚ ਹੀ ਵਾਹੁਣ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੁੰਦਾ ਹੈ ਅਤੇ ਵਾਤਾਵਰਣ ਵੀ ਪ੍ਰਦੂਸ਼ਣ

ਮੁਕਤ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਨਾ ਲਗਾਉਣ ਵਾਲੇ ਕਿਸਾਨਾਂ ਨੇ ਜੋ ਉਪਰਾਲਾ ਕੀਤਾ ਹੈ ਉਹ ਸ਼ਲਾਘਾਯੋਗ ਹੈ ਅਤੇ ਪ੍ਰਸ਼ਾਸ਼ਨ ਵੱਲੋਂ ਇਨ੍ਹਾਂ ਪਿੰਡਾਂ ਦੀਆਂ ਸਮੱਸਿਆਵਾਂ ਦਾ ਪਹਿਲ ਦੇ ਆਧਾਰ ਹੱਲ ਕੀਤਾ ਜਾਵੇਗਾ।

ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਡਾ: ਧਰਮਿੰਦਰਜੀਤ ਸਿੰਘ ਨੇ ਕਿਹਾ ਕਿ ਧਰਤੀ ਵਿੱਚ ਸੂਖਮ ਤੱਤਾਂ ਦੀ ਘਾਟ ਨੂੰ ਪੂਰਾ ਕਰਨਾ ਸਮੇਂ ਦੀ ਮੁੱਖ ਲੋੜ ਹੈ ਅਤੇ ਪਰਾਲੀ ਨੂੰ ਖੇਤ ਵਿੱਚ ਰਲਾ ਕੇ ਇਸ ਘਾਟ ਦੀ ਪੂਰਤੀ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਖੇਤ ਵਿੱਚ ਹੀ ਵਾਹੁਣ ਨਾਲ ਜਿਥੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਈ ਜਾ ਸਕਦੀ ਹੈ ਉਥੇ ਹੀ ਫਸਲ ਦੀ ਉਪਜ ਵਿੱਚ ਵੀ ਵਾਧਾ ਹੁੰਦਾ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਖਾਦਾਂ ਦੀ ਸੰਤੁਲਿਤ ਵਰਤੋਂ ਕਰਨ ਅਤੇ ਬੇਲੋੜੀਆਂ ਸਪਰੇਆਂ ਅਤੇ ਖਾਦਾਂ ਤੋਂ ਗੁਰੇਜ ਕਰਨ। ਖੇਤੀਬਾੜੀ ਅਫਸਰ ਖਮਾਣੋਂ ਡਾ: ਜਸਵਿੰਦਰ ਸਿੰਘ ਨੇ ਵਿਸ਼ਵ ਮਿੱਟੀ ਦਿਵਸ ਦੇ ਮੌਕੇ ਤੇ ਮਿੱਟੀ ਦੀ ਮਹੱਤਤਾ ਬਾਰੇ ਦੱਸਿਆ ਅਤੇ ਮਿੱਟੀ ਪਰਖ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਖਾਦਾਂ ਦੀ ਵਰਤੋਂ ਮਿੱਟੀ ਪਰਖ ਦੇ ਆਧਾਰ ਤੇ ਹੀ ਕਰਨੀ ਚਾਹੀਦੀ ਹੈ।

ਸੀ.ਆਈ. ਫਾਊਂਡੇਸ਼ਨ ਦੇ ਹਰਪ੍ਰੀਤ ਸਿੰਘ ਨੇ ਪਿੰਡ ਦੇ ਕਿਸਾਨਾਂ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਪ੍ਰਦੂਸ਼ਣ ਮੁਕਤ ਵਾਤਾਵਰਣ ਦੀ ਸਿਰਜਣਾ ਵਿੱਚ ਪਾਏ ਯੋਗਦਾਨ ਲਈ ਧੰਨਵਾਦ ਕੀਤਾ। ਇਸ ਮੌਕੇ ਪਿੰਡ ਦੇ ਕਿਸਾਨਾਂ ਨੇ ਪ੍ਰਸ਼ਾਸ਼ਨ ਨੂੰ ਵਿਸ਼ਵਾਸ਼ ਦਿਵਾਇਆ ਕਿ ਉਹ ਭਵਿੱਖ ਵਿੱਚ ਹੀ ਸਰਕਾਰ ਦੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨਗੇ। ਇਸ ਮੌਕੇ ਪਿੰਡ ਦੇ ਸਰਪੰਚ ਲਖਵੀਰ ਸਿੰਘ, ਕਿਸਾਨ ਜਸਬੀਰ ਸਿੰਘ, ਪ੍ਰਧਾਨ ਜਗਦੇਵ ਸਿੰਘ, ਪਰਮਜੀਤ ਸਿੰਘ, ਰਵਿੰਦਰ ਸਿੰਘ, ਖੇਤੀਬਾੜੀ ਵਿਸਥਾਰ ਅਫਸਰ ਪ੍ਰਿਤਪਾਲ ਸਿੰਘ, ਖੇਤੀਬਾੜੀ ਉਪ ਨਿਰੀਖਕ ਗੁਰਮਿੰਦਰ ਸਿੰਘ, ਗਗਨਦੀਪ ਸਿੰਘ ਏ.ਟੀ.ਐਮ., ਮੁਖਤਿਆਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਦੇ ਕਿਸਾਨ ਹਾਜਰ ਸਨ।

ਦਿੱਲੀ ਕਮੇਟੀ ਨੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ-ਭਾਵਨਾ ਨਾਲ ਮਨਾਇਆ

ਸਾਨੂੰ ਆਪਣੇ ਬੱਚਿਆਂ ਨੂੰ ਗੁਰਸਿੱਖੀ ਜੀਵਨ ਨਾਲ ਜੋੜਨ ਦੇ ਯਤਨ ਕਰਨੇ ਚਾਹੀਦੇ ਹਨ: ਕਾਲਕਾ, ਕਾਹਲੋਂ

ਆਜ਼ਾਦ ਸੋਚ
ਸੁਖਰਾਜ ਸਿੰਘ
ਨਵੀਂ ਦਿੱਲੀ, 7 ਦਸੰਬਰ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਂਵੀਂ ਪਾਤਸ਼ਾਹੀ ਧੰਨ-ਧੰਨ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ-ਭਾਵਨਾ ਤੇ ਸਤਿਕਾਰ ਨਾਲ ਮਨਾਇਆ ਗਿਆ।ਇਸ ਮੌਕੇ ਦਿੱਲੀ ਕਮੇਟੀ ਦੇ ਵੱਖ-ਵੱਖ ਗੁਰਦੁਆਰਿਆਂ ਵਿੱਖੇ ਧਾਰਮਿਕ ਦੀਵਾਨ ਸਜਾਏ ਗਏ।ਮੁੱਖ ਸਮਾਗਮ ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਚ ਹੋਇਆ, ਜਿਸ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਲਗਵਾਈ।

ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਦਿੱਲੀ ਦੇ ਚਾਂਦਨੀ ਚੌਂਕ ਵਿੱਖੇ ਆਪਣੀ ਸ਼ਹਾਦਤ ਦੇ ਕੇ ਭਾਰਤ ਦੇਸ਼ ਨੂੰ ਇਸ ਦਾ ਮੌਜੂਦਾ ਸਰੂਪ ਦਿੱਤਾ ਹੈ।ਉਹਨਾਂ ਕਿਹਾ ਕਿ ਔਰੰਗਜੇਬ ਸਾਰੇ ਲੋਕਾਂ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ ਪਰ ਗੁਰੂ ਸਾਹਿਬ ਨੇ ਆਪਣੀ ਸ਼ਹਾਦਤ ਦੇ ਕੇ ਉਸ ਦੀ ਇਸ ਮੁਹਿੰਮ ਨੂੰ ਠੱਪ ਕਰ ਦਿੱਤਾ।

ਉਹਨਾਂ ਕਿਹਾ ਕਿ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਸਾਨੂੰ ਸੱਚੇ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੱਤਾ ਤੇ ਇਹ ਸਿਖਾਇਆ ਕਿ ਮਾੜੇ ਤੋਂ ਮਾੜੇ ਹਾਲਾਤਾਂ ਵਿਚ ਵੀ ਸਾਨੂੰ ਘਬਰਾਉਣ ਦੀ ਜ਼ਰੂਰਤ ਨਹੀਂ ਹੈ ਸਗੋਂ ਸ਼ਹਾਦਤਾਂ ਦੇ ਕੇ ਵੀ ਗੈਰ ਸਾਧਾਰਣ ਹਾਲਾਤਾਂ ਦਾ ਸਾਹਮਣਾ ਕੀਤਾ ਜਾ ਸਕਦਾ ਹੈ।ਸ. ਕਾਲਕਾ ਤੇ ਸ. ਕਾਹਲੋਂ ਨੇ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਨੂੰ ਗੁਰੂ ਸਾਹਿਬ ਦੇ ਲੜ੍ਹ ਲਾਉਣ ਲਈ ਧਰਮ ਪ੍ਰਚਾਰ ਕਮੇਟੀ ਦੀ ਅਗਵਾਈ ਹੇਠ ਵੱਖ-ਵੱਖ ਪ੍ਰੋਗਰਾਮ ਚਲਾਏ ਗਏ ਹਨ।ਉਹਨਾਂ ਕਿਹਾ ਕਿ ਧਰਮ ਤੇ ਸਿੱਖੀ ਦਾ ਪ੍ਰਚਾਰ ਦਿੱਲੀ ਗੁਰਦੁਆਰਾ ਕਮੇਟੀ ਦੀ ਸਭ ਤੋਂ ਵੱਡੀ ਤਰਜੀਹ ਹੈ।

ਸ. ਕਾਲਕਾ ਤੇ ਸ. ਕਾਹਲੋਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਆਪੋ-ਆਪਣੇ ਘਰਾਂ ਵਿਚ ਬੱਚਿਆਂ ਨੂੰ ਗੁਰਸਿੱਖੀ ਜੀਵਨ ਨਾਲ ਜੋੜਨ ਦੇ ਯਤਨ ਕਰਨੇ ਚਾਹੀਦੇ ਹਨ ਅਤੇ ਗੁਰੂ ਸਾਹਿਬਾਨਾਂ ਦਾ ਇਤਿਹਾਸ ਬੱਚਿਆਂ ਨੂੰ ਪੜ੍ਹਾਉਣਾ ਚਾਹੀਦਾ ਹੈ ਤੇ ਇਸ ਦੀ ਬਦੌਲਤ ਹੀ ਅਸੀਂ ਆਪਣੇ ਅਮੀਰ ਵਿਰਸੇ ਨਾਲ ਜੁੜੇ ਰਹਾਂਗੇ।

ਜੀਟੀਯੂ ਵੱਲੋਂ ਹੈਡ ਮਾਸਟਰ ਦਿਆਲ ਸਿੰਘ ਗੋਸਲ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

ਆਜ਼ਾਦ ਸੋਚ
ਰਜਿੰਦਰ/ਸ੍ਰੀ ਚਮਕੌਰ ਸਾਹਿਬ, 7 ਦਸੰਬਰ

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਨੇ ਹੈਡ ਮਾਸਟਰ ਦਿਆਲ ਸਿੰਘ ਗੋਸਲ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ । ਇਸ ਸਬੰਧੀ ਇੱਥੇ ਜਥੇਬੰਦੀ ਦੇ ਪ੍ਰੈਸ ਸਕੱਤਰ ਧਰਮਿੰਦਰ ਸਿੰਘ ਭੰਗੂ ਵੱਲੋਂ ਜਾਰੀ ਬਿਆਨ ਰਾਹੀਂ ਜਥੇਬੰਦੀ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ , ਵਿਤ ਸਕੱਤਰ ਪ੍ਰਿੰਸੀਪਲ ਅਮਨਦੀਪ ਸ਼ਰਮਾ ਅਤੇ ਹੋਰਨਾਂ ਨੇ ਕਿਹਾ ਕਿ ਹੈਡਮਾਸਟਰ ਦਿਆਲ ਸਿੰਘ ਗੋਸਲ ਪੰਜਾਬ ਮੁਲਾਜ਼ਮ ਲਹਿਰ ਦੇ ਬਾਨੀ ਸਾਥੀ ਤਰਲੋਚਨ ਸਿੰਘ ਰਾਣਾ ਦੇ ਸੰਘਰਸ਼ੀ ਸਾਥੀਆਂ ਵਿੱਚੋਂ ਇੱਕ ਸਨ , ਜਿਨਾਂ ਨੇ ਪੰਜਾਬ ਵਿੱਚ ਅਧਿਆਪਕ ਲਹਿਰ ਨੂੰ ਖੜ੍ਹਾ ਕੀਤਾ । ਅਜਿਹੇ ਬਜ਼ੁਰਗ ਸਾਥੀਆਂ ਦੇ ਤੁਰ ਜਾਣ ਨਾਲ ਜਿੱਥੇ ਉਹਨਾਂ ਦੇ ਪਰਿਵਾਰ ਨੂੰ ਨਾ ਪੂਰਾ ਹੋਣ ਜੋ ਘਾਟਾ ਪੈਂਦਾ ਹੈ, ਉੱਥੇ ਅਧਿਆਪਕਾਂ ਦੀ ਸਿਰਮੌਰ ਜਥੇਬੰਦੀ ਗੌਰਮਿੰਟ ਟੀਚਰਜ਼ ਯੂਨੀਅਨ ਇਹ ਮਹਿਸੂਸ ਕਰਦੀ ਹੈ ਕਿ ਸਮੇਂ ਸਮੇਂ ਤੇ ਰਾਹ ਦਸੇਰਾ ਬਣਨ ਵਾਲੇ ਅਜਿਹੇ ਆਗੂ ਜੋ ਉਮਰਾਂ ਵਿਹਾ ਕੇ ਰੁਖਸਤ ਹੋ ਰਹੇ ਹਨ, ਦੇ ਜਾਣ ਨਾਲ ਜਥੇਬੰਦੀ ਨੂੰ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਹਨਾਂ ਦੱਸਿਆ ਕਿ ਹੈੱਡ ਮਾਸਟਰ ਦਿਆਲ ਸਿੰਘ ਗੋਸਲ ਜੋ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਿਸ਼ਨਪੁਰਾ ਵਿਖੇ ਪ੍ਰਿੰਸੀਪਲ ਵੀ ਰਹੇ , ਬੀਤੇ ਦਿਨੀ ਕੈਨੇਡਾ ਵਿਖੇ ਆਪਣੇ ਸੁਖੀ ਵਸਦੇ ਪਰਿਵਾਰ ਨੂੰ ਅੰਤਿਮ ਵਿਛੋੜਾ ਗਏ। ਉਨ੍ਹਾਂ ਪਰਿਵਾਰ ਨਾਲ ਦਿਲੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਇਸ ਮੌਕੇ ਉਹਨਾਂ ਦੇ ਨਾਲ ਗੁਰਪ੍ਰੀਤ ਸਿੰਘ ਹੀਰਾ, ਕੁਲਵੀਰ ਸਿੰਘ ਕੰਧੋਲਾ ,ਅਵਨੀਤ ਚੱਢਾ ,ਗੁਰਚਰਨ ਆਲੋਵਾਲ, ਸਿਮਰਨਜੀਤ ਸਿੰਘ ਰੱਕੜ , ਕੁਲਦੀਪ ਗਿੱਲ, ਗੁਰਪ੍ਰੀਤ ਸਿੰਘ ਹੈਪੀ, ਜਗਦੀਪ ਸਿੰਘ ਝੱਲੀਆਂ, ਰਾਜਵੀਰ ਚੌਂਤਾ ,ਦਵਿੰਦਰ ਸਿੰਘ ਸਮਾਣਾ, ਇਕਬਾਲ ਸਿੰਘ ਹਾਫ਼ਜ਼ਾਬਾਦ, ਗੁਰਦੀਪ ਸਿੰਘ ਖਾਬੜਾ ,ਸੁਰਿੰਦਰ ਸਿੰਘ ਚੱਕਢੇਰਾਂ, ਦਵਿੰਦਰ ਸਿੰਘ ਚਨੌਲੀ, ਸੰਜੀਵ ਕੁਮਾਰ ਮੋਠਾਪੁਰ, ਇੰਦਰਜੀਤ ਥਲੀ, ਵਿਕਾਸ ਸੋਨੀ ,ਅੰਮ੍ਰਿਤ ਸੈਣੀ ,ਅਸ਼ੋਕ ਕੁਮਾਰ ਆਦਿ ਵੀ ਹਾਜ਼ਰ ਸਨ

ਬਾਬਾ ਕਰਨੈਲ ਦਾਸ ਜੀ ਜਲਾਲ ਵਾਲਿਆਂ ਦੀ 14ਵੀਂ ਸਲਾਨਾ ਬਰਸੀ ਮਨਾਈ

ਆਜ਼ਾਦ ਸੋਚ
ਬਿੰਦਰ ਜਲਾਲ/ਭਗਤਾ ਭਾਈ , 7 ਦਸੰਬਰ

ਸਥਾਨਕ ਸ਼ਹਿਰ ਦੇ ਨੇੜਲੇ ਪਿੰਡ ਜਲਾਲ ਵਿਖੇ ਬ੍ਰਹਮਲੀਨ ਸੰਤ ਬਾਬਾ ਕਰਨੈਲ ਦਾਸ ਜੀ ਦੇ ਅਸ਼ੀਰਵਾਦ ਨਾਲ ਮੌਜੂਦਾ ਗੱਦੀ ਨਸ਼ੀਨ ਸ਼੍ਰੀ ਮਾਨ ਸੁਆਮੀ ਬ੍ਰਹਮਮੁਨੀ ਜੀ ਦੀ ਅਗਵਾਈ ਹੇਠ ਅਤੇ ਸੰਸਥਾ ਦੇ ਮੁੱਖ ਪ੍ਰਬੰਧਕ ਸ਼ ?ਰੀ ਮਾਨ ਬਾਬਾ ਗੰਗਾ ਰਾਮ ਜੀ ਦੇ ਯਤਨਾਂ ਸਦਕਾ ਅਤੇ ਸੰਗਤਾ ਦੇ ਸਹਿਯੋਗ ਨਾਲ ਬ੍ਰਹਮਲੀਨ ਸੰਤ ਬਾਬਾ ਕਰਨੈਲ ਦਾਸ ਜੀ ਦੀ ਮਿੱਠੀ ਯਾਦ ਵਿੱਚ 14ਵੀਂ ਸਲਾਨਾ ਬਰਸੀ ਵਿਵੇਕ ਆਸ਼ਰਮ ਜਲਾਲ ਵਿਖੇ ਬੜੀ ਸ਼ਰਧਾ ਪੂਰਵਕ ਮਨਾਈ ਗਈ ਅਤੇ ਜਿੱਥੇ ਹਿੰਦੁਸਤਾਨ ਵਿੱਚੋਂ ਵੱਖ-ਵੱਖ ਉੱਚ ਕੋਟੀ ਦੀਆਂ ਸਾਧੂ ਮੰਡਲੀਆਂ ਪਹੁੰਚੀਆਂ ਉੱਥੇ ਹੀ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਲਗਵਾਈ ।

ਸੰਤਾਂ ਨੇ ਸੰਤ ਬਾਬਾ ਕਰਨੈਲ ਦਾਸ ਜੀ ਦੀ ਸਮਾਧੀ ਤੇ ਨਮਨ ਹੁੰਦਿਆਂ ਸੰਤ ਮਹਾਂਪੁਰਸ਼ਾਂ ਦੇ ਵਿਚਾਰ ਸੁਣੇ।ਸ਼ ?ਰੀ ਮਾਨ ਸੁਆਮੀ ਬ੍ਰਹਮਮੁਨੀ ਜੀ ਨੇ ਬਾਬਾ ਜੀ ਦੀ ਜੀਵਨੀ ਬਾਰੇ ਚਾਨਣਾ ਪਾਇਆ ਅਤੇ ਸਾਧੂ ਮੰਡਲੀਆਂ ਅਤੇ ਸੰਗਤਾ ਦਾ ਧੰਨਵਾਦ ਕੀਤਾ।ਇਸ ਮੌਕੇ ਸੰਤ ਬਾਬਾ ਗੰਗਾ ਰਾਮ ਜੀ ਨੇ ਸਾਰੀਆਂ ਸੰਗਤਾਂ ਨੂੰ ਜੀ ਆਇਆਂ ਆਖਿਆ ਅਤੇ ਗੁਰੂ ਉਪਦੇਸ਼ ਨਾਲ ਜੁੜ ਕੇ ਆਪਣਾ ਜੀਵਨ ਸਫਲ ਬਣਾਉਣ ਦੀ ਬੇਨਤੀ ਕੀਤੀ ।ਮਹਾਂਮੰਡਲੇਸ਼ਵਰ ਦੇ ਪੰਜਾਬ ਪ੍ਰਧਾਨ ਅਮ੍ਰਿਤ ਮੁਨੀ ਜੀ ਮਾਨਸਾ,ਰਿਸ਼ੀ ਰਾਮ ਜੀ ਜੈਤੋ,ਮੋਹਨ ਦਾਸ ਜੀ ਬਗਰਾੜੀ,ਸਰਬਾ ਨੰਦ ਜੀ ਹਰਿਦੁਆਰ,ਰਾਮ ਨਰਾਇਨ ਦਾਸ ਮੌੜ ਮੰਡੀ,ਪਰਮਾਨੰਦ ਜੀ ਜਲਾਲ ਵਿਸ਼ਵਕਰਮਾਂ ਮੰਦਿਰ ਬਠਿੰਡਾ,ਕਲਿਆਣ ਦੇਵ ਜੀ ਗਿੱਦੜਬਾਹਾ,ਬਾਬਾ ਹਰਨੇਕ ਸਿੰਘ ਜੀ ਪੋਨੇ ਵਾਲੇ, ਸਰਪੰਚ ਅਜਾਇਬ ਸਿੰਘ ਹਮੀਰਗੜ੍ਹ, ਕਮਲਜੀਤ ਸ਼ਾਸਤਰੀ ਸੁਖਾਨੰਦ,ਕ੍ਰਿਸ਼ਨ ਦਾਸ ਜੀ ਪੂਹਲਾ, ਜਸਵਿੰਦਰ ਦਾਸ ਰੋਮਾਣਾ, ਅਲਬੇਲ ਸਿੰਘ ਵਾਲਾ ਨੇ ਵਿਚਾਰ ਰੱਖੇ ।

ਬਾਬਾ ਲਾਲ ਦਾਸ ਰਾਜਸਥਾਨ ਵਾਲਿਆਂ ਨੇ ਸਟੇਜ ਦੀ ਭੂਮਿਕਾ ਬਾਖੂਬੀ ਨਿਬਾਈ।ਇਸ ਮੌਕੇ ਸਾਧੂ ਰਾਮ ਖਾਈ ਗੰਗਾ ਦਾਸ ਜੀ ਕੋਠਾ ਗੁਰੂਕਾ,ਗੁਰਸੇਵਕ ਦਾਸ ਜੀ ਮੌੜ ਮੰਡੀ,ਬਾਬਾ ਸੇਵਕ ਸਿੰਘ ਮਾਣੂਕੇ, ਕਰਨਦਾਸ ਜੀ ਜੰਗੀਆਣਾ,ਸੁਖਦੇਵ ਮੁਨੀ ਜੀ ਕਲਿਆਣ,ਪ੍ਰਿੰਸੀਪਲ ਮਹਾਵੀਰ ਜੋਸ਼ੀ ਜੀ ਆਦਿ ਹਾਜ਼ਰ ਸਨ।ਇਸ ਸਮੇਂ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਸਰਕਾਰੀ ਕਾਲਜ 'ਚ 'ਹਥਿਆਰਬੰਦ ਸੈਨਾਵਾਂ ਝੰਡਾ ਦਿਵਸ' ਨੂੰ ਸਮਰਪਿਤ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ

ਮਲੇਰਕੋਟਲਾ, 7 ਦਸੰਬਰ (ਸ਼ਾਹਿਦ ਜ਼ੁਬੈਰੀ) ਸਥਾਨਕ ਸਰਕਾਰੀ ਕਾਲਜ ਵਿਖੇ ਲੈਫ਼ਟੀਨੈਂਟ ਕਰਨਲ ਫੈਜਾਨ ਜ਼ਾਹੂਰ 19- ਪੰਜਾਬ ਬਟਾਲੀਅਨ, ਲੁਧਿਆਣਾ ਦੇ ਦਿਸ਼ਾ ਨਿਰਦੇਸ਼ ਤਹਿਤ, ਪ੍ਰਿੰਸੀਪਲ ਡਾ. ਬਲਵਿੰਦਰ ਸਿੰਘ ਵੜੈਚ ਦੀ ਸਰਪ੍ਰਸਤੀ ਹੇਠ ਐੱਨ ਸੀ ਸੀ ਵਿਭਾਗ ਵੱਲੋਂ ਲੈਫ਼ਟੀਨੈਂਟ ਗੁਰਤੇਜ ਸਿੰਘ ਦੀ ਅਗਵਾਈ ਵਿੱਚ ਹਥਿਆਰਬੰਦ ਸੈਨਾਵਾਂ ਝੰਡਾ ਦਿਵਸ ਨੂੰ ਸਮਰਪਿਤ ਇਕ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਵਿਚ ਐਨ ਸੀ ਸੀ ਵਿਭਾਗ ਦੇ 22 ਕੈਡਿਟਸ ਨੇ ਭਾਗ ਲਿਆ। ਕੈਡਿਟਸ ਨੇ ਹਥਿਆਰਬੰਦ ਸੈਨਾਵਾਂ ਨੂੰ ਸਮਰਪਿਤ ਵੱਖ ਵੱਖ ਵੰਨਗੀਆਂ ਦੇ ਪੋਸਟਰ ਬਣਾਏ। ਇਹ ਪੋਸਟਰ ਦੇਖਦਿਆਂ ਹੀ ਦੇਸ਼ ਲਈ ਕੀਤੀਆਂ ਕੁਰਬਾਨੀਆਂ ਲਈ ਐੱਨ ਸੀ ਸੀ ਕੈਡਿਟਸ ਦੀਆਂ ਭਾਵਨਾਵਾਂ ਵਿਅਕਤ ਹੁੰਦੀਆਂ ਸਨ। ਜਿਵੇਂ ਕਿ ਭਾਰਤ ਦਾ ਝੰਡਾ, ਐੱਨ ਸੀ ਸੀ ਫਲੈਗ, ਇੰਡੀਆ ਗੇਟ, ਸ਼ਹੀਦਾਂ ਦੇ ਵੱਖ ਵੱਖ ਚਿੱਤਰ, ਹਥਿਆਰਬੰਦ ਸੈਨਾਵਾਂ ਝੰਡਾ ਦਿਵਸ ਅਤੇ ਦੇਸ਼ ਪ੍ਰੇਮ ਨੂੰ ਪਰਗਟ ਕਰਦੇ ਚਿੰਨ੍ਹ ਆਦਿ ਵੀ ਬਣਾਏ।ਇਸ ਮੁਕਾਬਲੇ ਵਿੱਚ ਪਹੁੰਚੇ ਕਾਲਜ ਪ੍ਰਿੰਸੀਪਲ ਡਾ.ਵੜੈਚ ਨੇ ਪਹਿਲਾਂ ਕੈਡਿਟ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਜਿੱਥੇ 'ਹਥਿਆਰਬੰਦ ਸੈਨਾਵਾਂ ਝੰਡਾ ਦਿਵਸ' ਭਾਰਤ ਦੇ ਸ਼ਹੀਦਾਂ ਦੀ ਯਾਦ ਤਾਜ਼ਾ ਕਰਾਉਂਦਾ ਹੈ ਉਥੇ ਹੀ ਇਸ ਦਿਨ ਲੋਕ ,ਸ਼ਹੀਦ ਹੋਏ ਫ਼ੌਜੀਆਂ ਅਤੇ ਅਪਾਹਜਾਂ ਆਦਿ ਦੇ ਪਰਿਵਾਰਾਂ ਲਈ ਸਹਾਇਤਾ ਰਾਸ਼ੀ ÷ਆਰਮਡ ਫ਼ੋਰਸਜ ਫਲੈਗ ਡੇ ਫੰਡ" 'ਚ ਜਮ ?ਾਂ ਕਰਵਾਉਂਦੇ ਹਨ। ਪ੍ਰਿੰਸੀਪਲ ਵੜੈਚ ਨੇ ਪੋਸਟਰ ਬਣਾਉਣ ਵਾਲੇ ਕੈਡਿਟ ਨਾਲ ਗੱਲਬਾਤ ਕਰਦਿਆਂ ਪੋਸਟਰ ਦੇ ਵਿਚ ਭਰੇ ਰੰਗਾਂ ਦੇ ਨਾਲ ਨਾਲ ਬਣਾਉਣ ਵਾਲੇ ਦੀ ਤਾਰੀਫ਼ ਵੀ ਕੀਤੀ। ਇਸ ਸਮੇਂ ਪ੍ਰੋ. ਵਾਇਸ ਪ੍ਰਿੰਸੀਪਲ ਅਰਵਿੰਦ ਕੌਰ ਮੰਡ, ਪ੍ਰੋ.ਹਰਗੁਰਪ੍ਰਤਾਪ ਸਿੰਘ, ਪ੍ਰੋ. ਕਮਲ ਕਿਸ਼ੋਰ ਭੰਗੂ, ਪ੍ਰੋ. ਮੁਹੰਮਦ ਅਸ਼ਰਫ਼, ਪ੍ਰੋ.ਅਮਨਦੀਪ ਵਾਤਿਸ਼, ਪ੍ਰੋ.ਵਨੀਤ ਕੁਮਾਰ, ਪ੍ਰੋ. ਲਵਨਪ੍ਰੀਤ ਸਿੰਘ ਅਤੇ ਐੱਨ ਸੀ ਸੀ ਕੈਡਿਟ ਸਮੇਤ ਬਹੁਗਿਣਤੀ ਵਿਚ ਵਿਦਿਆਰਥੀ ਵੀ ਹਾਜ਼ਰ ਸਨ।

ਸੁਖਬੀਰ ਬਾਦਲ 'ਤੇ ਹੋਏ ਹਮਲੇ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਪੰਜਾਬ ਵਿਚ ਅਮਨ ਕਾਨੂੰਨ ਨਾਂਅ ਦੀ ਕੋਈ ਚੀਜ਼ ਨਹੀਂ : ਸਰਬਜੀਤ ਝਿੰਜਰ, ਮਲਕੀਤ ਚੀਮਾ, ਸ਼ਰਨਜੀਤ ਚਨਾਰਥਲ

ਆਜ਼ਾਦ ਸੋਚ
ਰਜਿੰਦਰ ਫ਼ਤਿਹਪੁਰ/ਸੰਜੇ ਬਾਂਸਲ
ਸਮਾਣਾ , 7 ਦਸੰਬਰ

ਯੂਥ ਅਕਾਲੀ ਦਲ ਦੇ ਕੌਮੀ ਸੂਬਾ ਪ੍ਰਧਾਨ ਸਰਬਜੀਤ ਸਿੰਘ ਝਿੰਜਰ,

ਕੌਮੀ ਜਨਰਲ ਸਕੱਤਰ ਮਲਕੀਤ ਸਿੰਘ ਚੀਮਾ ਅਤੇ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਤੋਂ ਪ੍ਰਧਾਨ ਸ਼ਰਨਜੀਤ ਸਿੰਘ ਚਨਾਰਥਲ ਨੇ ਇਕ ਬਿਆਨ ਵਿਚ ਕਿਹਾ ਕਿ ਪਿਛਲੀ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਦਿੱਤੀ ਗਈ ਧਾਰਮਿਕ ਸ਼ਜਾ ਨੂੰ ਪੂਰੀ ਕਰਨ ਸਮੇਂ ਬੁੱਧਵਾਰ ਸਵੇਰੇ ਉਨ੍ਹਾਂ ਨੂੰ ਜਾਨੋ ਮਾਰਨ ਦੀ ਨੀਅਤ ਨਾਲ ਕੀਤਾ ਗਿਆ ਹਮਲਾ ਅਤਿ ਨਿੰਦਣਯੋਗ ਵਰਤਾਰਾ ਹੈ। ਇਹ ਵਰਤਾਰਾ ਦਰਸਾਉਂਦਾ ਹੈ ਕਿ ਕੁੱਝ ਪੰਥ ਦੋਖੀ ਤਾਕਤਾਂ ਅੱਜ ਵੀ ਖ਼ੁਦ ਨੂੰ ਸਿੱਖ ਪੰਥ ਦੇ ਸਰਵਉੱਚ ਤਖ਼ਤਾਂ ਤੇ ਉਨ੍ਹਾਂ ਵੱਲੋਂ ਸੁਣਾਏ ਗਏ ਹੁਕਮਾਂ ਤੋਂ ਉੱਪਰ ਸਮਝਦੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਸਮੇਤ ਪਾਰਟੀ ਦੀ ਲੀਡਰਸ਼ਿਪ ਵਲੋਂ ਸਿਰ ਝੁਕਾ ਕੇ ਸਰਕਾਰ ਦੌਰਾਨ ਹੋਈਆਂ ਗ਼ਲਤੀਆਂ ਦੀ ਖਿਮਾ ਜਾਚਨਾ ਕੀਤੀ ਗਈ ਹੈ ਲੇਕਿਨ ਪੰਥ ਦੇ ਦੋਖੀਆਂ ਨੂੰ ਅਕਾਲੀ ਲੀਡਰਸ਼ਿਪ ਦੇ ਗੁਰੂ ਸਾਹਿਬਾਨ ਅੱਗੇ ਝੁਕੇ ਹੋਏ ਸਿਰ ਵੀ ਚੰਗੇ ਨਹੀਂ ਲੱਗਦੇ ਤੇ ਇਸੇ ਸੌੜੀ ਮਾਨਸਿਕਤਾ ਵਿਚੋਂ ਅੱਜ ਦਾ ਹਮਲਾ ਨਿਕਲਿਆ ਹੈ। ਉਨ੍ਹਾਂ ਅੱਗੇ ਸੂਬੇ ਦੀ ਆਪ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਇਸ ਹਮਲੇ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਪੰਜਾਬ ਵਿਚ ਅਮਨ ਕਾਨੂੰਨ ਨਾਂਅ ਦੀ ਕੋਈ ਚੀਜ਼ ਨਹੀਂ, ਉਨ੍ਹਾਂ ਕਿਹਾ ਕਿ ਇਹ ਹਮਲਾ ਸੁਖਬੀਰ ਸਿੰਘ ਬਾਦਲ 'ਤੇ ਹੀ ਨਹੀਂ ਸਗੋਂ ਲੋਕਾਂ ਦੀ ਆਸਥਾ 'ਤੇ ਵੀ ਹਮਲਾ ਹੈ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਦਿੱਲੀ ਦੀ ਕਾਨੂੰਨ ਵਿਵਸਥਾ ਨੂੰ ਲੈ ਕੇ ਆਮ ਆਦਮੀ ਪਾਰਟੀ ਹਮੇਸ਼ਾ ਕੇਂਦਰ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਦੀ ਕੋਸ਼ਿਸ਼ ਕਰਦੀ ਹੈ, ਪੰਜਾਬ ਵਿਚ ਹਾਲਾਤ ਦਿਨ ਬੇ ਦਿਨ ਬਦਤਰ ਹੋ ਰਹੇ ਹਨ ਤੇ ਕੋਈ ਵੀ ਵਿਅਕਤੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਿਹਾ, ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਮੁੱਖ ਰੱਖਦਿਆਂ ਸ੍ਰੀ ਹਰਿਮੰਦਰ ਸਾਹਿਬ ਹੀ ਨਹੀਂ ਪੂਰੇ ਪੰਜਾਬ ਵਿਚ ਧਾਰਮਿਕ ਸਥਾਨਾਂ ਦੀ ਸੁਰੱਖਿਆ ਪ੍ਰਤੀ ਸਰਕਾਰ ਨੂੰ ਵਧੇਰੇ ਚੌਕਸੀ ਵਰਤਣ ਦੀ ਲੋੜ ਹੈ ।

ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ ਵਿਸ਼ਾਲ ਸਾਹਿਤਕ ਸਮਾਗਮ ਅੱਜ

ਹਰਵਿੰਦਰ ਸਿੰਘ ਵਿੰਦਰ ਦਾ ਕਾਵਿ ਸੰਗ੍ਰਹਿ 'ਤਿੱਖੀਆਂ ਸੂਲਾਂ' ਲੋਕ ਅਰਪਣ ਕੀਤਾ ਜਾਵੇਗਾ

ਆਜ਼ਾਦ ਸੋਚ
ਸੁਖਰਾਜ ਸਿੰਘ
ਨਵੀਂ ਦਿੱਲੀ, 7 ਦਸੰਬਰ

ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ 8 ਦਸੰਬਰ 2024 ਦਿਨ ਐਤਵਾਰ ਨੂੰ ਸਵੇਰੇ 9.30 ਵਜੇ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵਿਖੇ ਸਾਹਿਤਕ ਸਮਾਗਮ ਕਰਵਾਏ ਜਾਣ ਵਾਲੇ ਵਿਸ਼ਾਲ ਸਾਹਿਤਕ ਸਮਾਗਮ ਵਿਚ ਹਰਵਿੰਦਰ ਸਿੰਘ ਵਿੰਦਰ ਦੇ ਕਾਵਿ ਸੰਗ੍ਰਹਿ 'ਤਿੱਖੀਆਂ ਸੂਲਾਂ' ਦਾ ਲੋਕ ਅਰਪਣ ਕੀਤਾ ਜਾਵੇਗਾ। ਇਹ ਸੂਚਨਾ ਦਿੰਦੇ ਹੋਏ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਅਤੇ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਨੇ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ ਦੇ ਪੰਜਾਬੀ ਵਿਭਾਗ ਦੇ ਸਾਬਕਾ ਪ੍ਰੋਫ਼ੈਸਰ ਅਤੇ ਮੁਖੀ ਡਾ. ਹਰਸਿਮਰਨ ਸਿੰਘ ਰੰਧਾਵਾ ਕਰਨਗੇ ਜਦੋਂ ਕਿ ਜਸਦੇਵ ਸਿੰਘ ਸੰਧੂ ਗਰੁੱਪ ਆਫ਼ ਇੰਸਟੀਚਿਊਟਸ ਦੇ ਚੇਅਰਪਰਸਨ ਅਨੂਪਇੰਦਰ ਕੌਰ ਸੰਧੂ ਮੁੱਖ ਮਹਿਮਾਨ ਹੋਣਗੇ।ਇਸ ਸਮਾਗਮ ਦੇ ਵਿਸ਼ੇਸ਼ ਮਹਿਮਾਨ ਵਜੋਂ ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਸਾਬਕਾ ਪ੍ਰੋਫ਼ੈਸਰ ਅਤੇ ਮੁਖੀ ਡਾ. ਤਰਲੋਚਨ ਕੌਰ, ਬਹੁਪੱਖੀ ਸਾਹਿਤਕਾਰ ਪ੍ਰੋ. ਨਵ ਸੰਗੀਤ ਸਿੰਘ ਅਤੇ ਸੁਖਦੇਵ ਸਿੰਘ ਸ਼ਾਂਤ ਸ਼ਿਰਕਤ ਕਰਨਗੇ।ਇਸ ਸਮਾਗਮ ਵਿਚ ਹਰਵਿੰਦਰ ਸਿੰਘ ਵਿੰਦਰ ਦੀ ਪੁਸਤਕ ਉਪਰ ਮੁੱਖ ਪਰਚਾ ਪ੍ਰਸਿੱਧ ਕਵਿੱਤਰੀ ਰਣਜੀਤ ਕੌਰ ਸਵੀ (ਮਾਲੇਰਕੋਟਲਾ) ਵੱਲੋਂ ਮੁੱਖ ਪੇਪਰ ਪੜ੍ਹਿਆ ਜਾਵੇਗਾ ਜਦੋਂ ਕਿ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਅਧਿਆਪਕ ਡਾ. ਬਲਕਰਨ ਸਿੰਘ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਭਾਗ ਦੇ ਖੋਜਾਰਥੀ ਗੁਰਵਿੰਦਰ ਸਿੰਘ ਵਿਚਾਰ ਚਰਚਾ ਕਰਨਗੇ।ਇਸ ਸਮਾਗਮ ਵਿਚ ਪੁੱਜੇ ਲੇਖਕ ਵੀ ਆਪਣੀਆਂ ਲਿਖਤਾਂ ਸਾਂਝੀਆਂ ਕਰਨਗੇ।

ਭਾਕਿਯੂ ਉਗਰਾਹਾਂ ਨੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ

ਆਜ਼ਾਦ ਸੋਚ
ਪਰਮਜੀਤ ਸਿੰਘ ਮਾਨ
ਮੌੜ ਮੰਡੀ, 7 ਦਸੰਬਰ

ਪਿਛਲੇ 10 ਮਹੀਨਿਆਂ ਤੋਂ ਦਿੱਲੀ ਜਾਣ ਲਈ ਹਰਿਆਣਾ ਦੇ ਬਾਰਡਰਾਂ ਤੇ ਸ਼ਾਂਤਮਈ ਬੈਠੇ ਕਿਸਾਨਾਂ ਵੱਲੋਂ 6 ਦਸੰਬਰ ਨੂੰ ਜਦੋਂ ਪੈਦਲ ਯਾਤਰਾ ਰਾਹੀਂ ਦਿੱਲੀ ਵਿਖੇ ਆਪਣੀਆਂ ਮੁੱਖ ਮੰਗਾਂ ਨੂੰ ਲੇਕੇ ਜਾ ਰਹੇ ਸਨ ਤਾਂ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਉਨਾਂ ਤੇ ਅੱਥਰੂ ਗੋਲੇ ਸੁੱਟਣ ਅਤੇ ਕੈਮੀਕਲ ਵਾਲਾ ਪਾਣੀ ਪਾਉਣ ਦੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾ ਬਲਾਕ ਮੌੜ ਵੱਲੋਂ ਸਖਤ ਨਿਖੇਧੀ ਕੀਤੀ ਗਈ। ਇਸ ਦੇ ਵਿਰੋਧ ਵਿੱਚ ਅੱਜ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਬਲਾਕ ਮੌੜ ਵਿਖੇ ਰੋਸ ਮੁਜ਼ਾਹਰਾ ਕਰਕੇ ਕੇਂਦਰ ਦੀ ਮੋਦੀ ਸਰਕਾਰ ਦੇ ਪੁਤਲੇ ਫੂਕੇ ਗਏ। ਇਸ ਮੌਕੇ ਜਿਲਾ ਪ੍ਰੈਸ ਸਕੱਤਰ ਜਸਵੀਰ ਸਿੰਘ ਸੇਮਾ, ਬਲਾਕ ਦੇ ਸੀਨੀਅਰ ਮੀਤ ਪ੍ਰਧਾਨ ਭੋਲਾ ਸਿੰਘ ਮਾੜੀ, ਗੁਰਜੀਤ ਸਿੰਘ ਬੰਗੇਹਰ, ਸਿੰਕਦਰ ਸਿੰਘ ਘੁੰਮਣ, ਗੁਰਦੀਪ ਸਿੰਘ ਮਾਈਸਰਖਾਨਾ, ਕਲਕੱਤਾ ਸਿੰਘ ਮਾਨਕ ਖਾਨਾਂ, ਅਮਨਦੀਪ ਸਿੰਘ ਮੌੜ ਕਲਾਂ ਨੇ ਬੋਲਦਿਆਂ ਕਿਹਾ ਕਿ ਇਸ ਤਰ੍ਹਾਂ ਨਿਹੱਥੇ ਕਿਸਾਨਾਂ ਤੇ ਜਾਬਰ ਕਰਕੇ ਦੇਸ਼ ਦੇ ਲੋਕਾਂ ਦੁਆਰਾ ਲਏ ਹੋਏ ਹੱਕੀ ਸੰਘਰਸ਼ਾਂ ਦੇ ਜਮਹੂਰੀ ਹੱਕਾਂ ਦਾ ਘਾਣ ਕੀਤਾ ਹੈ। ਉਨਾ ਨੇ ਕਿਹਾ ਕਿ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਪੰਜਾਬ ਦੇ ਕਿਸਾਨਾਂ ਨੂੰ ਦਿੱਲੀ ਜਾਣ ਲਈ ਇਸ ਰੋਕਾਂ ਲਾਈਆਂ ਜਾ ਰਹੀਆਂ ਹਨ।ਜਿਵੇਂ ਕਿਸੇ ਹੋਰ ਦੇਸ਼ ਦੇ ਲੋਕ ਇਸ ਦੇਸ਼ ਵਿੱਚੋਂ ਲੰਘ ਰਹੇ ਹੋਣ ਉਨਾਂ ਨੇ ਕਿਹਾ ਕਿ ਸਰਕਾਰ ਦੀਆਂ ਸਾਮਰਾਜ ਪੱਖੀ ਨੀਤੀਆਂ ਕਾਰਨ ਕਿਸਾਨਾਂ ਮਜ਼ਦੂਰਾਂ ਸਿਰ ਲਗਾਤਾਰ ਕਰਜੇ ਵੱਧ ਰਹੇ ਹਨ। ਜਿਸ ਕਾਰਨ ਕਿਸਾਨ ਮਜ਼ਦੂਰ ਖੁਦਕੁਸ਼ੀਆਂ ਕਰ ਰਹੇ ਹਨ। ਇਹਨਾਂ ਦੇ ਹੱਲ ਲਈ ਕਿਸਾਨ 10 ਮਹੀਨਿਆਂ ਤੋਂ ਦਿੱਲੀ ਦੇ ਵਾੜਰਾਂ ਤੇ ਆਪਣੀਆਂ ਹੱਕੀ ਮੰਗਾਂ ਜਿਵੇਂ ਕਿ ਸਾਰੀਆਂ ਫਸਲਾਂ ਦੇ ਸਰਕਾਰੀ ਮੁੱਲ ਮਿਥਣਾ ਸਰਕਾਰੀ ਖਰੀਦ ਗਰੰਟੀ ਕਰਨ ਅਤੇ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਜਿਹੜੇ ਕਿਸਾਨਾਂ ਮਜ਼ਦੂਰਾਂ ਸਿਰ ਚੜ੍ਹੇ ਕਰਜ਼ਾ ਮੁਆਫੀ ਲਈ ਅਤੇ ਆਦਿ ਮੰਗਾਂ ਮਨਵਾਉਣ ਲਈ ਸੰਘਰਸ਼ ਕਰ ਰਹੇ ਹਨ।

ਪਰ ਕੇਂਦਰ ਸਰਕਾਰ ਵੱਲੋਂ ਉਨਾਂ ਦੀ ਅਣਸੁਣੀ ਕਾਰਨ ਕੱਲ੍ਹ ਕਿਸਾਨਾਂ ਦਾ ਜੱਥਾ ਨਿਹੱਥੇ ਤੌਰ ਤੇ ਪੈਦਲ ਤੁਰ ਕੇ ਦਿੱਲੀ ਆਪਣੀਆਂ ਸਮੱਸਿਆਵਾਂ ਦੱਸਣ ਲਈ ਜਾ ਰਿਹਾ ਸੀ। ਜਿਸ ਨੂੰ ਹਰਿਆਣਾ ਦੀ ਸਰਕਾਰ ਦੇ ਹੁਕਮਾਂ ਤੇ ਪੁਲਿਸ ਅਤੇ ਪੈਰਾਮਿਲਟਰੀ ਫੋਰਸ ਵੱਲੋਂ ਕਿਸਾਨਾਂ ਤੇ ਪੈਲਟ ਗੰਨਾ ਅੱਥਰੂ ਗੈਸਾਂ ਅਤੇ ਕੈਮੀਕਲ ਵਾਲੇ ਪਾਣੀ ਨਾਲ ਹਮਲਾ ਕਰ ਦਿੱਤਾ ਜਿਸ ਨਾਲ ਵੱਡੀ ਗਿਣਤੀ ਵਿੱਚ ਕਿਸਾਨ ਜਖਮੀ ਹੋ ਗਏ। ਉਹਨਾਂ ਮੰਗ ਕੀਤੀ ਕਿ ਕਿਸਾਨਾਂ ਦੀਆਂ ਜਾਇਜ਼ ਸਾਰੀਆਂ ਮੰਗਾਂ ਤੁਰੰਤ ਪੂਰੀਆਂ ਕੀਤੀਆਂ ਜਾਣ ਕਿਸਾਨਾਂ ਤੇ ਹਮਲਾ ਕਰਨ ਦੇ ਹੁਕਮ ਦੇਣ ਵਾਲੇ ਅਫ਼ਸਰਾਂ ਤੇ ਕਾਰਵਾਈ ਕੀਤੀ ਜਾਵੇ ਅਤੇ ਜਖਮੀ ਕਿਸਾਨਾਂ ਦਾ ਇਲਾਜ ਫਿਰੀ ਕਰਕੇ ਯੋਗ ਮੁਆਵਜ਼ਾ ਦਿੱਤਾ ਜਾਵੇ ਅੱਜ ਦੇ ਇਕੱਠ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੈਂਕੜੇ ਕਿਸਾਨ ਮਜ਼ਦੂਰ ਸ਼ਾਮਲ ਸਨ।

ਸੰਪਾਦਕੀ

ਆਜ਼ਾਦ ਸੋਚ

ਈਵੀਐੱਮ ਦੀ ਭਰੋਸੇਯੋਗਤਾ ਦਾ ਰੌਲ?ਾ

ਈਵੀਐੱਮ ਦੀ ਭਰੋਸੇਯੋਗਤਾ ਦਾ ਰੌਲ?ਾ ਸੰਸਦ ਤੋਂ ਦੇਸ਼ ਦੀ ਸਿਖਰਲੀ ਅਦਾਲਤ ਤੱਕ ਪੈ ਰਿਹਾ ਹੈ। ਹਾਲਾਂਕਿ ਉੱਚ ਅਦਾਲਤ ਨੇ ਪਿਛਲੇ ਦਿਨੀਂ ਇਲੈਕਟ?ਰੌਨਿਕ ਵੋਟਿੰਗ ਮਸ਼ੀਨ (ਈਵੀਐੱਮ) ਦੀ ਥਾਂ ਬੈਲਟ ਪੇਪਰ ਨਾਲ ਵੋਟਾਂ ਪਵਾਉਣ ਨਾਲ ਸਬੰਧਤ ਪਟੀਸ਼ਨਾਂ ਨੂੰ ਖ਼ਾਰਜ ਵੀ ਕੀਤਾ ਹੈ। ਦੂਜੇ ਪਾਸੇ ਦੇਸ਼ ਦੀ ਸੰਸਦ ਦੇ ਸਰਦ ਰੁੱਤ ਦੇ ਇਜਲਾਸ ਵਿਚ ਵੀ ਈਵੀਐੱਮ ਦਾ ਮੁੱਦਾ ਵਿਰੋਧੀ ਧਿਰਾਂ ਵੱਲੋਂ ਚੁੱਕਿਆ ਜਾ ਰਿਹਾ ਹੈ ਤੇ ਇਸ ਨੂੰ ਲੈ ਕੇ ਵਾਕਆਊਟ ਵੀ ਕੀਤਾ ਜਾ ਰਿਹਾ ਹੈ।

ਸੁਪਰੀਮ ਕੋਰਟ ਵੱਲੋਂ ਈਵੀਐੱਮ ਦੀ ਥਾਂ ਕਾਗਜ਼ ਦੀਆਂ ਪਰਚੀਆਂ ਨਾਲ ਚੋਣਾਂ ਕਰਵਾਉਣ ਦੀ ਮੰਗ ਵਾਲੀ ਪਟੀਸ਼ਨ ਨੂੰ ਰੱਦ ਕਰਦਿਆਂ ਵਿਰੋਧੀ ਧਿਰਾਂ ਨੂੰ ਝਾੜ ਵੀ ਪਾਈ ਹੈ। ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀਆਂ ਪਟੀਸ਼ਨਾਂ ਅਕਸਰ ਅਦਾਲਤ ਵਿਚ ਆਉਂਦੀਆਂ ਰਹਿੰਦੀਆਂ ਹਨ। ਅਦਾਲਤ ਨੇ ਇਹ ਵੀ ਕਿਹਾ ਕਿ ਇਹ ਸਿਲਸਿਲਾ ਰੁਕਣਾ ਚਾਹੀਦਾ ਹੈ, ਕਿਉਂਕਿ ਕੁਝ ਪਾਰਟੀਆਂ, ਨੇਤਾਵਾਂ ਤੇ ਕਥਿਤ ਲੋਕਤੰਤਰ ਹਿਤੈਸ਼ੀਆਂ ਨੇ ਈਵੀਐੱਮ ਨੂੰ ਬਦਨਾਮ ਕਰਨਾ ਆਮ ਵਰਤਾਰਾ ਬਣਾ ਦਿੱਤਾ ਹੈ। ਅਸਲ 'ਚ ਮਹਾਰਾਸ਼ਟਰ ਦੀਆਂ ਚੋਣਾਂ ਤੋਂ ਬਾਅਦ ਈਵੀਐੱਮ ਨੂੰ ਲੈ ਕੇ ਜ਼ਿਆਦਾ ਹਾਏ-ਤੌਬਾ ਮਚ ਰਹੀ ਹੈ ਜਦਕਿ ਇਹ ਰੌਲ?ਾ ਝਾਰਖੰਡ ਦੇ ਨਤੀਜਿਆਂ 'ਤੇ ਬਿਲਕੁਲ ਬੰਦ ਹੈ।

ਲੰਘੇ ਕੁਝ ਸਾਲਾਂ ਤੋਂ ਆਪਣੀ ਹਾਰ ਤੋਂ ਬਾਅਦ ਜ਼ਿਆਦਾਤਰ ਰਾਜਨੀਤਕ ਦਲ ਇਸ ਦਾ ਠੀਕਰਾ ਈਵੀਐੱਮ 'ਤੇ ਭੰਨ ਰਹੇ ਹਨ। ਈਵੀਐੱਮ ਬਾਰੇ ਨਵੀਂ ਸ਼ਿਕਾਇਤ ਇਹ ਹੈ ਕਿ ਵਰਤੋਂ ਤੋਂ ਬਾਅਦ ਈਵੀਐੱਮ ਦੀ ਬੈਟਰੀ 99 ਫੀਸਦ ਕਿਉਂ ਰਹਿ ਰਹੀ ਹੈ। ਚੋਣ ਕਮਿਸ਼ਨ ਇਸ ਬਾਰੇ ਜਵਾਬ ਦੇ ਚੁੱਕਾ ਹੈ। ਕਮਿਸ਼ਨ ਨੇ ਇੱਥੇ ਤੱਕ ਕਿਹਾ ਹੈ ਕਿ ਈਵੀਐੱਮ ਨੂੰ ਲੈ ਕੇ ਪਾਰਟੀਆਂ ਦੇ ਜੋ ਵੀ ਸਵਾਲ ਹਨ, ਉਨ੍ਹਾਂ ਦਾ ਜਵਾਬ ਦਿੱਤਾ ਜਾਵੇਗਾ।

ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਇਸ ਗੱਲ ਦੀ ਵਕਾਲਤ ਕਰ ਰਹੇ ਹਨ ਕਿ ਬੈਲਟ ਪੇਪਰ ਰਾਹੀਂ ਵੋਟਿੰਗ ਹੋਣੀ ਚਾਹੀਦੀ ਅਤੇ ਇਸ ਮੰਗ ਲਈ 'ਭਾਰਤ ਜੋੜੋ ਯਾਤਰਾ' ਵਰਗੀ ਮੁਹਿੰਮ ਸ਼ੁਰੂ ਕਰਨੀ ਹੋਵੇਗੀ। ਇਸ ਮੰਗ ਤੋਂ ਬਾਅਦ ਸੁਪਰੀਮ ਕੋਰਟ ਦੇ ਜੱਜ ਵਿਕਰਮਨਾਥ ਤੇ ਜੱਜ ਪੀਬੀ ਵਰਾਲੇ ਦੇ ਬੈਂਚ ਨੇ ਇੱਥੋਂ ਤੱਕ ਟਿੱਪਣੀ ਕੀਤੀ ਹੈ ਕਿ ਜਦੋਂ ਤੁਸੀਂ ਚੋਣਾਂ ਜਿੱਤਦੇ ਹੋ ਤਾਂ ਈਵੀਐੱਮ ਨਾਲ ਛੇੜਛਾੜ ਕਿਉਂ ਨਹੀਂ ਕਹਿੰਦੇ, ਹਾਲਾਂਕਿ ਹਾਰ ਤੋਂ ਬਾਅਦ ਹੀ ਕਹਿੰਦੇ ਹੋ ਕਿ ਈਵੀਐੱਮ ਨਾਲ ਕੋਈ ਗੜਬੜ ਹੋਈ ਹੈ। ਹੈਰਾਨ ਕਰਨ ਵਾਲੀ ਗੱਲ ਹੈ ਕਿ ਕਈ ਸਾਲਾਂ ਤੋਂ ਸਵਾਲਾਂ ਵਿਚ ਘਿਰੀ ਈਵੀਐੱਮ ਦੀ ਭਰੋਸੇਯੋਗਤਾ ਨੂੰ ਚੁਣੌਤੀ ਵੀ ਮਿਲਦੀ ਰਹੀ ਹੈ ਤੇ ਇਸ ਨੂੰ ਹੱਲ ਵੀ ਨਹੀਂ ਕੀਤਾ ਜਾ ਸਕਿਆ ਹੈ।

Published, Printed and Owned by Anil Kumar Garg, Published at Street No-11, Manshahia Colony, Near Grewal Filling Station, Sangrur, Punjab State, Pin-148001, Printed at- Tejas Printers, Opposite Government High School, Patiala Cant., Dhamomajra Road, Patiala, Punjab State, Pin-147001. Editor-Anil Kumar Garg

ਜਦੋਂ ਮੇਰੀ ਥਾਂ ਮੈਡਮ ਜੁਆਇਨ ਕਰ ਗਈ

ਇਹ ਗੱਲ 1984 ਦੀ ਹੈ । ਉਦੋਂ ਅਧਿਆਪਕਾਂ ਦੀ ਨਿਯੁਕਤੀ ਛੇ ਮਹੀਨੇ ਦੇ ਆਧਾਰ ਉੱਪਰ ਜਿਲ੍ਹਾ ਪੱਧਰ ਉੱਪਰ ਜਿਲ੍ਹਾ ਸਿੱਖਿਆ ਅਫਸਰ ਵਲੋਂ ਨਿਰੋਲ ਮੈਰਿਟ ਦੇ ਅਧਾਰ ਉੱਪਰ ਵੱਖੋ-ਵੱਖਰੇ ਵਿਸ਼ਿਆਂ ਦੇ ਅਧਿਆਪਕਾਂ ਦੀਆਂ ਲਿਸਟਾਂ ਬਣਾ ਕੇ ਮੈਰਿਟ ਵਾਈਜ਼ ਖਾਲੀ , ਛੁੱਟੀ ਵਾਲੇ ਸਟੇਸ਼ਨਾਂ ਉੱਪਰ ਆਰਡਰ ਸਬੰਧਤ ਅਧਿਆਪਕ ਨੂੰ ਭੇਜੇ ਜਾਂਦੇ ਸੀ ।ਉਸ ਸਮੇਂ ਪੰਜਾਬ ਅੰਦਰ ਰਾਸਟਰਪਤੀ ਰਾਜ ਲਾਗੂ ਸੀ , ਸਾਰੀਆਂ ਸਕਤੀਆਂ ਰਾਜ ਦੇ ਗਵਰਨਰ ਬੀ.ਡੀ.ਪਾਂਡੇ ਕੋਲ ਸੀ ਜੋ ਸ਼ਾਸਨ ਚਲਾ ਰਹੇ ਸੀ ।ਇਸੀ ਕਰਕੇ ਉਸ ਸਮੇਂ ਕੋਈ ਰਾਜਨੀਤਕ ਨੇਤਾਵਾਂ ਦੀ ਕੋਈ ਪੁੱਛ-ਗਿੱਛ ਨਹੀਂ ਸੀ ।ਨੌਕਰੀ ਲੈਣੀ ਆਸਾਨ ਸੀ ।ਆਰਟ / ਕਰਾਫਟ ਟੀਚਰਾਂ ਦੀਆਂ ਪੋਸਟਾਂ ਸਾਰੇ ਜਿਲ੍ਹੇ ਵਿੱਚ ਖਾਲੀ ਤਾਂ ਕੀ ਹੋਣੀ ਸੀ ਸਿਰਫ ਛੁੱਟੀ ਵਾਲੇਦੋ ਸਟੇਸ਼ਨ ਖਾਲੀ ਸਨ ,ਜਿਨ੍ਹਾਂ ਉੱਪਰ ਮੈਰਿਟ ਅਨੁਸਾਰ ਆਏ ਪਹਿਲੇ ਦੋ ਅਧਿਆਪਕਾਂ ਦੇ ਆਰਡਰ ਹੋ ਗਏ । ਮੈਰਿਟ ਲਿਸਟ ਛੇ ਮਹੀਨੇ ਲਈ ਵੈਲਿਡ ਹੁੰਦੀ ਸੀ , ਮੇਰਾ ਤੀਸਰਾ ਨੰਬਰ ਸੀ ਕੋਈ ਪੋਸਟ ਖਾਲੀ ਨਹੀਂ ਸੀ । ਮੇਰਾ ਡੀ.ਈ.ਓ. ਦਫਤਰ ਦੂਜੇ ਦਿਨ ਤਕਰੀਬਨ ਗੇੜਾ ਸੀ , ਸਬੰਧਤ ਕਲਰਕ 'ਕੋਈ ਪੋਸਟ ਖਾਲੀ ਨਹੀਂ' ਕਹਿ ਦਿੰਦਾ ।ਮੈਂ ਨਿਰਾਸ ਹੋ ਕੇ ਵਾਪਸ ਆ ਜਾਂਦਾ । ਮੈਨੂੰ ਦੋ ਨੰਬਰ ਵਾਲੇ ਮੇਰੇ ਦੋਸਤ ਬਲਬੀਰ ਸਿੰਘ ਅਧਿਆਪਕ ਨੇ ਦੱਸ ਦਿੱਤਾ ਕਿ ਕਲਰਕ ਨੂੰ ਪੰਜ ਸੌ ਦੇ ਦੇ ਆਰਡਰ ਦੇ ਦੇਵੇਗਾ ।ਮੈਂ ਕਦੇ ਅਜਿਹਾ ਕਦੇ ਕੀਤਾ ਨਹੀਂ ਸੀ ।ਚਲੋ ਕਰਨਾ ਪਿਆ । ਡੀ.ਈ.ਓ. ਦਫਤਰ ਪਟਿਆਲੇ ਪੁਰਾਣੇ ਕਿਲ੍ਹੇ ਵਿੱਚ ਸੀ । ਪੁਰਾਣੀ ਬਿਲਡਿੰਗ , ਤੰਗ ਪੌੜੀਆਂ ਸਨ ।ਮੈਂ ਹੇਠਾਂ ਛੁਟੇ ਜਿਹੇ ਪਾਰਕ 'ਚ ਧੁੱਪੇ ਬੈਠ ਗਿਆ ਅਤੇ ਲੰਚ ਸਮੇਂ ਤੋਂ ਬਾਦ ਸਬੰਧਤ ਕਲਰਕ ਨੂੰ ਵਾਪਸ ਆਉਂਦੇ ਨੂੰ ਦੇਖ ਰਹਿਆ ਸੀ ।ਮਨ 'ਚ ਫੁਰਨਾ ਆਇਆ ਕਿ ਪੌੜੀਆਂ ਚੜ੍ਹਦੇ ਕਲਰਕ ਨੂੰ ਨੋਟ ਫੜ੍ਹਾ ਦੇਵਾਂ ਇਹੀ ਮੌਕਾ ਮੇਰੇ ਲਈ ਸੌਖਾ ਲੱਗਦਾ ਸੀ । ਕਲਰਕ ਦੇ ਪੌੜੀਆਂ ਚੜ੍ਹਦੇ ਸਮੇਂ ਮੈਂ ਵੀ ਨਾਲ ਹੀ ਮੁੱਠੀ 'ਚ ਪੈਸੇ ਲੈ ਕੇ ਨਾਲ ਚੜ੍ਹ ਗਿਆ ਤੇ ਕਲਰਕ ਨੂੰ ਉਸਦੀ ਮੁੱਠੀ 'ਚ ਫੈਸੇ ਫੜ੍ਹਾ ਦਿੱਤੇ ।ਕਲਰਕ ਨੇ ਮੈਨੂੰ ਚਾਰ ਕੁ ਵਜੇ ਆ ਕੇ ਆਰਡਰ ਲਿਜਾਣ ਲਈ ਕਹਿਆ।ਮੈਂ ਹੇਠਾਂ ਆ ਕੇ ਘੰਟਾ ਕੁ ਬੈਠਿਆ ਪਰ ਸਮਾਂ ਲੰਘਾਉਣਾ ਔਖਾ ਲੱਗਦਾ ਸੀ ਮੈਂ ਉੱਪਰ ਵਰਾਂਡੇ 'ਚ ਚਲਾ ਗਿਆ ।ਜਦੋਂ ਮੈਂ ਸਬੰਧਤ ਕਲਰਕ ਵੱਲ ਵੇਖਿਆ ਤਾਂ ਉਸ ਨੇ ਮੈਨੂੰ ਆਉਣ ਦਾ ਇਸ਼ਾਰਾ ਕਰ ਦਿੱਤਾ । ਮੈਂ ਗਿਆ ਤਾਂ ਮੈਨੂੰ ਸਬੰਧਤ ਕਲਰਕ ਨੇ ਦੋ ਕਾਪੀਆਂ ਆਰਡਰਾਂ ਦੀਆਂ ਜੋ ਕਿ ਸ.ਮਿ.ਸ. ਨਨਹੇੜਾ (ਸਮਾਣਾ) ਵਿਖੇ ਛੁੱਟੀ ਵਾਲੀ ਥਾਂ ਤੇ ਕੀਤੇ ਹੋਏ ਸਨ , ਦੇ ਕੇ ਰਸੀਟ ਵਜੋਂ ਦਸਤਖ ਕਰਵਾ ਲਏ ।ਮੈਂ ਆਰਡਰ ਲੈ ਕੇ ਪਿੰਡ ਆ ਗਿਆ ।ਮੈਂ ਸੋਚ ਰਿਹਾ ਸੀ ਕਿ ਖਾਲੀ ਪੋਸਟ ਤਾਂ ਪਹਿਲਾਂ ਹੀ ਪਈ ਸੀ ਪਰ ਇਹ ਤਾਂ ਉਸ ਸਮੇਂ ਦੇ ਬਾਬੂਆਂ ਦੀ ਪਰੰਪਰਾ ਹੀ ਸੀ ਕਿ ਕੰਮ ਬਿਨ੍ਹਾਂ ਪੈਸੇ ਦੇ ਨਹੀਂ ਕਰਨੇ । ਸਮਾਣੇ ਮੇਰੇ ਪਿੰਡੋਂ ਹੀ ਰਮਿੰਦਰ ਕੁਮਾਰ ਤਹਿਸੀਲ਼ ਵਿੱਚ ਨੌਕਰੀ ਕਰਦਾ ਸੀ ।ਇਸ ਕਰਕੇ ਮੈਂ ਨਨਹੇੜੇ ਸਕੂਲ 'ਚ 18 ਜਨਵਰੀ 1984 ਨੂੰ ਆਪਣੀ ਪਹਿਲੀ ਹਾਜ਼ਰੀ ਦੇ ਕੇ ਉਸ ਨਾਲ ਰਾਬਤਾ ਕਰਕੇ ਉਸ ਕੋਲ ਹੀ ਰਹਿਣ ਲੱਗ ਪਿਆ ।ਪਤਾ ਲੱਗਿਆ ਸਕੂਲ ਦੀ ਮੈਡਮ ਅਬਾਰਸਨ ਲੀਵ ਉੱਪਰ ਸੀ ਜੋ ਹਰੇਕ ਸਾਲ ਐਵੇਂ ਹੀ ਇਹ ਲੀਵ ਲੈ ਲੈਂਦੀ ਸੀ ।ਇਹ ਲੀਵ ਇੱਕੀ ਦਿਨਾਂ ਦੀ ਸੀ ਅਤੇ ਡਾਕਟਰ ਦੀ ਪਰਚੀ ਨਾਲ ਵਧਾਈ ਜਾਂਦੀ ਸੀ ।ਸੋ ਮੈਂ ਇੱਕ ਦਿਨ ਰਲੀਵ ਹੋ ਕੇ ਦੁਬਾਰਾ ਆਰਡਰ ਲੈ ਆਇਆ । ਮਹੀਨੇ ਤੋਂ ਉੱਪਰ ਇਥੇ ਡਿਊਟੀ ਦਿੱਤੀ ।ਰੀਲੀਵ ਹੋ ਕੇ ਦਫਤਰ ਰਿਪੋਰਟ ਦੇਣੀ ਹੁੰਦੀ ਸੀ ਤਾਂ ਜੋ ਕਿਸੇ ਹੋਰ ਖਾਲੀ ਪੋਸਟ ਤੇ ਆਰਡਰ ਮਿਲ ਸਕਣ ।ਜ਼ਿਆਦਾ ਬ੍ਰੇਕ ਤੋਂ ਬਚਣ ਲਈ ਮੈਨੂੰ ਜ਼ਿਆਦਾ ਜਾਣਕਾਰ ਅਧਿਆਪਕਾਂ ਤੋਂ ਮੈਡੀਕਲ ਛੁੱਟੀਆਂ ਦਿਵਾ ਕੇ ਆਰਡਰ ਲੈ ਕੇ ਕਈ ਸਕੂਲਾਂ 'ਚ ਜਾਣਾ ਪਿਆ ।ਕਲਰਕ ਹੁਣ ਜਦੋਂ ਮੈਂ ਛੁੱਟੀ ਲਿਖਾ ਕੇ ਲਿਜਾਂਦਾ ਤਾਂ ਉਸ ਆਧਾਰ ਉੱਪਰ ਮੇਰੇ ਆਰਡਰ ਕਰ ਕੇ ਦੇ ਦਿੰਦਾ ।ਪਿੰਡ ਦੇ ਡਰਾਇੰਗ ਅਧਿਆਪਕ ਸ੍. ਮੇਜਰ ਸਿੰਘ ਨੂੰ ਮੈਂ ਕਹਿ ਰੱਖਿਆ ਸੀ ਕਿ ਜਦੋਂ ਮੈਨੂੰ ਲੋੜ ਪਈ ਤਾਂ ਥੋੜੇ ਦਿਨ ਛੁੱਟੀ ਲੈ ਲੈਣੀ , ਉਸ ਨੇ ਹਾਂ ਕਰ ਦਿੱਤੀ ਸੀ ।ਮੈਂ ਕਈ ਦਿਨਾਂ ਤੋਂ ਹਫਤਾ ਕੁ ਪਿੰਡ ਦੇ ਹੀ ਟੀਚਰ ਸ੍ਰੀ ਤੇਜਪਾਲ ਵਰਮਾ ਦੀ ਥਾਂ ਛੁੱਟੀ ਦਿਵਾ ਕੇ ਬਰੇਕ ਤੋੜੀ ਸੀ ਹੁਣ ਫੇਰ ਲੋੜ ਸੀ ।ਮੈਂ ਦਫਤਰ ਅਰਡਰਾਂ ਬਾਰੇ ਪਤਾ ਕਰਨ ਗਿਆ ਪਰ ਕੋਈ ਪੋਸਟ ਨਹੀਂ ਸੀ । ਮੈਂ ਆਪਣੇ ਵਲੋਂ ਅਰਜ਼ੀ ਲਿਖ ਕੇ ਕਿ ਸ.ਮਿ.ਸ.ਨੌਹਰਾ ਵਿਖੇ ਅ / ਕ ਟੀਚਰ ਕਲ੍ਹ ਤੋਂ ਛੁੱਟੀ ਤੇ ਜਾ ਰਿਹਾ ਹੈ , ਕਲਰਕ ਨੂੰ ਦੇ ਦਿੱਤੀ ਤਾਂ ਉਸ ਨੇ ਮੈਨੂੰ ਅਰਡਰ ਬਣਾ ਕੇ ਦੇ ਦਿੱਤੇ । ਜਦੋਂ ਮੈਂ ਸਕੂਲ ਹਾਜ਼ਰ ਹੋਣ ਗਿਆ ਤਾਂ ਮੇਜਰ ਸਿੰਘ ਹਾਜ਼ਰ ਸੀ । ਇੰਚਾਰਜ਼ ਵੀ ਮੈਨੂੰ ਜਾਣਦੇ ਸੀ ਸੋ ਉਹ ਹੈਰਾ ਵੀ ਹੋ ਗਏ ਕਿ ਬਿਨ੍ਹਾਂ ਛੁੱਟੀ ਭੇਜੇ ਹੀ ਆਰਡਰ ਕਰ ਦਿੱਤੇ ।ਚਲੋ ਉਨ੍ਹਾਂ ਮੇਜਰ ਸਿੰਘ ਦੀ ਛੁੱਟੀ ਭਰ ਕੇ ਮੈਨੂੰ ਹਾਜ਼ਰ ਕਰਵਾ ਲਿਆ । ਹਫਤਾ ਇਸ ਸਕੂਲ 'ਚ ਲਾਇਆ ।ਇਹ ਦਿੱਤੇ ਪੈਸੇ ਦੀ ਕਰਾਮਾਤ ਸੀ । ਇਸੇ ਤਰ੍ਹਾਂ ਕੁਲਵੰਤ ਸਿੰਘ ਡਰਾਇੰਗ ਮਾਸਟਰ ਨੇ ਮੈਨੂੰ ਰਸਤੇ 'ਚ ਮਿਲਦੇ ਸਮੇਂ ਹੀ ਆਪਣੇ ਵਲੋਂ ਛੁੱਟੀ ਦੀ ਅਰਜ਼ੀ ਲਿਖ ਦਿੱਤੀ ਕਲਰਕ ਨੇ ਉਸੀ ਅਰਜ਼ੀ ਦੇ ਆਧਾਰ ਤੇ ਰਾਜਗੜ੍ਹ ਵਿਖੇ ਮੇਰੇ ਆਰਡਰ ਕਰ ਦਿੱਤੇ ।ਇਸ ਤੋਂ ਬਾਅਦ ਕਾਫੀ ਬਰੇਕ ਬਾਅਦ ਹਾੜੀ ਦੇ ਦਿਨਾਂ ਵਿੱਚ ਮੈਨੂੰ ਛੁੱਟੀ ਵਾਲੀ ਥਾਂ ਬਡਾਲੀ ਮਾਈ ਕੀ ਮਿਡਲ ਸਕੂਲ ਦੇ ਆਰਡਰ ਮਿਲ ਗਏ ।ਘਰੇ ਤੂੜੀ ਦਾ ਪ੍ਰਬੰਧ ਕਰਨਾ ਸੀ ਤਾਂ ਮੈਂ ਇੱਕ ਦਿਨ ਸਕੂਲ ਹਾਜ਼ਰ ਹੋਣ ਤੋਂ ਖੁੰਝ ਗਿਆ ਮੈਂ ਸੋਚਿਆ ਇੱਕ ਦਿਨ ਨਾਲ ਕੀ ਫਰਕ ਪੈਣਾ ।ਅਗਲੇ ਦਿਨ ਮੈਂ ਸੁਵੱਖਤੇ ਹੀ ਪਰੌਠੇ ਬੰਨ ਕੇ ਸਾਈਕਲ ਤੇ ਪਿੰਡਾਂ ਵਿੱਚ ਦੀ ਭਾਦਸੋਂ ਹੁੰਦਾ ਹੋਇਆ ਸਰਹੰਦ ਪਹੁੰਚ ਗਿਆ ਜਿਥੋਂ ਮੈਂ ਚੁੰਨੀ ਵਾਲੀ ਸੜਕ ਪੈ ਗਿਆ ਕਿਉਂ ਕਿ ਮੈਂ ਬਡਾਲੀ ਆਲਾ ਸਿੰਘ ਪਿੰਡ ਨੂੰ ਇਸ ਰੋਡ ਉੱਪਰ ਚੰਡੀਗੜ੍ਹ ਨੂੰ ਬਸ 'ਚ ਜਾਂਦੇ ਸਮੇਂ ਦੇਖਿਆ ਹੋਇਆ ਸੀ ।ਮੇਰਾ ਅੰਦਾਜ਼ਾ ਪਿੰਡ ਬਡਾਲੀ ਮਾਈ ਕੀ ਇਸ ਦੇ ਨੇੜੇ ਹੀ ਹੋਣ ਦਾ ਸੀ । ਜਿਉਂ ਹੀ ਦਿਨ ਚੜ੍ਹਦਾ ਗਿਆ ਹਵਾ ਵੀ ਮੂਹਰਲ਼ੀ ਚਲਣ ਲੱਗੀ ਸਾਈਕਲ ਜ਼ੋਰ ਨਾਲ ਚਲਾਉਣਾ ਪਿਆ । ਬਡਾਲੀ ਆਲਾ ਸਿੰਘ ਪੁੱਜ ਕੇ ਪਤਾ ਕੀਤਾ ਕਿ ਇਹ ਪਿੰਡ ਤਾਂ ਚੁੰਨੀ ਤੋਂ ਪਹਿਲਾਂ ਸੜਕ ਮੁੜ ਕੇ ਅੱਗੇ ਇਹ ਭਗੜਾਨਾ- ਜੀ.ਟੀ.ਰੋਡ ਉੱਪਰ ਜਾਕੇ ਉਸ ਸੜਕ ਉੱਪਰ ਹੈ । ਚਲੋ ਮੈਂ ਚਲ ਪਿਆ ਜੂਨ ਦਾ ਮਹੀਨਾ ਸੀ ਪਿਆਸ ਲੱਗੀ ਤਾਂ ਇੱਕ ਸੜਕ ਤੇ ਛੋਟੀ ਜਿਹੀ ਗਰੀਬ ਬਸਤੀ ਸੀ ਉਥੇ ਇੱਕ ਘਰ ਤੋਂ ਘੜੇ ਦਾ ਪਾਣੀ ਪੀਤਾ । ਜਦ ਸਕੂਲ਼ ਪੁੱਜਿਆ ਤਾਂ ਅੱਧੀ ਛੁੱਟੀ ਹੋ ਚੁੱਕੀ ਸੀ ।ਸਕੂਲ ਦਾ ਸਟਾਫ ਖਾਣਾ ਖਾ ਰਿਹਾ ਸੀ । ਮੈਂ ਜਾ ਕੇ ਆਪਣੇ ਆਰਡਰਾਂ ਬਾਰੇ ਦੱਸਿਆ ਤਾਂ ਸਕੂਲ਼ ਮੁੱਖੀ ਨੇ ਦੱਸਿਆ ਕਿ 'ਆਹ ਮੈਡਮ ਕਲ੍ਹ ਹਾਜ਼ਰ ਹੋ ਗਏ ਹਨ' ਉਨ੍ਹਾਂ ਚਾਹ ਦਾ ਗਿਲਾਸ ਮੇਰੇ ਲਈ ਬਣਵਾ ਦਿੱਤਾ ਮੈਂ ਪਰੌਠੇ ਕੱਢ ਕੇ ਆਚਾਰ ਨਾਲ ਖਾ ਕੇ ਚਾਹ ਪੀਤੀ । ਇੰਚਾਰਜ਼ ਨੇ ਆਰਡਰਾਂ ਉੱਪਰ ਸਕੂਲ 'ਚ ਪੋਸਟ ਖਾਲੀ ਨਾ ਹੋਣ ਬਾਰੇ ਲਿੱਖ ਦਿੱਤਾ ।ਮੈਂ ਸਾਈਕਲ ਤੇ ਚੜਿਆ ਪਟਿਆਲੇ ਦਫਤਰ ਜਾਣ ਲਈ ।ਰਸਤੇ 'ਚ ਸੋਚ ਰਿਹਾ ਸੀ ਕਿ ਮੇਰੇ ਮਗਰ ਹੀ ਕਲਰਕ ਨੇ ਹੋਰ ਆਰਡਰ ਵੀ ਮੇਰੀ ਵਾਲੀ ਥਾਂ ਉੱਪਰ ਕਰ ਦਿੱਤੇ ਇਸ ਰਾਜ਼ ਨੂੰ ਕੀ ਸਮਝੀਏ , ਜੇ ਮੈਂ ਕੱਲ੍ਹ ਆ ਕੇ ਜੁਆਇਨ ਕਰ ਲੈਂਦਾ । ਜੀ.ਟੀ.ਰੋਡ ਤੇ ਜਾ ਕੇ ਮੈਂ ਬਸ ਸਟਾਪ 'ਤੇ ਰਾਜਪੁਰੇ ਦੀ ਬਸ ਲੈ ਕੇ ਸਾਈਕਲ ਕਿਸੇ ਸਵਾਰੀ ਦੀ ਮਦਦ ਨਾਲ ਉੱਪਰ ਚੜ੍ਹਵਾ ਕੇ ਬਸ 'ਚ ਬੈਠ ਗਿਆ । ਰਾਜਪੁਰੇ ਤੋਂ ਫਿਰ ਪਟਿਆਲੇ ਦੀ ਬਸ ਲੈ ਲਈ । ਪਟਿਆਲਾ ਪਹੁੰਚ ਸਾਈਕਲ ਨੂੰ ਸਿੱਧਾ ਡੀ,ਈ.ਓ. ਦਫਤਰ ਵੱਲ ਕਰ ਲਿਆ ਦਫਤਰ ਪਹੁੰਚ ਕੇ ਕਲਰਕ ਨੂੰ ਆਰਡਰ ਵਾਪਸ ਦਿੱਤੇ ਤਾਂ ਉਸ ਨੇ ਨਵੇਂ ਆਰਡਰ ਖਾਲੀ ਥਾਂ ਸ.ਮਿ.ਸ.ਮਵੀ ਕਲਾਂ ਦੇ ਕਰ ਦਿੱਤੇ ।ਇਥੇ ਮੈਂ ਹਾਜਰ ਹੋ ਕੇ ਡਿਊਟੀ ਨਿਭਾਉਣੀ ਸ਼ੁਰੂ ਕੀਤੀ । ਮੈਂ ਆਪਣੇ ਪਿੰਡ ਦੇ ਦੋਸਤ ਕੋਲ ਦੁਬਾਰਾ ਸਮਾਣੇ ਠਹਿਰ ਬਣਾ ਲਈ ।ਸ੍ਰੀ ਦਰਬਾਰ ਉਤੇ ਅਕਾਲ ਤਖਤ ਸਾਹਿਬ ਉੱਪਰ ਜਦੋਂ ਹਮਲਾ ਹੋਇਆ ਤਾਂ ਅਸੀਂ ਐਤਵਾਰ ਦੀ ਛੁੱਟੀ ਕਾਰਨ ਪਿੰਡ ਗਏ ਹੋਏ ਸੀ । ਪੰਜਾਬ ਅੰਦਰ ਕਰਫਿਊ ਲੱਗਾ ਹੋਇਆ ਸੀ ।ਕਈ ਦਿਨ ਪਿੰਡ ਰੁਕਣਾ ਪਿਆ ।ਕਰਫਿਊ 'ਚ ਢਿੱਲ ਹੋਣ ਤੇ ਮੈਂ ਅਤੇ ਰਮਿੰਦਰ ਸਾਈਕਲਾਂ ਉੱਪਰ ਪਿੰਡਾਂ ਵਿੱਚ ਦੀ ਸਮਾਣੇ ਪੁੱਜ ਗਏ ।ਸਾਮ ਨੂੰ ਕਮਰੇ 'ਚ ਬੈਠਿਆਂ ਨੂੰ ਗੁਆਂਢੀ ਦੇ ਘਰੋਂ ਟੀ.ਵੀ. ਦੀ ਅਵਾਜ਼ ਅਕਾਲ ਤੱਖਤ ਦੇ ਜਥੇਦਾਰ ਦੀ ਵਾਰ-ਵਾਰ ਸੁਣਾਈ ਦੇ ਰਹੀ ਸੀ 'ਕੋਠਾ ਸਹਿਬ ਠੀਕ ਠਾਕ ਹੈ' ।ਅਗਲੇ ਦਿਨ ਦਿਨ 'ਚ ਕਰਫਿਊ 'ਚ ਢਿੱਲ ਦਿੱਤੀ ਹੋਈ ਸੀ ਮੈਂ ਸਕੂਲ ਜਾਣਾ ਸ਼ੁਰੂ ਕਰ ਦਿੱਤਾ ।ਮੈਨੂੰ 20 ਜੂਨ 1984 ਨੂੰ ਸੀਨੀਅਰ ਐਡਹਾਕ ਅਧਿਆਪਕਾ ਨੇ ਮੇਰੀ ਥਾਂ ਜੁਆਇਨ ਕਰ ਲਿਆ , ਮੈਂ ਰੀਲੀਵ ਹੋਣ ਤੇ ਡੀ.ਈ.ਓ. ਦਫਤਰ ਜਾ ਕੇ ਰੀਲੀਵਿੰਗ ਚਿੱਟ ਅਤੇ ਦੁਬਾਰਾ ਨਿਯੁਕਤੀ ਲਈ ਬੇਨਤੀ ਪੱਤਰ-ਫਾਰਮ ਭਰ ਕੇ ਕਲਰਕ ਨੂੰ ਦੇ ਦਿੱਤਾ ਪਰ ਜਿਲ੍ਹੇ 'ਚ ਕੋਈ ਪੋਸਟ ਕਿਸੇ ਕਿਸਮ ਦੀ ਵੀ ਖਾਲੀ ਨਹੀਂ ਸੀ ।ਮੈਂ ਘਰ ਜੱਦੀ ਕੰਮ ਹੋਣ ਕਾਰਨ ਵਹਿਲੇ ਸਮੇਂ ਪਿਤਾ ਜੀ ਨਾਲ ਸਿਲਾਈ ਦਾ ਕੰਮ ਕਰਾਉਂਦਾ ਸੀ । ਕਾਜ-ਬਟਨ ਤੋਂ ਸ਼ੁਰੂ ਕਰ ਕੇ ਮੈਂ ਨਾਰਮਲ ਸਿਲਾਈ ਵੀ ਸਿੱਖ ਲਈ ਸੀ ।ਸਿਲਾਈ 'ਚ ਉਸ ਸਮੇਂ ਵਧੀਆ ਦਿਹਾੜੀ ਬਣਦੀ ਸੀ ਤਨਖਾਹ ਸਿਰਫ ਸੱਤ-ਅੱਠ ਸੌ ਰੁਪਏ ਵਿਚਕਾਰ ਹੀ ਸੀ ।ਮੇਰੇ 'ਚ ਪਤਾ ਨਹੀਂ ਦੁਕਾਨ ਕਰਨ ਦਾ ਫੁਰਨਾ ਪੈਂਦਾ ਹੋਇਆ, ਸਾਇਦ ਮੇਰਾ ਦ੍ਰਿੜ-ਵਿਸ਼ਵਾਸ਼ ਹੀ ਮੈਨੂੰ ਏਧਰ ਲੈ ਗਿਆ ਜੋ ਅੱਜ ਵੀ ਮੇਰੀ ਜ਼ਿੰਦਗੀ ਵਿੱਚ ਅਹਿਮ ਯੋਗਦਾਨ ਪਾਉਂਦਾ ਆ ਰਿਹਾ ਹੈ ।ਨਿਯੁਕਤੀ ਲਈ ਕਈ ਮਹੀਨੇ ਦੀ ਉਡੀਕ ਪਿਛੋਂ ਮੈਂ ਅਕਤੂਬਰ ਦੇ ਅਖੀਰ 'ਚ ਸਿਲਾਈ ਦੀ ਦੁਕਾਨਐਮ.ਸੀ. ਮਾਰਕੀਟ ਘਾਹ ਮੰਡੀ ਨਾਭਾ ਵਿਖੇ ਕਿਰਾਏ ਤੇ ਦੁਕਾਨ ਲੈ ਕੇ ਆਪਣੇ ਦੋਹਾਂ ਭਰਾਵਾਂ ਹਰਭਜਨ ਸਿੰਘ ਅਤੇ ਸੁੱਖਵਿੰਦਰ ਸਿੰਘ ਬਿੱਲਾ ਨਾਲ 'ਸਟੂਡੈਂਟ ਟੇਲਰਜ਼' ਖੋਲ੍ਹ ਕੇ ਕੰਮ ਸ਼ੁਰੂ ਕਰ ਦਿੱਤਾ ।ਕੰਮ ਚੰਗਾ ਚਲਣ ਲੱਗ ਪਿਆ , ਦੁਕਾਨ ਤੇ ਦਸ ਦਸ ਕਾਰੀਗਰ ਕੰਮ ਕਰਨ ਲੱਗ ਪਏ ਸੀ ਦਿਨ ਰਾਤ ਡੱਟ ਕੇ ਕੰਮ ਕੀਤਾ , ਨਾਲ ਹੀ ਰੈਗੂਲਰ ਨੌਕਰੀ ਲਈ ਬੇਰੁਜਗਾਰ ਯੂਨੀਅਨ ਵਿੱਚ ਵੀ ਸਰਗਰਮ ਹੋ ਕੇ ਕੰਮ ਕੀਤਾ ਅਤੇ ਤਕਰੀਬਨ ਤੇਰਾਂ ਸਾਲ ਤੋਂ ਵੱਧ ਵਕਫੇ ਬਾਦ 30 ਅਪ੍ਰੈਲ 1997 ਨੂੰ ਮੁੜ ਰੈਗੂਲਰ ਨਿਯੁਕਤੀ ਹੋਣ ਤੇ ਸ.ਹ.ਸ. ਉਲਾਣਾ (ਘਨੌਰ) ਤੋਂ ਅਧਿਆਪਕ ਸੇਵਾ ਸ਼ੁਰੂ ਕੀਤੀ ।ਨਹੀਂ ਤਾਂ ਕੁਝ ਹੋਰ ਹੋਣਾ ਸੀ ਸੋ ਜਿਥੇ ਵਾਹਿਗੁਰੂ ਜੀ ਨੇ ਸੇਵਾ ਕਰਾਉਣੀ ਹੈ ਉਹ ਹਰ ਹੀਲੇ ਕਰਨੀ ਹੀ ਹੁੰਦੀ ਭਾਵੇਂ ਅਸੀਂ ਕਦੇ ਉਸ ਸੇਵਾ ਬਾਰੇ ਸੋਚਿਆਂ ਵੀ ਨਹੀਂ ਹੁੰਦਾ । ਇਸ ਕਰਕੇ ਹਮੇਸ਼ਾ ਉਸਾਰੂ ਸੋਚ ਖੁਸ਼ਹਾਲ ਜੀਵਨ ਲਈ ਸਹਾਈ ਰਹਿੰਦੀ ਹੈ ।

ਮੇਜਰ ਸਿੰਘ ਨਾਭਾ ਮੋ :9463553962

ਜਿਸ ਕਉ ਰਾਖੈ ਸਿਰਜਨਹਾਰੁ

ਡੇਰਾ ਬਾਬਾ ਨਾਨਕ ਦਾ ਵਸਨੀਕ ਚੌੜਾ ਖ਼ਾਲਿਸਤਾਨ ਲਹਿਰ ਦੇ ਮੁੱਢਲੇ ਆਗੂਆਂ 'ਚੋਂ ਇਕ ਹੈ ਜੋ ਲੰਬੇ ਸਮੇਂ ਤੋਂ ਪਾਕਿਸਤਾਨ ਦੇ ਸੰਪਰਕ 'ਚ ਰਿਹਾ ਹੈ। ਉਸ ਨੇ ਦੋ ਦਹਾਕੇ ਪਹਿਲਾਂ 2004 'ਚ ਚੰਡੀਗੜ੍ਹ ਦੀ ਜੇਲ੍ਹ ਬ੍ਰੇਕ 'ਚ ਮੁੱਖ ਭੂਮਿਕਾ ਨਿਭਾ ਕੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ 'ਚ ਸ਼ਾਮਲ ਜਗਤਾਰ ਸਿੰਘ ਹਵਾਰਾ, ਜਗਤਾਰ ਸਿੰਘ ਤਾਰਾ, ਪਰਮਜੀਤ ਭਿਓਰਾ ਤੇ ਉਨ੍ਹਾਂ ਦੇ ਲਾਂਗਰੀ ਦੇਵ ਸਿੰਘ ਨੂੰ ਸੁਰੰਗ ਰਾਹੀਂ ਭੱਜਣ 'ਚ ਇਮਦਾਦ ਕੀਤੀ ਸੀ ਪੁਲਿਸ ਜਾਂਚ ਅਨੁਸਾਰ ਨਰੈਣ ਸਿੰਘ ਚੌੜਾ ਨੇ ਬੁੜੈਲ ਜੇਲ੍ਹ ਦੇ ਬਾਹਰ ਲੱਗੇ ਬਿਜਲੀ ਦੇ ਖੰਭੇ ਦੀਆਂ ਤਾਰਾਂ 'ਤੇ ਮੋਟਰਸਾਈਕਲ ਦੀ ਚੇਨ ਸੁੱਟ ਕੇ ਜੇਲ੍ਹ ਦੀ ਬੱਤੀ ਗੁੱਲ ਕਰ ਦਿੱਤੀ ਸੀ। ਬੱਤੀ ਮੁੜ ਬਹਾਲ ਹੋਣ ਤੋਂ ਪਹਿਲਾਂ ਬੇਅੰਤ ਸਿੰਘ ਕਤਲ ਕੇਸ 'ਚ ਸਜ਼ਾ ਭੁਗਤ ਰਹੇ ਦੋਸ਼ੀ ਸੁਰੰਗ ਰਾਹੀਂ ਭੱਜਣ 'ਚ ਕਾਮਯਾਬ ਹੋ ਗਏ ਸਨ। ਇਹ ਸੁਰੰਗ ਜੇਲ੍ਹ ਦੀ ਚੱਕੀ ਹੇਠਾਂ ਢਾਈ ਫੁੱਟ ਚੌੜੀ ਤੇ 14 ਫੁੱਟ ਡੂੰਘੀ ਪੁੱਟੀ ਗਈ ਸੀ। ਇਸ ਸੁਰੰਗ ਨੂੰ ਪੁੱਟਣ ਲਈ ਲੰਬਾ ਸਮਾਂ ਲੱਗਿਆ ਸੀ।ਦੋਸ਼ੀਆਂ ਨੇ ਪੁੱਟੀ ਗਈ ਮਿੱਟੀ ਨੂੰ 40 ਬੋਰੀਆਂ 'ਚ ਭਰ ਕੇ ਅਲਮਾਰੀਆਂ ਪਿੱਛੇ ਲੁਕਾ ਦਿੱਤਾ ਸੀ। ਇਸ ਸਾਜ਼ਿਸ਼ ਦਾ ਮਾਸਟਰਮਾਈਂਡ ਚੌੜਾ ਸੀ ਜੋ ਹਵਾਰਾ ਤੇ ਉਸ ਦੇ ਸਾਥੀਆਂ ਦੀ ਮੁਲਾਕਾਤ ਲਈ ਅਕਸਰ ਜੇਲ੍ਹ ਜਾਇਆ ਕਰਦਾ ਸੀ। ਖ਼ਾਲਿਸਤਾਨ ਲਹਿਰ 'ਤੇ ਉਸ ਨੇ ਕਈ ਕਿਤਾਬਾਂ ਵੀ ਲਿਖੀਆਂ ਸਨ ਜਿਨ੍ਹਾਂ ਦੀ ਸਮੇਂ-ਸਮੇਂ ਚਰਚਾ ਹੁੰਦੀ ਰਹੀ। ਸੁਖਬੀਰ ਸਿੰਘ ਬਾਦਲ ਖ਼ ?ਲਾਫ਼ ਉਸ ਦੀ ਨਿੱਜੀ ਕਿੜ ਸੀ ਕਿਉਂਕਿ ਅਕਾਲੀ-ਭਾਜਪਾ ਦੀ ਸਰਕਾਰ ਵੇਲੇ ਉਸ 'ਤੇ ਕਈ ਅਪਰਾਧਕ ਕੇਸ ਦਰਜ ਕੀਤੇ ਗਏ ਸਨ। ਇਸ ਹਮਲੇ ਵੇਲੇ ਜੇ ਸੁਖਬੀਰ ਦਾ ਪਰਸਨਲ ਸਕਿਉਰਿਟੀ ਅਫ਼ਸਰ (ਪੀਐੱਸਓ) ਜਸਬੀਰ ਸਿੰਘ ਮੁਸਤੈਦੀ ਨਾ ਦਿਖਾਉਂਦਾ ਤਾਂ ਇਹ ਹਮਲਾ ਜਾਨਲੇਵਾ ਹੋ ਸਕਦਾ ਸੀ।ਚਰਨ-ਕੁੰਡ (ਚਰਨ-ਗੰਗਾ) 'ਚ ਪੈਰ ਧੋ ਕੇ ਚੌੜਾ ਸੁਖਬੀਰ ਬਾਦਲ ਦੇ ਬੇਹੱਦ ਨੇੜੇ ਪਹੁੰਚਿਆ ਤਾਂ ਉਸ ਨੇ ਡੱਬ 'ਚੋਂ ਕੱਢ ਕੇ ਪਿਸਤੌਲ ਦਾ ਘੋੜਾ ਦੱਬ ਦਿੱਤਾ। ਪੀਐੱਸਓ ਨੇ ਗੋਲ ?ੀ ਚੱਲਣ ਤੋਂ ਪਹਿਲਾਂ ਉਸ ਨੂੰ ਪਿੱਛੇ ਧੱਕ ਕੇ ਉਸ ਦੀ ਬਾਂਹ ਉੱਪਰ ਕਰ ਦਿੱਤੀ ਤੇ ਚੌੜੇ ਦਾ ਨਿਸ਼ਾਨਾ ਖੁੰਝ ਗਿਆ। ਗੁਰਬਾਣੀ ਦੇ ਮੁੱਖਵਾਕ, "ਜਿਸ ਕਉ ਰਾਖੈ ਸਿਰਜਨਹਾਰੁ।। ਜਨ ਕਾ ਰਾਖਾ ਸੋਈ।।" ਅਨੁਸਾਰ ਨਿਮਾਣੇ ਸਿੱਖ ਵਜੋਂ ਧਾਰਮਿਕ ਸਜ਼ਾ ਭੁਗਤ ਰਹੇ ਸੁਖਬੀਰ ਨੂੰ ਗੁਰੂ ਰਾਮਦਾਸ ਨੇ ਹੱਥ ਦੇ ਕੇ ਬਚਾ ਲਿਆ। ਗੋਲ ?ੀ ਦੀ ਗੂੰਜ ਦੂਰ ਤੱਕ ਸੁਣਾਈ ਦਿੱਤੀ ਪਰ ਸੇਵਾਦਾਰ ਦਾ ਨੀਲਾ ਬਾਣਾ ਪਾਈ ਤੇ ਹੱਥ 'ਚ ਬਰਛਾ ਫੜੀ ਸੁਖਬੀਰ ਅਡੋਲ ਦਿਖਾਈ ਦਿੱਤੇ। ਇਸ ਘਟਨਾ ਮਗਰੋਂ ਸੁਖਬੀਰ ਤੇ ਉਨ੍ਹਾਂ ਦੇ ਸਾਥੀ ਅਕਾਲੀ ਨੇਤਾਵਾਂ ਨੇ ਬਾਕਾਇਦਗੀ ਨਾਲ ਲੰਗਰ ਹਾਲ ਵਿਖੇ ਜੂਠੇ ਭਾਂਡੇ ਮਾਂਜਣ ਦੀ ਸੇਵਾ ਨਿਭਾਈ। ਸੋਸ਼ਲ ਮੀਡੀਆ 'ਤੇ ਜਿਹੜੇ ਲੋਕ ਚੋਬਦਾਰ ਦੀ ਸੇਵਾ ਨਿਭਾ ਰਹੇ ਸੁਖਬੀਰ 'ਤੇ ਤੰਜ ਕੱਸ ਰਹੇ ਸਨ, ਉਨ੍ਹਾਂ ਨੇ ਵੀ ਇਸ ਹਮਲੇ ਦੀ ਸਖ਼ਤ ਨਿੰਦਾ ਕਰਨੀ ਸ਼ੁਰੂ ਕਰ ਦਿੱਤੀ।ਸਾਰੀਆਂ ਸਿਆਸੀ ਪਾਰਟੀਆਂ ਦੇ ਸੀਨੀਅਰ ਨੇਤਾਵਾਂ ਨੇ ਇਸ ਨੂੰ ਕਾਇਰਤਾ ਵਾਲਾ ਹਮਲਾ ਕਿਹਾ। ਅਜਿਹਾ ਹਮਲਾ 25 ਅਪ੍ਰੈਲ 1983 ਨੂੰ ਜਲੰਧਰ ਰੇਂਜ ਦੇ ਡੀਆਈਜੀ ਅਵਤਾਰ ਸਿੰਘ ਅਟਵਾਲ 'ਤੇ ਉਦੋਂ ਹੋਇਆ ਸੀ ਜਦੋਂ ਉਹ ਹਰਿਮੰਦਰ ਸਾਹਿਬ ਮੱਥਾ ਟੇਕ ਕੇ ਬਾਹਰ ਆ ਰਹੇ ਸਨ। ਪੌੜੀਆਂ ਚੜ੍ਹਦਿਆਂ ਉਨ੍ਹਾਂ ਦੇ ਹੱਥ ਚੜ੍ਹਾਏ ਗਏ ਪ੍ਰਸ਼ਾਦ ਦਾ ਡੂਨਾ ਸੀ ਜਦੋਂ ਤਿੰਨ ਹਥਿਆਰਬੰਦ ਅੱਤਵਾਦੀਆਂ ਨੇ ਉਨ੍ਹਾਂ ਨੂੰ ਹਰਿਮੰਦਰ ਸਾਹਿਬ ਪਰਿਸਰ 'ਚ ਢੇਰ ਕਰ ਦਿੱਤਾ ਸੀ। ਇਸ ਤੋਂ ਬਾਅਦ ਖ਼ਾਲਿਸਤਾਨੀਆਂ ਦੇ ਹੌਸਲੇ ਬੁਲੰਦ ਹੋ ਗਏ ਸਨ। ਰਸੂਲ ਹਮਜ਼ਾਤੋਵ ਨੇ 'ਮੇਰਾ ਦਾਗਿਸਤਾਨ' ਵਿਚ ਲਿਖਿਆ ਹੈ ਕਿ ਜੇ ਤੁਸੀਂ ਬੀਤੇ 'ਤੇ ਗੋਲ ?ੀ ਚਲਾਓਗੇ ਤਾਂ ਭਵਿੱਖ ਤੁਹਾਨੂੰ ਤੋਪ ਨਾਲ ਫੁੰਡੇਗਾ।

ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਵੇਸ਼ ਦੁਆਰ 'ਤੇ ਚੋਬਦਾਰ ਦੀ ਸੇਵਾ ਨਿਭਾ ਰਹੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਜਾਨਲੇਵਾ ਹਮਲਾ ਸਰਹੱਦੀ ਸੂਬੇ ਦੇ ਅਮਨ ਨੂੰ ਲਾਂਬੂ ਲਾਉਣ ਦੇ ਮਨਸੂਬੇ ਵਜੋਂ ਵੇਖਿਆ-ਵਿਚਾਰਿਆ ਜਾ ਰਿਹਾ ਹੈ। ਹਮਲਾਵਰ ਨਰੈਣ ਸਿੰਘ ਚੌੜਾ ਦੇ ਅਪਰਾਧਕ ਪਿਛੋਕੜ ਨੂੰ ਵੇਖ ਕੇ ਕਿਆਸੇ ਲਗਾਏ ਜਾ ਰਹੇ ਹਨ ਕਿ ਉਸ ਦੀਆਂ ਤਾਰਾਂ ਪਾਕਿਸਤਾਨ ਸਣੇ ਵਿਦੇਸ਼ਾਂ 'ਚ ਸ਼ਰਨ ਲਈ ਬੈਠੇ ਖ਼ਾਲਿਸਤਾਨੀਆਂ ਨਾਲ ਜ਼ਰੂਰ ਜੁੜੀਆਂ ਹੋ ਸਕਦੀਆਂ ਹਨ।

ਡੇਰਾ ਬਾਬਾ ਨਾਨਕ ਦਾ ਵਸਨੀਕ ਚੌੜਾ ਖ਼ਾਲਿਸਤਾਨ ਲਹਿਰ ਦੇ ਮੁੱਢਲੇ ਆਗੂਆਂ 'ਚੋਂ ਇਕ ਹੈ ਜੋ ਲੰਬੇ ਸਮੇਂ ਤੋਂ ਪਾਕਿਸਤਾਨ ਦੇ ਸੰਪਰਕ 'ਚ ਰਿਹਾ ਹੈ। ਉਸ ਨੇ ਦੋ ਦਹਾਕੇ ਪਹਿਲਾਂ 2004 'ਚ ਚੰਡੀਗੜ੍ਹ ਦੀ ਜੇਲ੍ਹ ਬ੍ਰੇਕ 'ਚ ਮੁੱਖ ਭੂਮਿਕਾ ਨਿਭਾ ਕੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ 'ਚ ਸ਼ਾਮਲ ਜਗਤਾਰ ਸਿੰਘ ਹਵਾਰਾ, ਜਗਤਾਰ ਸਿੰਘ ਤਾਰਾ, ਪਰਮਜੀਤ ਭਿਓਰਾ ਤੇ ਉਨ੍ਹਾਂ ਦੇ ਲਾਂਗਰੀ ਦੇਵ ਸਿੰਘ ਨੂੰ ਸੁਰੰਗ ਰਾਹੀਂ ਭੱਜਣ 'ਚ ਇਮਦਾਦ ਕੀਤੀ ਸੀ।

ਪੁਲਿਸ ਜਾਂਚ ਅਨੁਸਾਰ ਨਰੈਣ ਸਿੰਘ ਚੌੜਾ ਨੇ ਬੁੜੈਲ ਜੇਲ੍ਹ ਦੇ ਬਾਹਰ ਲੱਗੇ ਬਿਜਲੀ ਦੇ ਖੰਭੇ ਦੀਆਂ ਤਾਰਾਂ 'ਤੇ ਮੋਟਰਸਾਈਕਲ ਦੀ ਚੇਨ ਸੁੱਟ ਕੇ ਜੇਲ੍ਹ ਦੀ ਬੱਤੀ ਗੁੱਲ ਕਰ ਦਿੱਤੀ ਸੀ। ਬੱਤੀ ਮੁੜ ਬਹਾਲ ਹੋਣ ਤੋਂ ਪਹਿਲਾਂ ਬੇਅੰਤ ਸਿੰਘ ਕਤਲ ਕੇਸ 'ਚ ਸਜ਼ਾ ਭੁਗਤ ਰਹੇ ਦੋਸ਼ੀ ਸੁਰੰਗ ਰਾਹੀਂ ਭੱਜਣ 'ਚ ਕਾਮਯਾਬ ਹੋ ਗਏ ਸਨ। ਇਹ ਸੁਰੰਗ ਜੇਲ੍ਹ ਦੀ ਚੱਕੀ ਹੇਠਾਂ ਢਾਈ ਫੁੱਟ ਚੌੜੀ ਤੇ 14 ਫੁੱਟ ਡੂੰਘੀ ਪੁੱਟੀ ਗਈ ਸੀ। ਇਸ ਸੁਰੰਗ ਨੂੰ ਪੁੱਟਣ ਲਈ ਲੰਬਾ ਸਮਾਂ ਲੱਗਿਆ ਸੀ।

ਦੋਸ਼ੀਆਂ ਨੇ ਪੁੱਟੀ ਗਈ ਮਿੱਟੀ ਨੂੰ 40 ਬੋਰੀਆਂ 'ਚ ਭਰ ਕੇ ਅਲਮਾਰੀਆਂ ਪਿੱਛੇ ਲੁਕਾ ਦਿੱਤਾ ਸੀ। ਇਸ ਸਾਜ਼ਿਸ਼ ਦਾ ਮਾਸਟਰਮਾਈਂਡ ਚੌੜਾ ਸੀ ਜੋ ਹਵਾਰਾ ਤੇ ਉਸ ਦੇ ਸਾਥੀਆਂ ਦੀ ਮੁਲਾਕਾਤ ਲਈ ਅਕਸਰ ਜੇਲ੍ਹ ਜਾਇਆ ਕਰਦਾ ਸੀ। ਖ਼ਾਲਿਸਤਾਨ ਲਹਿਰ 'ਤੇ ਉਸ ਨੇ ਕਈ ਕਿਤਾਬਾਂ ਵੀ ਲਿਖੀਆਂ ਸਨ ਜਿਨ੍ਹਾਂ ਦੀ ਸਮੇਂ-ਸਮੇਂ ਚਰਚਾ ਹੁੰਦੀ ਰਹੀ। ਸੁਖਬੀਰ ਸਿੰਘ ਬਾਦਲ ਖ਼ ?ਲਾਫ਼ ਉਸ ਦੀ ਨਿੱਜੀ ਕਿੜ ਸੀ ਕਿਉਂਕਿ ਅਕਾਲੀ-ਭਾਜਪਾ ਦੀ ਸਰਕਾਰ ਵੇਲੇ ਉਸ 'ਤੇ ਕਈ ਅਪਰਾਧਕ ਕੇਸ ਦਰਜ ਕੀਤੇ ਗਏ ਸਨ। ਇਸ ਹਮਲੇ ਵੇਲੇ ਜੇ ਸੁਖਬੀਰ ਦਾ ਪਰਸਨਲ ਸਕਿਉਰਿਟੀ ਅਫ਼ਸਰ (ਪੀਐੱਸਓ) ਜਸਬੀਰ ਸਿੰਘ ਮੁਸਤੈਦੀ ਨਾ ਦਿਖਾਉਂਦਾ ਤਾਂ ਇਹ ਹਮਲਾ ਜਾਨਲੇਵਾ ਹੋ ਸਕਦਾ ਸੀ।

ਚਰਨ-ਕੁੰਡ (ਚਰਨ-ਗੰਗਾ) 'ਚ ਪੈਰ ਧੋ ਕੇ ਚੌੜਾ ਸੁਖਬੀਰ ਬਾਦਲ ਦੇ ਬੇਹੱਦ ਨੇੜੇ ਪਹੁੰਚਿਆ ਤਾਂ ਉਸ ਨੇ ਡੱਬ 'ਚੋਂ ਕੱਢ ਕੇ ਪਿਸਤੌਲ ਦਾ ਘੋੜਾ ਦੱਬ ਦਿੱਤਾ। ਪੀਐੱਸਓ ਨੇ ਗੋਲ ?ੀ ਚੱਲਣ ਤੋਂ ਪਹਿਲਾਂ ਉਸ ਨੂੰ ਪਿੱਛੇ ਧੱਕ ਕੇ ਉਸ ਦੀ ਬਾਂਹ ਉੱਪਰ ਕਰ ਦਿੱਤੀ ਤੇ ਚੌੜੇ ਦਾ ਨਿਸ਼ਾਨਾ ਖੁੰਝ ਗਿਆ। ਗੁਰਬਾਣੀ ਦੇ ਮੁੱਖਵਾਕ, "ਜਿਸ ਕਉ ਰਾਖੈ ਸਿਰਜਨਹਾਰੁ।। ਜਨ ਕਾ ਰਾਖਾ ਸੋਈ।।" ਅਨੁਸਾਰ ਨਿਮਾਣੇ ਸਿੱਖ ਵਜੋਂ ਧਾਰਮਿਕ ਸਜ਼ਾ ਭੁਗਤ ਰਹੇ ਸੁਖਬੀਰ ਨੂੰ ਗੁਰੂ ਰਾਮਦਾਸ ਨੇ ਹੱਥ ਦੇ ਕੇ ਬਚਾ ਲਿਆ। ਗੋਲ ?ੀ ਦੀ ਗੂੰਜ ਦੂਰ ਤੱਕ ਸੁਣਾਈ ਦਿੱਤੀ ਪਰ ਸੇਵਾਦਾਰ ਦਾ ਨੀਲਾ ਬਾਣਾ ਪਾਈ ਤੇ ਹੱਥ 'ਚ ਬਰਛਾ ਫੜੀ ਸੁਖਬੀਰ ਅਡੋਲ ਦਿਖਾਈ ਦਿੱਤੇ। ਇਸ ਘਟਨਾ ਮਗਰੋਂ ਸੁਖਬੀਰ ਤੇ ਉਨ੍ਹਾਂ ਦੇ ਸਾਥੀ ਅਕਾਲੀ ਨੇਤਾਵਾਂ ਨੇ ਬਾਕਾਇਦਗੀ ਨਾਲ ਲੰਗਰ ਹਾਲ ਵਿਖੇ ਜੂਠੇ ਭਾਂਡੇ ਮਾਂਜਣ ਦੀ ਸੇਵਾ ਨਿਭਾਈ। ਸੋਸ਼ਲ ਮੀਡੀਆ 'ਤੇ ਜਿਹੜੇ ਲੋਕ ਚੋਬਦਾਰ ਦੀ ਸੇਵਾ ਨਿਭਾ ਰਹੇ ਸੁਖਬੀਰ 'ਤੇ ਤੰਜ ਕੱਸ ਰਹੇ ਸਨ, ਉਨ੍ਹਾਂ ਨੇ ਵੀ ਇਸ ਹਮਲੇ ਦੀ ਸਖ਼ਤ ਨਿੰਦਾ ਕਰਨੀ ਸ਼ੁਰੂ ਕਰ ਦਿੱਤੀ।

ਸਾਰੀਆਂ ਸਿਆਸੀ ਪਾਰਟੀਆਂ ਦੇ ਸੀਨੀਅਰ ਨੇਤਾਵਾਂ ਨੇ ਇਸ ਨੂੰ ਕਾਇਰਤਾ ਵਾਲਾ ਹਮਲਾ ਕਿਹਾ। ਅਜਿਹਾ ਹਮਲਾ 25 ਅਪ੍ਰੈਲ 1983 ਨੂੰ ਜਲੰਧਰ ਰੇਂਜ ਦੇ ਡੀਆਈਜੀ ਅਵਤਾਰ ਸਿੰਘ ਅਟਵਾਲ 'ਤੇ ਉਦੋਂ ਹੋਇਆ ਸੀ ਜਦੋਂ ਉਹ ਹਰਿਮੰਦਰ ਸਾਹਿਬ ਮੱਥਾ ਟੇਕ ਕੇ ਬਾਹਰ ਆ ਰਹੇ ਸਨ। ਪੌੜੀਆਂ ਚੜ੍ਹਦਿਆਂ ਉਨ੍ਹਾਂ ਦੇ ਹੱਥ ਚੜ੍ਹਾਏ ਗਏ ਪ੍ਰਸ਼ਾਦ ਦਾ ਡੂਨਾ ਸੀ ਜਦੋਂ ਤਿੰਨ ਹਥਿਆਰਬੰਦ ਅੱਤਵਾਦੀਆਂ ਨੇ ਉਨ੍ਹਾਂ ਨੂੰ ਹਰਿਮੰਦਰ ਸਾਹਿਬ ਪਰਿਸਰ 'ਚ ਢੇਰ ਕਰ ਦਿੱਤਾ ਸੀ। ਇਸ ਤੋਂ ਬਾਅਦ ਖ਼ਾਲਿਸਤਾਨੀਆਂ ਦੇ ਹੌਸਲੇ ਬੁਲੰਦ ਹੋ ਗਏ ਸਨ। ਰਸੂਲ ਹਮਜ਼ਾਤੋਵ ਨੇ 'ਮੇਰਾ ਦਾਗਿਸਤਾਨ' ਵਿਚ ਲਿਖਿਆ ਹੈ ਕਿ ਜੇ ਤੁਸੀਂ ਬੀਤੇ 'ਤੇ ਗੋਲ ?ੀ ਚਲਾਓਗੇ ਤਾਂ ਭਵਿੱਖ ਤੁਹਾਨੂੰ ਤੋਪ ਨਾਲ ਫੁੰਡੇਗਾ।

ਇਸ 'ਚ ਕੋਈ ਸ਼ੱਕ ਨਹੀਂ ਕਿ ਬੀਤੇ ਵਿਚ ਝੂਠੇ ਪਰਚਿਆਂ ਤੇ ਫ਼ਰਜ਼ੀ ਪੁਲਿਸ ਮੁਕਾਬਲਿਆਂ ਦੀ ਚੀਸ ਅਜੇ ਵੀ ਮੱਠੀ ਨਹੀਂ ਪਈ। ਸਿੱਖਾਂ ਦੇ ਇਕ ਵਰਗ ਦੀ ਸਾਂਝੀ ਪੀੜਾ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਤਰ੍ਹਾਂ-ਤਰ੍ਹਾਂ ਦੀਆਂ ਖ਼ੁਫ਼ੀਆ ਏਜੰਸੀਆਂ ਸਥਿਤੀ ਸੁਲਝਾਉਣ ਦੀ ਬਜਾਏ ਉਲਝਾਉਣ ਵਿਚ ਯਕੀਨ ਰੱਖਦੀਆਂ ਹਨ। ਵਲੂੰਧਰੀ ਹੋਈ ਮਾਨਸਿਕਤਾ 'ਤੇ ਮੱਲ੍ਹਮ ਲਗਾ ਕੇ ਉਨ੍ਹਾਂ ਨੂੰ ਬੇਗ਼ਾਨਗੀ ਦੇ ਅਹਿਸਾਸ 'ਚੋਂ ਬਾਹਰ ਕੱਢਿਆ ਜਾ ਸਕਦਾ ਸੀ। ਹੁਣ ਵੀ ਪੰਜਾਬ ਇਸ ਵੇਲੇ ਗੈਂਗਵਾਰ 'ਚੋਂ ਗੁਜ਼ਰ ਰਿਹਾ ਹੈ। ਅੱਤਵਾਦ ਵੱਖ-ਵੱਖ ਰੂਪਾਂ ਵਿਚ ਸਾਹਮਣੇ ਆ ਰਿਹਾ ਹੈ।

ਅਮਨ ਤੇ ਕਾਨੂੰਨ ਦੀ ਵਿਗੜੀ ਸਥਿਤੀ ਸੂਬੇ ਦੇ ਵਿਕਾਸ ਵਿਚ ਰੋੜੇ ਅਟਕਾ ਰਹੀ ਹੈ। ਸਿਆਸੀ ਵਲਗਣਾਂ ਤੋਂ ਉੱਪਰ ਉੱਠ ਕੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਹਿੰਦੇ ਹਨ ਕਿ ਸੁਖਬੀਰ ਸਿੰਘ ਬਾਦਲ 'ਤੇ ਹੋਇਆ ਹਮਲਾ ਬੁਰੇ ਦਿਨਾਂ ਦੀ ਆਹਟ ਹੈ। ਉਨ੍ਹਾਂ ਕਿਹਾ ਕਿ ਪੰਜਾਬ ਹੁਣ ਅੱਤਵਾਦ ਦੀ ਮਾਰ ਝੱਲਣ ਜੋਗਾ ਨਹੀਂ ਰਹਿ ਗਿਆ। ਪਹਿਲਾਂ ਹੀ ਇਸ ਨੇ ਵੱਡਾ ਸੰਤਾਪ ਭੋਗਿਆ ਹੈ।

ਅੱਤਵਾਦ ਨੇ ਅੱਸੀਵਿਆਂ ਤੇ ਨੱਬੇਵਿਆਂ ਵਿਚ ਪੰਜਾਬੀ ਦਾ ਵੱਡਾ ਘਾਣ ਕੀਤਾ ਸੀ। ਕਾਲੇ ਦਿਨਾਂ ਦੌਰਾਨ ਬਾਹਰਲੇ ਸਨਅਤਕਾਰ ਇੱਥੇ ਨਿਵੇਸ਼ ਕਰਨ ਤੋਂ ਤ੍ਰਹਿੰਦੇ ਸਨ। ਸੂਰਜ ਢਲਦਿਆਂ ਹੀ ਸੁੰਨਸਾਨ ਪਸਰ ਜਾਂਦੀ ਸੀ। ਪੰਜਾਬ, ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਕਈ ਹੋਰ ਦੇਸ਼ਾਂ ਵਿਚ ਹਾਲੇ ਵੀ 'ਸਲੀਪਰ ਸੈੱਲ' ਮੌਜੂਦ ਹਨ। ਉਹ ਆਪਣੇ ਹੀ ਸੂਬੇ ਦੇ ਅਮਨ ਨੂੰ ਲਾਂਬੂ ਲਾਉਣ ਦੀ ਤਾਕ ਵਿਚ ਰਹਿੰਦੇ ਹਨ। ਗਰਮ ਦਲੀਏ ਬੇਅਦਬੀ ਤੇ ਮਰਿਆਦਾ ਦਾ ਮੁੱਦਾ ਉੱਚੀ ਸੁਰ ਵਿਚ ਚੁੱਕਦੇ ਆਏ ਹਨ। ਕੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਨੂੰ ਸਿਰ-ਮੱਥੇ ਸਵੀਕਾਰ ਕਰ ਕੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਦੁਆਰ 'ਤੇ ਸੇਵਾਦਾਰ ਦੇ ਬਾਣੇ ਵਿਚ ਪਹਿਰੇਦਾਰੀ ਕਰਨ ਵਾਲੇ 'ਤੇ ਜਾਨਲੇਵਾ ਹਮਲਾ ਬੇਅਦਬੀ ਦੇ ਦਾਇਰੇ ਵਿਚ ਨਹੀਂ ਆਉਂਦਾ?

ਸੋਸ਼ਲ ਮੀਡੀਆ 'ਤੇ ਹੀ ਨਰੈਣ ਸਿੰਘ ਚੌੜਾ ਦੀ ਟਿੱਪਣੀ ਵਾਇਰਲ ਹੋਈ ਸੀ ਕਿ ਸਿਰਸਾ ਡੇਰੇ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਦਿੱਤੀ ਬਿਨ ਮੰਗੀ ਮਾਫ਼ੀ ਤੇ ਬੇਅਦਬੀ ਕਾਂਡ ਦੇ ਮਾਮਲੇ 'ਚ ਅਕਾਲ ਤਖ਼ਤ ਭਾਵੇਂ 'ਦਾਗ਼ੀ ਤੇ ਬਾਗ਼ੀ' ਅਕਾਲੀਆਂ ਨੂੰ ਮਾਫ਼ ਕਰ ਦੇਵੇ ਪਰ ਸਿੱਖ ਸੰਗਤ ਉਨ੍ਹਾਂ ਨੂੰ ਕਦੇ ਦੋਸ਼-ਮੁਕਤ ਨਹੀਂ ਮੰਨੇਗੀ। ਕੀ ਇਹ ਲੋਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਬਖ਼ਸ਼ਿੰਦ ਹੋਣ ਦੀ ਮਹਾਨ ਪਿਰਤ ਨੂੰ ਚੁਣੌਤੀ ਨਹੀਂ ਦੇ ਰਹੇ? ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਜਾਨਲੇਵਾ ਹਮਲੇ ਦੀ ਘਟਨਾ ਨੂੰ ਘੋਰ ਅਪਰਾਧ ਗਰਦਾਨਦੇ ਹੋਏ ਕਿਹਾ ਕਿ ਚੌੜੇ ਵਰਗੇ ਅਨਸਰਾਂ ਦੀ ਥਾਂ ਜੇਲ੍ਹ ਦੀ ਚੱਕੀ ਹੈ। ਸਾਬਕਾ ਲੋਕ ਸਭਾ ਮੈਂਬਰ ਨਰੇਸ਼ ਗੁਜਰਾਲ ਨੇ ਮੰਗ ਕੀਤੀ ਕਿ ਇਸ ਕਾਂਡ ਦੀ ਜਾਂਚ ਐੱਨਆਈਏ ਨੂੰ ਦੇ ਦੇਣੀ ਚਾਹੀਦੀ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਸਿੰਘ ਸਾਹਿਬ ਰਘਬੀਰ ਸਿੰਘ ਨੇ ਇਸ ਨੂੰ ਸੁਖਬੀਰ ਸਿੰਘ ਬਾਦਲ ਨਹੀਂ, ਸ੍ਰੀ ਦਰਬਾਰ ਸਾਹਿਬ ਦੀ ਪਹਿਰੇਦਾਰੀ ਕਰ ਰਹੇ ਚੋਬਦਾਰ 'ਤੇ ਹਮਲਾ ਕਰਾਰ ਦਿੱਤਾ ਹੈ। ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਇਸ ਨੂੰ ਅੱਤ ਨਿੰਦਣਯੋਗ ਹਮਲਾ ਕਹਿ ਕੇ ਨਿੰਦਿਆ ਹੈ।

ਸਾਬਕਾ ਅਕਾਲੀ ਕੈਬਨਿਟ ਮੰਤਰੀ ਦਲਜੀਤ ਸਿੰਘ ਚੀਮਾ ਨੇ ਦੋਸ਼ ਲਗਾਇਆ ਕਿ ਸਰਕਾਰਾਂ ਅਕਾਲੀਆਂ ਤੇ ਅਕਾਲੀ ਦਲ ਨੂੰ ਖ਼ਤਮ ਕਰਨ 'ਤੇ ਤੁਲੀਆਂ ਹੋਈਆਂ ਹਨ। ਉਨ੍ਹਾਂ ਨੇ ਸੁਖਬੀਰ 'ਤੇ ਹੋਏ ਹਮਲੇ ਨੂੰ ਡੂੰਘੀ ਸਾਜ਼ਿਸ਼ ਦੱਸਿਆ ਹੈ। ਹਾਲੇ ਤੱਕ ਇਕ ਵੀ ਸਿਆਸੀ ਜਮਾਤ ਜਾਂ ਕਿਸੇ ਗਰਮ ਖਿਆਲੀ ਤਨਜ਼ੀਮ ਦੇ ਨੇਤਾ ਨੇ ਇਸ ਹਮਲੇ ਦੀ ਹਮਾਇਤ ਨਹੀਂ ਕੀਤੀ। ਦੋ ਦਸੰਬਰ ਨੂੰ ਜਦੋਂ ਅਕਾਲ ਤਖ਼ਤ ਦੀ ਫ਼ਸੀਲ ਤੋਂ ਅਕਾਲੀ ਨੇਤਾਵਾਂ ਨੂੰ ਸਖ਼ਤ ਸਜ਼ਾਵਾਂ ਸੁਣਾਈਆਂ ਗਈਆਂ ਸਨ ਤਾਂ ਲੋਕ ਇਸ ਨੂੰ ਸੁਖਬੀਰ ਸਿੰਘ ਬਾਦਲ ਦੇ ਸਿਆਸੀ ਜੀਵਨ ਦਾ ਅੰਤ ਸਮਝ ਰਹੇ ਸਨ।

ਸੁਖਬੀਰ ਨੂੰ ਜਾਨੋਂ ਮਾਰਨ ਆਏ ਚੌੜਾ ਨੂੰ ਕੀ ਪਤਾ ਸੀ ਕਿ ਉਸ ਦਾ ਨਿਸ਼ਾਨਾ ਖੁੰਝਣ ਪਿੱਛੋਂ ਸਿੱਖ ਸੰਗਤ ਉਨ੍ਹਾਂ ਪ੍ਰਤੀ ਅੰਤਾਂ ਦੀ ਹਮਦਰਦੀ ਦਿਖਾਏਗੀ। ਇਸ ਮੰਦਭਾਗੀ ਘਟਨਾ ਨੇ ਸੁਖਬੀਰ ਦਾ ਸਿਆਸੀ ਕੱਦ ਉੱਚਾ ਕੀਤਾ ਹੈ। ਚੋਬਦਾਰ ਦੀ ਸੇਵਾ ਨਿਭਾਉਂਦਿਆਂ ਉਹ ਸ਼ਾਂਤ ਚਿੱਤ ਰਹਿ ਕੇ ਜਾਪ ਕਰਦੇ ਦਿਖਾਈ ਦਿੱਤੇ ਤੇ ਉਨ੍ਹਾਂ ਅੰਦਰਲਾ ਭਾਵਨਾਵਾਂ ਦਾ ਹੜ੍ਹ ਅੱਖਾਂ 'ਚੋਂ ਨੀਰ ਬਣ ਕੇ ਨਹੀਂ ਸੀ ਟਪਕਿਆ। ਉਨ੍ਹਾਂ ਦੀ ਸਰੀਰਕ ਭਾਸ਼ਾ ਕਹਿ ਰਹੀ ਸੀ ਕਿ ਉਹ ਸਮੁੰਦਰ 'ਚ ਆਏ ਤੂਫ਼ਾਨ ਵੇਲੇ ਵੀ ਕਿਸ਼ਤੀ ਕਿਨਾਰੇ 'ਤੇ ਲਾਉਣ ਵਾਲਾ ਮਲਾਹ ਬਣਨ ਦੀ ਕਾਬਲੀਅਤ ਰੱਖਦਾ ਹੈ।

-ਵਰਿੰਦਰ ਸਿੰਘ ਵਾਲੀਆ

ਪ੍ਰਗਟ ਤੇ ਅਪ੍ਰਗਟ

ਸਮੁੰਦਰੀ ਜਹਾਜ ਦੇ ਪਤਵਾਰ ਨਾਲ ਜੁੜਿਆ ਇਕ ਛੋਟਾ ਜਿਹਾ ਯੰਤਰ 'ਟ੍ਰਿਮ ਟੈਬ' ਵਿੱਚ ਇਕ ਹਲਕਾ ਜਿਹਾ ਬਦਲਾਅ ਇਕ ਵੱਡੇ ਜਹਾਜ ਦੀ ਦਿਸ਼ਾ ਨੂੰ ਬਦਲ ਦਿੰਦਾ ਹੈ। ਇਸੇ ਤਰ੍ਹਾਂ ਗੀਤਾ ਦਾ ਅਧਿਐਨ ਕਰਨ ਲਈ ਸਾਡਾ ਇਕ ਛੋਟਾ ਜਿਹਾ ਯਤਨ ਸਾਡੇ ਜੀਵਨ ਵਿੱਚ ਇਕ ਮਹੱਤਵਪੂਰਨ ਤਲਦੀਲੀ ਲਿਆ ਸਕਦਾ ਹੈ। ਮਹਾਂਮਾਰੀ ਦੀ ਵਜ ?ਹਾ ਨਾਲ ਮਿਲੇ ਹੋਏ ਵਕਤ ਨੂੰ ਗੀਤਾ ਵਿੱਚ ਇਕ ਗੋਤਾ ਲਗਾਉਣ ਲਈ ਵਰਤਿਆ ਜਾ ਸਕਦਾ ਹੈ, ਜਿਹੜਾ ਜੀਵਨ ਵਿੱਚ ਇਕ ਬਹੁਤ ਵੱਡਾ ਤਲਦੀਲੀ ਲਿਆ ਸਕਦਾ ਹੈ।

ਗੀਤਾ ਕਿੰਡਰਗਾਰਟਨ ਤੋਂ ਲੈ ਕੇ ਪੋਸਟ ਗਰੈਜੂਏਟ ਤੱਕ ਸਾਡੇ ਅੰਦਰੂਨੀ ਗਿਆਨ ਲਈ ਇਕ ਸਮਰੱਥ ਪਾਠ-ਪੁਸਤਕ ਹੈ। ਇਹ ਸੰਭਾਵਨਾ ਹੈ ਕਿ ਪਹਿਲੀ ਵਾਰ ਪੜ੍ਹਨ ਉੱਤੇ ਉਸ ਦੀਆਂ ਬਹੁਤ ਘੱਟ ਧਾਰਨਾਵਾਂ ਸਮਝ ਵਿੱਚ ਆਉਣਗੀਆਂ। ਜੇ ਅਸੀਂ ਪ੍ਰਗਟ ਤੇ ਅਪ੍ਰਗਟ ਦੇ ਦ੍ਰਿਸ਼ਟੀਕੋਣ ਨਾਲ ਇਸ ਦਾ ਧਿਆਨ ਪੂਰਵਕ ਅਧਿਐਨ ਕਰੀਏ, ਤਾਂ ਉਨ੍ਹਾਂ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਪ੍ਰਗਟ ਉਹ ਹੈ ਜੋ ਸਾਡੀ ਇੰਦਰੀਆਂ ਦੇ ਦਾਇਰੇ ਵਿੱਚ ਹੈ ਤੇ ਅਪ੍ਰਗਟ ਉਹ ਹੈ ਜੋ ਇੰਦਰੀਆਂ ਤੋਂ ਪਰੇ ਹੈ।

ਕੇ. ਸਿਵਾ ਪ੍ਰਸਾਦ

ਪ੍ਰਗਟ ਹੋਣ ਦੀ ਕਹਾਣੀ ਬਿੱਗ ਬੈਂਗ ਤੋਂ ਲੈ ਕੇ ਸਿਤਾਰਿਆਂ ਦੇ ਨਿਰਮਾਣ ਤੱਕ, ਇਨ੍ਹਾਂ ਸਿਤਾਰਿਆਂ ਦੇ ਅੰਤਰ ਭਾਗਾਂ ਵਿੱਚ ਰਸਾਇਣਕ ਤੱਤਾਂ ਦੇ ਪਰਮਾਣੂਆਂ ਦਾ ਘੁੱਲਿਆ ਹੋਣਾ, ਸਿਤਾਰਿਆਂ ਦੇ ਵਿਸਫੋਟ ਵਿੱਚ ਇਨ੍ਹਾਂ ਤੱਤਾਂ ਦਾ ਫੈਲਣਾ, ਗ੍ਰਹਿ ਪ੍ਰਣਾਲੀਆਂ ਦਾ ਗਠਨ ਅਤੇ ਬੁੱਧੀਮਾਨ ਜੀਵਨ ਦੀ ਹਾਜ਼ਰੀ ਵਿੱਚ ਸ਼ਾਮਲ ਹੈ। ਇਹ ਵਿਗਿਆਨੀਆਂ ਦੁਆਰਾ ਮੰਨਿਆ ਗਿਆ ਇਕ ਤੱਥ ਹੈ ਕਿ ਇਨ੍ਹਾਂ ਵਿਅਕਤ ਜੀਵਨ ਰੂਪਾਂ, ਗ੍ਰਹਿਆਂ, ਸਿਤਾਰਿਆਂ ਅਤੇ ਇੱਥੋਂ ਤੱਕ ਕਿ ਬ੍ਰਹਿਮੰਡ ਦੀ ਹੋਂਦ ਦੀ ਵੀ ਇਕ ਨਿਸ਼ਚਿਤ ਸਮਾਂ ਸੀਮਾ ਹੈ। ਭਾਵੇਂ ਵਰਤਮਾਨ ਵਿੱਚ ਇਸ ਸਮਾਂ ਸੀਮਾ ਦੇ ਪੈਮਾਨੇ ਵੱਖਰੇ ਹੋ ਸਕਦੇ ਹਨ।

ਆਜ਼ਾਦ ਸੋਚ ਵਿਸ਼ੇਸ਼

ਸਾਡੀ ਇਹ ਸਮਝ ਕਿ ਅਸੀਂ ਜਨਮ ਤੋਂ ਲੈ ਕੇ ਮੌਤ ਤੱਕ ਮੌਜੂਦ ਹਾਂ, ਜਿਹੜੀ ਪ੍ਰਗਟ ਦ੍ਰਿਸ਼ਟੀਕੋਣ ਤੋਂ ਠੀਕ ਹੈ। ਪਰ ਗੀਤਾ ਦੇ ਅਨੁਸਾਰ ਅਪ੍ਰਗਟ ਦ੍ਰਿਸ਼ਟੀਕੋਣ ਤੋਂ ਅਸੀਂ ਜਨਮ ਤੋਂ ਪਹਿਲਾਂ ਵੀ ਮੌਜੂਦ ਸੀ ਅਤੇ ਮੌਤ ਤੋਂ ਬਾਦ ਵੀ ਮੌਜੂਦ ਰਹਾਂਗੇ। ਇਸ ਗਿਆਨ ਅਨੁਸਾਰ ਅਸੀਂ ਉਸਦੇ ਅੰਦਰ ਦੇ ਸੰਬੰਧਾਂ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ, ਅਤੇ ਇਹ ਸਮਝ ਸਾਨੂੰ ਅਪ੍ਰਗਟ ਨੂੰ ਸਾਕਾਰ ਕਰਨ ਦੇ ਨਿਸ਼ਾਨੇ ਨੂੰ ਪ੍ਰਾਪਤ ਕਰਵਾ ਸਕਦੀ ਹੈ, ਜਿਸ ਨੂੰ 'ਮੁਕਤੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਹੰਕਾਰ ਇਕ ਰੁਕਾਵਟ ਹੈ ਬਾਹਰ ਦੇ ਦੁੱਖ ਤੇ ਸੁੱਖ ਦੀ ਪ੍ਰਵਾਹ ਕੀਤੇ ਬਿਨਾਂ ਜਿੰਨੀ ਮਾਤਰਾ ਵਿੱਚ ਅਸੀਂ ਆਨੰਦ ਨਾਲ ਭਰ ਜਾਂਦੇ ਹਾਂ, ਅਪ੍ਰਗਟ ਤੱਕ ਪੁੱਜਣ ਲਈ ਤਹਿ ਕੀਤੀ ਗਈ ਦੂਰੀ ਦਾ ਇਹ ਇਕ ਸੰਕੇਤ ਹੈ।

ਲੇਖਕ ਆਪਣੀਆਂ ਰਚਨਾਵਾਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਮੋਬਾਇਲ ਨੰਬਰ 79860-87886'ਤੇ ਸੰਪਰਕ ਕਰਨ।

ਰੋਜ਼ਾਨਾ ਆਜ਼ਾਦ ਸੋਚ 'ਚ ਛਪਣ ਵਾਲੀ ਲੇਖ ਸਮਗਰੀ ਲੇਖਕਾਂ ਦੇ ਨਿਜੀ ਵਿਚਾਰ ਹੁੰਦੇ ਹਨ। ਇੰਨਾਂ ਨਾਲ ਅਖਬਾਰ ਦਾ ਕੋਈ ਲੈਣਾ ਦੇਣਾ ਨਹੀਂ ਹੈ। ਪਾਠਕ ਸਾਹਿਬਾਨ ਨੋਟ ਕਰਨ। ਪ੍ਰਕਾਸ਼ਤ ਸਮੱਗਰੀ ਬਾਰੇ ਕੋਈ ਵੀ ਇਤਰਾਜ਼ ਸਬੰਧਤ ਲੇਖਕ ਕੋਲ ਹੀ ਉਠਾਇਆ ਜਾਵੇ।
- ਸੰਪਾਦਕ

ਕਿਸਾਨਾਂ ਨੂੰ ਟਕਰਾਓ ਦਾ ਰਸਤਾ ਛੱਡ, ਕੇਂਦਰ ਨਾਲ ਗੱਲਬਾਤ ਕਰਕੇ ਮਸਲਿਆਂ ਦਾ ਕਰਾਉਣਾ ਚਾਹੀਦਾ ਹੈ ਹੱਲ : ਸਤਵੰਤ ਪੂਨੀਆ

ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ,7 ਦਸੰਬਰ:

=============

ਕਿਸਾਨਾਂ ਨੂੰ ਟਕਰਾਓ ਦਾ ਰਸਤਾ ਤਿਆਗ ਕੇ ਕੇਂਦਰ ਨਾਲ ਗੱਲਬਾਤ ਕਰਕੇ ਆਪਣੇ ਮਸਲਿਆਂ ਦਾ ਹੱਲ ਕਰਵਾਉਣਾ ਚਾਹੀਦਾ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬੀਜੇਪੀ ਕਿਸਾਨ ਮੋਰਚੇ ਦੇ ਸਾਬਕਾ ਰਾਸ਼ਟਰੀ ਉਪ ਪ੍ਰਧਾਨ ਅਤੇ ਸੀਨੀਅਰ ਭਾਜਪਾ ਆਗੂ ਸ. ਸਤਵੰਤ ਸਿੰਘ ਪੂਨੀਆਂ ਨੇ ਲੌਂਗੋਵਾਲ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ । ਸ.ਸਤਵੰਤ ਸਿੰਘ ਪੂਨੀਆਂ ਅੱਜ ਲੌਂਗੋਵਾਲ ਵਿਖੇ ਭਾਜਪਾ ਦੇ ਮੰਡਲ ਪ੍ਰਧਾਨ ਸ੍ਰੀ ਰਤਨ ਕੁਮਾਰ ਮੰਗੂ ਦੀ ਅਗਵਾਈ ਹੇਠ ਪਾਰਟੀ ਵਰਕਰਾਂ ਨਾਲ ਮੀਟਿੰਗ ਕਰਨ ਪਹੁੰਚੇ ਸਨ। ਸ. ਪੂਨੀਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਕਿਸਾਨਾਂ ਨੂੰ 23 ਫਸਲਾਂ ਤੇ ਐਮਐਸਪੀ ਦਿੱਤੀ ਜਾਵੇਗੀ ਹੁਣ ਆਪ ਸਰਕਾਰ ਆਪਣੇ ਉਸ ਵਾਅਦੇ ਨੂੰ ਪੂਰਾ ਕਰੇ ਜਦੋਂ ਕਿ ਹਰਿਆਣਾ ਵਿਖੇ ਸੂਬਾ ਸਰਕਾਰ ਵੱਲੋਂ ਕਿਸਾਨਾਂ ਦੀਆਂ ਕਈ ਫਸਲਾਂ ਤੇ ਐਮਐਸਪੀ ਦਿੱਤੀ ਜਾ ਰਹੀ ਹੈ,ਇਸ ਲਈ ਪੰਜਾਬ ਦੀ ਆਪ ਸਰਕਾਰ ਦਾ ਵੀ ਫਰਜ਼ ਬਣਦਾ ਹੈ ਕਿ ਕਿਸਾਨਾਂ ਦੇ ਹਿੱਤਾਂ ਦਾ ਪੂਰਾ ਧਿਆਨ ਰੱਖਿਆ ਜਾਵੇ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੇ ਸਾਰੇ ਮਸਲਿਆਂ ਨੂੰ ਹੱਲ ਕਰਨ ਲਈ ਤਿਆਰ ਹੈ। ਇਸ ਲਈ ਕਿਸਾਨਾਂ ਨੂੰ ਟੇਬਲ ਤੇ ਬੈਠ ਕੇ ਗੱਲਬਾਤ ਨਾਲ ਆਪਣੇ ਮਸਲੇ ਹੱਲ ਕਰਵਾਉਣੇ ਚਾਹੀਦੇ ਹਨ ਤੇ ਪੰਜਾਬ ਬੀਜੇਪੀ ਦੀ ਲੀਡਰਸ਼ਿਪ ਕਿਸਾਨਾਂ ਦੀ ਕੇਂਦਰ ਨਾਲ ਗੱਲਬਾਤ ਕਰਾਉਣ ਨੂੰ ਬਿਲਕੁਲ ਤਿਆਰ ਹੈ। ਉਹਨਾਂ ਅੱਗੇ ਕਿਹਾ ਕਿ ਸੂਬੇ ਦੀ ਆਪ ਸਰਕਾਰ ਹਰ ਮੁਹਾਜ ਤੇ ਬਿਲਕੁਲ ਨਿਕੰਮੀ ਸਾਬਿਤ ਹੋਈ ਹੈ ਆਮ ਆਦਮੀ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਕਾਫੀ ਵਾਅਦੇ ਕੀਤੇ ਸਨ ਜਿਸ ਵਿੱਚ ਹਜ਼ਾਰ - ਹਜ਼ਾਰ ਰੁਪਏ ਔਰਤਾਂ ਨੂੰ ਦੇਣਾ, ਪੰਜਾਬ ਦੇ ਨੌਜਵਾਨਾਂ ਨੂੰ ਨੌਕਰੀਆਂ ਦੇਣਾ, ਸੂਬੇ ਵਿੱਚੋਂ ਨਸ਼ੇ ਖਤਮ ਕਰਨਾ, ਗੁੰਡਾਗਰਦੀ ਖਤਮ ਕਰਨਾ ਪਰ ਸਰਕਾਰ ਆਪਣਾ ਕੋਈ ਵੀ ਵਾਅਦਾ ਪੂਰਾ ਨਹੀਂ ਕਰ ਸਕੀ ਜਿਸ ਕਾਰਨ ਉਹ ਸੂਬੇ ਦੀ ਜਨਤਾ ਦੇ ਮਨ ਵਿੱਚੋਂ ਉਤਰ ਗਈ ਹੈ ਤੇ ਪੰਜਾਬ ਦੀ ਜਨਤਾ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਬਦਲਣ ਲਈ ਉਤਾਵਲੀ ਹੈ। ਸ. ਸਤਵੰਤ ਸਿੰਘ ਪੂਨੀਆ ਨੇ ਕਿਹਾ ਕਿ ਬੀਜੇਪੀ ਸੂਬੇ ਦੀਆਂ ਨਗਰ ਕੌਂਸਲ ਚੋਣਾਂ ਵਿੱਚ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰੇਗੀ ਅਤੇ 2027 ਵਿੱਚ ਪੰਜਾਬ ਵਿੱਚ ਨਿਰੋਲ ਆਪਣੀ ਸਰਕਾਰ ਬਣਾਵੇਗੀ ।ਇਸ ਮੌਕੇ ਭਾਜਪਾ ਦੇ ਮੰਡਲ ਲੌਂਗੋਵਾਲ ਪ੍ਰਧਾਨ ਰਤਨ ਕੁਮਾਰ ਮੰਗੂ, ਸੀਨੀਅਰ ਬੀਜੇਪੀ ਆਗੂ ਕੁਲਦੀਪ ਮੰਗਲਾ, ਨੌਜਵਾਨ ਭਾਜਪਾ ਆਗੂ ਬਬਲੂ ਸਿੰਗਲਾ ,ਕੁਨਾਲ ਜਿੰਦਲ, ਸੋਨੂ ਜਿੰਦਲ, ਮੋਨੂ ਜਿੰਦਲ, ਮਨੀਸ਼ ਗਰਗ, ਪਾਰਸ ਸਿੰਘ ਆਦਿ ਮੌਜੂਦ ਸਨ।

ਡਾ.ਜੌਹਲ ਨੂੰ 'ਸੈਣੀ ਪੁਰਸਕਾਰ ਮਿਲਣ 'ਤੇ ਲੇਖਕਾਂ ਵੱਲੋਂ ਵਧਾਈ

ਆਜ਼ਾਦ ਸੋਚ, ਗੁਲਜ਼ਾਰ ਮਦੀਨਾ, ਸਾਦਿਕ, 7 ਦਸੰਬਰ:

=============

ਉੱਘੇ ਆਜ਼ਾਦੀ ਘੁਲਾਟੀਏ, ਸਾਹਿਤਕਾਰ ਅਤੇ ਪੱਤਰਕਾਰ ਸਵਰਗੀ ਅਜੀਤ ਸੈਣੀ ਦੀ ਯਾਦ ਵਿੱਚ ਹਰ ਸਾਲ ਦਿੱਤੇ ਜਾਣ ਵਾਲਾ "ਅਜੀਤ ਸੈਣੀ ਯਾਦਗਾਰੀ ਪੁਰਸਕਾਰ" ਇਸ ਵਾਰੀ ਪੰਜਾਬੀ ਸਾਹਿਤ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਉੱਘੇ ਪੰਜਾਬੀ ਕਵੀ ਡਾਕਟਰ ਲਖਵਿੰਦਰ ਸਿੰਘ ਜੌਹਲ ਨੂੰ ਦਿੱਤਾ ਜਾਵੇਗਾ। ਜਲੰਧਰ ਵੈਲਫੇਅਰ ਸੋਸਾਇਟੀ ਵੱਲੋਂ ਸਾਲ 2024 ਦੇ ਪੁਰਸਕਾਰ ਦਾ ਐਲਾਨ ਕਰਦਿਆਂ ਡਾਕਟਰ ਸੁਸ਼ਮਾ ਚਾਵਲਾ ਅਤੇ ਸੁਰਿੰਦਰ ਸੈਣੀ ਨੇ ਦੱਸਿਆ ਕਿ ਡਾਕਟਰ ਲਖਵਿੰਦਰ ਸਿੰਘ ਜੌਹਲ ਨੂੰ ਦਿੱਤਾ ਜਾਣ ਵਾਲਾ ਇਹ ਪੁਰਸਕਾਰ ਸੱਤਵਾਂ ਪੁਰਸਕਾਰ ਹੈ। ਡਾ ਲਖਵਿੰਦਰ ਜੌਹਲ ਇਕੋ ਸਮੇਂ ਸਮਰੱਥ ਉਘੇ ਸ਼ਾਇਰ ਤੇ ਵਾਰਤਕ ਲੇਖਕ ਹਨ। ਆਪ ਇਕ ਦਰਜਨ ਪੁਸਤਕਾਂ ਦੇ ਰਚਨਹਾਰੇ ਹਨ।

ਫ਼ਰੀਦਕੋਟ ਤੇ ਸਾਦਿਕ ਇਲਾਕੇ ਦੀਆਂ ਸਾਹਿਤਕ ਜਥੇਬੰਦੀਆਂ ਨੇ ਡਾ ਜੌਹਲ ਨੂੰ ਇਸ ਮੌਕੇ ਵਧਾਈ ਦਿੱਤੀ ਹੈ। ਬਾਬਾ ਸ਼ੇਖ ਫ਼ਰੀਦ ਸਾਹਿਤ ਵਿਚਾਰ ਮੰਚ ਦੇ ਆਗੂਆਂ ਨਿੰਦਰ ਘੁਗਿਆਣਵੀ, ਡਾ ਅਮਰਜੀਤ ਅਰੋੜਾ, ਸ਼ਾਇਰ ਨਵੀ ਨਵਪ੍ਰੀਤ ਤੇ ਸੁਖਵਿੰਦਰ ਮਰਾੜ ਨੰਬਰਦਾਰ ਨੇ ਇਸ ਸਾਹਿਤਕ ਫੈਸਲੇ ਦਾ ਸਵਾਗਤ ਕੀਤਾ ਹੈ। ਇਹ ਪੁਰਸਕਾਰ 10 ਦਸੰਬਰ ਨੂੰ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਕੀਤੇ ਜਾਣ ਵਾਲੇ ਇੱਕ ਸਮਾਗਮ ਵਿੱਚ ਭੇਟ ਕੀਤਾ ਜਾਵੇਗਾ।

ਇੱਕ ਹੋਰ ਲੋੜਵੰਦ ਪਰਿਵਾਰ ਦੀ ਲੜਕੀ ਦਾ ਵਿਆਹ ਕਰਵਾਉਣ ਦਾ ਕੀਤਾ ਉਪਰਾਲਾ

ਆਜ਼ਾਦ ਸੋਚ, ਅਭਿਸ਼ੇਕ ਸੂਦ, ਭਾਗ ਸਿੰਘ ਅੱਟਾਲ, ਘਨੌਰ, 7 ਦਸੰਬਰ :

============

ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਕਰਵਾਉਣ ਤੇ ਲੋੜਵੰਦਾਂ ਦੀ ਹਰ ਸੰਭਵ ਮਦਦ ਕਰਨ ਵਾਲੇ ਸਮਾਜ ਸੇਵੀ ਸਰਦਾਰ ਦਲਜੀਤ ਸਿੰਘ (ਬਿੱਲੂ) ਅਤੇ ਸਮੂਹ ਪਿੰਡ ਮੋਹੀ ਖ਼ੁਰਦ ਦੇ ਪਤਵੰਤੇ ਸੱਜਣਾਂ ਦੇ ਸਹਯੋਗ ਨਾਲ ਜ਼ਿਲ੍ਹਾ ਪਟਿਆਲਾ ਨੇ ਆਪਣੇ ਪਿੰਡ ਮੋਹੀ ਖ਼ੁਰਦ ਵਿਖੇ ਇੱਕ ਹੋਰ ਲੋੜਵੰਦ ਪਰਿਵਾਰ ਦੀ ਲੜਕੀ ਦਾ ਵਿਆਹ ਕਰਵਾਉਣ ਦਾ ਫੈਸਲਾ ਲਿਆ ਹੈ। ਉਹਨਾਂ ਨੇ ਕਿਹਾ ਕਿ ਲੋੜਵੰਦ ਪਰਿਵਾਰ ਲੜਕੀਆਂ ਨੂੰ ਬੋਝ ਨਾ ਸਮਝਣ ਅਸੀਂ ਲੋੜਵੰਦ ਪਰਿਵਾਰਾਂ ਦੀਆ ਲੜਕੀਆਂ ਦੇ ਭਰਾ ਬਣ ਕੇ ਸਾਰੇ ਫ਼ਰਜ਼ ਨਿਭਾ ਰਹੇ ਹਾਂ। ਲੋੜਵੰਦ ਪਰਿਵਾਰ ਦੇ ਲੜਕੀ ਦੇ ਵਿਆਹ ਦੀ ਤਰੀਕ 15 ਦਿਸੰਬਰ ਨੂੰ ਰੱਖੀ ਗਈ ਹੈ। 15 ਦਿਸੰਬਰ ਤੋਂ ਪਹਿਲਾਂ ਜੇਕਰ ਕੋਈ ਵਿਅਕਤੀ ਸੱਜਣ ਕਿੱਸੇ ਪ੍ਰਕਾਰ ਸਹਾਇਤਾ ਕਰਨ ਦਾ ਇੱਛੁਕ ਹੋਵੇ ਤਾਂ ਸਾਡੇ ਨਾਲ ਜ਼ਰੂਰ ਸੰਪਰਕ ਕਰਨ ਤਾਂ ਜੋ ਵੱਧ ਤੋ ਵੱਧ ਲੋੜਵੰਦ ਪਰਿਵਾਰਾਂ ਦੀ ਮਦਦ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਉਹ ਸਮੂਹ ਮੋਹੀ ਖ਼ੁਰਦ ਦੇ ਪਤਵੰਤੇ ਸੱਜਣਾਂ ਦੇ ਸਹਯੋਗ ਨਾਲ ਪਹਿਲਾਂ ਵੀ ਸਮਾਜ ਸੇਵਾ ਦੇ ਕਾਰਜ ਜਿਵੇਂ ਜ਼ਰੂਰਤਮੰਦ ਪਰਿਵਾਰਾਂ ਦੀਆ ਲੜਕੀਆਂ ਦੇ ਵਿਆਹ ਕਰਵਾਉਣਾ, ਲੜਕੀਆਂ ਅਤੇ ਔਰਤਾਂ ਨੂੰ ਆਤਮ ਨਿਰਭਰ ਬਣਾਉਣ ਲਈ ਕਟਿੰਗ ਅਤੇ ਸਟਿੱਚਿਗ ਦੇ ਮੁਫ਼ਤ ਸਿਲਾਈ ਸੈਂਟਰ, ਅਪਾਹਜਾਂ ਨੂੰ ਟਰਾਈ ਸਾਈਕਲ ਅਤੇ ਜ਼ਰੂਰਤਮੰਦ ਮਰੀਜ਼ਾਂ ਨੂੰ ਖ਼ੂਨਦਾਨ ਕਰਨਾ, ਵਿਧਵਾ ਔਰਤਾਂ ਨੂੰ ਸਿਲਾਈ ਮਸ਼ੀਨਾਂ, ਜ਼ਰੂਰਤਮੰਦ ਬੱਚਿਆਂ ਨੂੰ ਕਿਤਾਬਾਂ ਅਤੇ ਫ਼ੀਸਾਂ, ਜ਼ਰੂਰਤਮੰਦ ਵਿਅਕਤੀਆਂ ਨੂੰ ਦਵਾਈਆਂ, ਠੰਡੇ ਪਾਣੀ ਦੇ ਕੂਲਰ ਲਗਾਉਣਾ ਆਦਿ ਕਾਰਜ ਪਿੱਛਲੇ ਸਮੇਂ ਤੋਂ ਨਿਰੰਤਰ ਜਾਰੀ ਹਨ। ਇਸ ਮੌਕੇ ਪਰਵਿੰਦਰ ਸਿੰਘ ਮਿਠੂ ?,ਤਾਜਦੀਨ,ਪਰਵਿੰਦਰ ਸਿੰਘ ਪੰ ਮਾ , ਸੇ ਟੀ ? , ਰਣਧੀਰ ਸਿੰਘ,ਬੰਬੜ,ਨਰਿੰਦਰ ਸਿੰਘ ਰੋਡਾ,ਗਗੀ, ਰਸਿਦ ਖਾਨ,ਜਗਮੋਹਨ ਸਿੰਘ, ਰਘਬੀਰ ਸਿੰਘ ਆਦਿ ਹਾਜ਼ਰ ਸਨ।

ਅਧਿਆਪਕ ਜੱਥੇਬੰਦੀ ਦੇ ਸੰਘਰਸ਼ ਦੀ ਬਦੌਲਤ ਸਿੱਖਿਆ ਮੰਤਰੀ ਨਾਲ ਮੀਟਿੰਗ 10 ਨੂੰ

ਆਜ਼ਾਦ ਸੋਚ, ਗੁਲਜ਼ਾਰ ਮਦੀਨਾ, ਸਾਦਿਕ, 7 ਦਸੰਬਰ :

==============

ਪਿਛਲੇ ਲੰਬੇ ਸਮੇਂ ਤੋਂ ਵਿਭਾਗੀ ਤਰੱਕੀਆਂ ਦੀ ਉਡੀਕ ਕਰਦੇ ਅਧਿਆਪਕਾਂ ਨੂੰ ਲੰਮੀ ਖੱਜਲ-ਖ਼ੁਆਰੀ ਤੋਂ ਬਾਅਦ ਦੂਰ ਦੁਰਾਡੇ ਸਟੇਸ਼ਨਾਂ ਤੇ ਮਿਲੀਆਂ ਤਰੱਕੀਆਂ ਖ਼ਿਲਾਫ਼ ਸਮੁੱਚੇ ਅਧਿਆਪਕ ਵਰਗ ਵਿੱਚ ਰੋਸ਼ ਪਾਇਆ ਜਾ ਰਿਹਾ ਹੈ। ਪ੍ਰਤੀਨਿਧ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਵੱਲੋਂ ਅਧਿਆਪਕ ਵਰਗ ਦੀ ਇਸ ਹੱਕੀ ਅਤੇ ਵਾਜਿਬ ਮੰਗ ਤੇ ਸੰਘਰਸ਼ ਦੇ ਫੈਸਲੇ ਨੇ ਇਨ੍ਹਾਂ ਅਧਿਆਪਕਾਂ ਦੇ ਰੋਹ ਨੂੰ ਹੋਰ ਪ੍ਰਚੰਡ ਰੂਪ ਵਿਚ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਜੱਥੇਬੰਦੀ ਦੇ ਸੂਬਾ ਪ੍ਰਧਾਨ ਦਿੱਗਵਿਜੇ ਪਾਲ ਸ਼ਰਮਾ ਅਤੇ ਸੂਬਾ ਸਕੱਤਰ ਬਲਬੀਰ ਲੌਂਗੋਵਾਲ ਨੇ ਇਸ ਵਰਤਾਰੇ ਦੀ ਤਿੱਖੀ ਅਲੋਚਨਾਂ ਕਰਦਿਆਂ ਦੱਸਿਆ ਕਿ ਜੱਥੇਬੰਦੀ ਵੱਲੋਂ ਪਹਿਲਾਂ ਲੈਕਚਰਾਰ ਕਾਡਰ ਦੀਆਂ ਤਰੱਕੀਆਂ ਦੂਰ ਦੁਰਾਡੇ ਕਰਨ ਖ਼ਿਲਾਫ਼ ਡਾਇਰੈਕਟਰ ਸੈਕੰਡਰੀ ਸਿੱਖਿਆ ਕੋਲ ਰੋਸ ਜ਼ਾਹਿਰ ਕੀਤਾਂ ਗਿਆ ਸੀ।ਹੁਣ ਈ.ਟੀ.ਟੀ, ਅਤੇ ਪੀ,ਟੀ ,ਆਈ ਤੋਂ ਮਾਸਟਰ ਕਾਡਰ ਦੀਆਂ ਤਰੱਕੀਆਂ ਕਰਨ ਸਮੇਂ ਵੀ ਸਿੱਖਿਆ ਵਿਭਾਗ ਵੱਲੋਂ ਜ਼ੁਬਾਨੀ ਕਲਾਮੀ ਨੀਤੀ ਰਾਹੀਂ ਸਕੂਲ ਆਫ ਐਮੀਨੈਂਸ ਅਤੇ ਵੱਧ ਗਿਣਤੀ ਵਾਲੇ ਸਕੂਲਾਂ ਨੂੰ ਭਰਨ ਦਾ ਕਥਿਤ ਪੱਤਾ ਖੇਡਦਿਆਂ ਪਿੱਤਰੀ ਜ਼ਿਲਿਆਂ ਤੋਂ ਬਾਹਰ ਦੂਰ ਦੁਰਾਡੇ ਸਟੇਸ਼ਨਾ ਦਿੱਤੇ ਗਏ। ਇਸ ਧੱਕੇਸ਼ਾਹੀ ਖ਼ਿਲਾਫ਼ ਜੱਥੇਬੰਦੀ ਵੱਲੋਂ 29 ਨਵੰਬਰ ਨੂੰ ਵਿੱਦਿਆ ਭਵਨ ਮੁਹਾਲੀ ਦੇ ਗੇਟ ਤੇ ਰੋਸ਼ ਪ੍ਰਦਰਸਨ ਕੀਤਾ ਗਿਆ। ਸੀਨੀਅਰ ਮੀਤ ਪ੍ਰਧਾਨ ਸਰਵਣ ਸਿੰਘ ਔਜਲਾ ਅਤੇ ਸੂਬਾ ਪ੍ਰੈੱਸ ਸਕੱਤਰ ਲਖਵੀਰ ਸਿੰਘ ਹਰੀਕੇ ਨੇ ਦੱਸਿਆ ਕਿ ਤਰੱਕੀ ਨੀਤੀ ਖ਼ਿਲਾਫ਼ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ 8 ਦਸੰਬਰ ਨੂੰ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਘਰ ਵੱਲ ਰੋਸ ਮਾਰਚ ਕੀਤਾ ਜਾਣਾ ਸੀ, ਪ੍ਰੰਤੂ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਮੀਤ ਪ੍ਰਧਾਨ ਸੁਖਵਿੰਦਰ ਸੁੱਖੀ ਅਤੇ ਜ਼ਿਲ੍ਹਾ ਸਕੱਤਰ ਗਗਨ ਪਾਹਵਾ ਦੀ ਅਗਵਾਈ ਹੇਠ ਫਰੀਦਕੋਟ ਜ਼ਿਲ੍ਹੇ ਦੇ ਆਗੂਆਂ ਨੂੰ ਗੱਲਬਾਤ ਲਈ ਬੁਲਾਇਆ ਅਤੇ ਸਿੱਖਿਆ ਮੰਤਰੀ ਜੀ ਨਾਲ 10 ਦਿਸੰਬਰ ਦੀ ਮੀਟਿੰਗ ਤੈਅ ਕਰਵਾਈ। ਇਸ ਤੋਂ ਬਿਨਾਂ ਮੌਕੇ ਤੇ ਹੀ ਡਾਇਰੈਕਟਰ ਸੈਕੰਡਰੀ ਸਿੱਖਿਆ ਨੂੰ ਨਵੇਂ ਪਦ ?ਨਤ ਹੋਏ ਅਧਿਆਪਕਾਂ ਦੇ ਜੁਆਇੰਨ ਕਰਨ ਸਬੰਧੀ ਇੱਕ ਮਹੀਨੇ ਦਾ ਵਾਧੂ ਸਮਾਂ ਦੇਣ ਦਾ ਪੱਤਰ ਜਾਰੀ ਕਰਨ ਨੂੰ ਕਿਹਾ ਗਿਆ।ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਜੇਕਰ ਮੀਟਿੰਗ ਦੌਰਾਨ ਸਾਰਥਕ ਨਤੀਜੇ ਨਾ ਨਿੱਕਲੇ ਤਾਂ 12 ਦਿਸੰਬਰ ਨੂੰ ਜ਼ਿਲ੍ਹਾ ਪੱਧਰੀ ਅਰਥੀ ਫੂਕ ਮੁਜ਼ਾਹਰੇ ਕੀਤੇ ਜਾਣਗੇ। ਇਸ ਤੋਂ ਬਾਅਦ 22 ਦਿਸੰਬਰ ਨੂੰ ਫ਼ਿਰ ਸੰਧਵਾਂ ਵਿਖੇ ਰੋਸ਼ ਪ੍ਰਦਰਸਨ ਕੀਤਾ ਜਾਵੇਗਾ। ਇਸ ਸਮੇਂ ਦਲਜੀਤ ਸਮਰਾਲਾ, ਰੇਸ਼ਮ ਬਠਿੰਡਾ,ਬਲਰਾਮ ਜ਼ੀਰਾ, ਕਰਮਜੀਤ ਤਾਮਕੋਟ, ਜਗਵਿੰਦਰ ਸਿੰਘ, ਸੁਖਪਾਲ ਜੀਤ ਮੋਗਾ, ਸ਼ਬੀਰ ਖ਼ਾਨ, ਹਰਭਗਵਾਨ ਗੁਰਨੇ, ਚਰਨਜੀਤ ਕਪੂਰਥਲਾ, ਸੁਖਵਿੰਦਰਪਾਲ ਸਿੰਘ, ਦਾਤਾ ਸਿੰਘ ਨਮੋਲ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਆਗੂ ਹਾਜ਼ਰ ਸਨ।

ਵਿਦਿਆਰਥੀਆਂ ਨੇ ਲਗਾਇਆ ਵਿੱਦਿਅਕ ਟੂਰ

ਆਜ਼ਾਦ ਸੋਚ, ਬੂਟਾ ਸਿੰਘ ਭੁਟਾਲ, ਮੂਨਕ, 7 ਦਸੰਬਰ :

=============

ਪੰਜਾਬ ਸਰਕਾਰੀ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੱਲਰਾਂ ਦੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਅੰਗਰੇਜੀ ਮਾਸਟਰ ਗੁਰਮੇਲ ਸਿੰਘ ਤੇ ਵਿਗਿਆਨ ਮਾਸਟਰ ਸ਼ੁਭਮ ਕੁਮਾਰ ਦੀ ਅਗਵਾਈ ਵਿੱਚ ਕੁਰੁਕਸ਼ੇਤਰਾ ਦਾ ਇੱਕ ਦਿਨਾ ਵਿੱਦਿਅਕ ਟੂਰ ਲਗਾਇਆ ੑ ਇਸ ਟੂਰ ਦੇ ਦੌਰਾਨ ਵਿਦਿਆਰਥੀਆਂ ਨੇ ਕਲਪਨਾ ਚਾਵਲਾ ਪਲਾਨੇਟਰੀਅਮ, ਗੀਤਾ ਮਹੋਤਸਵਾ ਬ੍ਰਹਮਾ ਸਰੋਵਰ,ਕੁਰੁਕਸ਼ੇਤਰਾ ਪਨੋਰੰਮਾ ਅਤੇ ਸਾਇਸ ਸੈਂਟਰ, ਸ਼ਰੀਕ੍ਰਿਸ਼ਨਾ ਮਿਉਜ਼ਿਅਮ ਆਦਿ ਸਥਾਨਾਂ ਨੂੰ ਦੇਖਿਆ ਤੇ ਜਾਣਕਾਰੀ ਹਾਸਲ ਕੀਤੀ ੑ ਵਿਦਿਆਰਥੀਆਂ ਨੇ ਇਹਨਾਂ ਸਥਾਨਾਂ ਦੀ ਯਾਤਰਾ ਕਰਕੇ ਤੇ ਜਾਣਕਾਰੀ ਪ੍ਰਾਪਤ ਕਰਕੇ ਖੁਸ਼ੀ ਮਹਿਸੂਸ ਕੀਤੀ ੑ ਇਸ ਦੌਰਾਨ ਅਮ੍ਰਿਤਪਾਲ ਸਿੰਘ ਹਿੰਦੀ ਮਾਸਟਰ, ਹਰਪਿੰਦਰ ਕੌਰ ਵਿਗਿਆਨ ਅਧਿਆਪਕਾ ਤੇ ਸੁਖਵਿੰਦਰ ਕੌਰ ਵੋਕੇਸ਼ਨਲ ਟ੍ਰੇਨਰ ਆਦਿ ਨਾਲ਼ ਹਾਜ਼ਰ ਸਨ।

ਪ੍ਰੀ ਨਿਰਵਾਣ ਦਿਵਸ ਨੂੰ ਸਮਰਪਿਤ ਪਹਿਲੇ ਤਰਕਸ਼ੀਲ ਮੇਲੇ ਦਾ ਆਯੋਜਨ

ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ,7 ਦਸੰਬਰ:

=============

ਨੇੜਲੇ ਪਿੰਡ ਫਤਹਿਗੜ੍ਹ ਛੰਨਾ ਵਿਖੇ ਡਾ. ਭੀਮ ਰਾਓ ਅੰਬੇਡਕਰ ਸਮਾਜ ਭਲਾਈ ਸੰਸਥਾ ਵੱਲੋਂ, ਡਾ. ਭੀਮ ਰਾਓ ਅੰਬੇਡਕਰ ਜੀ ਦੇ ਪ੍ਰੀ ਨਿਰਵਾਣ ਦਿਵਸ ਨੂੰ ਸਮਰਪਿਤ ਪਹਿਲਾ ਤਰਕਸ਼ੀਲ ਮੇਲਾ ਕਰਵਾਇਆ ਗਿਆ । ਇਸ ਸਮੇਂ ਤਰਕਸ਼ੀਲ ਕਮੇਟੀ ਦੇ ਸੀਨੀਅਰ ਆਗੂਆਂ ਡਾ. ਰਾਜਾ ਰਾਮ ਹੰਡਿਆਇਆ, ਐਡਵੋਕੇਟ ਹਰਿੰਦਰ ਲਾਲੀ,ਅਵਤਾਰ ਨਿਊਜ਼ੀਲੈਂਡ, ਮਨਜੀਤ ਕੌਰ ਨਿਊਜ਼ੀਲੈਂਡ, ਰਾਮ ਕੁਮਾਰ ਪਟਿਆਲਾ, ਅਤੇ ਤਰਕਸ਼ੀਲ ਲਹਿਰ ਦੇ ਬਾਨੀ ਮੇਘ ਰਾਜ ਮਿੱਤਰ ਨੇ ਵਿਗਿਆਨਕ ਤਰੀਕੇ ਨਾਲ ਲੋਕਾਂ ਨੂੰ ਵਹਿਮਾ ਭਰਮਾ ਵਿਚੋਂ ਨਿਕਲਣ ਦਾ ਸੁਨੇਹਾ ਦਿੱਤਾ ਅਤੇ ਵੱਖ ਵੱਖ ਤਰਾਂ ਨਾਲ ਹੱਥ ਦੀ ਸਫਾਈ ਦੀਆਂ ਟਰਿੱਕਾਂ ਦਿਖਾਉਂਦਿਆਂ ਇਨਾਂ ਬਾਰੇ ਲੋਕਾਂ ਨੂੰ ਵੀ ਸਮਝਾਇਆ ਅਤੇ ਜਾਦੂਗਰਾਂ ਦਾ ਭਾਂਡਾ ਭੰਨਿਆ ਜੋ ਲੋਕਾਂ ਨੂੰ ਬੁੱਧੂ ਬਣਾਉਂਦੇ ਹਨ। ਇਸ ਮੌਕੇ ਸੰਸਥਾ ਵੱਲੋਂ ਸਕੂਲ ਦੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਵੀ ਵੰਡੀ ਗਈ। ਸੰਸਥਾ ਦੇ ਜਨਰਲ ਸੈਕਟਰੀ ਡਾ. ਮਨਦੀਪ ਸਿੰਘ ਨੇ ਕਿਹਾ ਕਿ ਜਿਵੇਂ ਸਾਨੂੰ ਇਸ ਪ੍ਰੋਗਰਾਮ ਚ ਸਾਰੇ ਨਗਰ ਦਾ ਉਤਸ਼ਾਹ ਦੇਖਣ ਨੂੰ ਮਿਲਿਆ ਹੈ ਅਸੀਂ ਕੋਸ਼ਿਸ਼ ਕਰਾਂਗੇ ਕਿ ਹਰ ਸਾਲ ਇਸ ਤਰ੍ਹਾਂ ਦਾ ਤਰਕਸੀਲ ਮੇਲਾ ਕਰਵਾਇਆ ਜਾਵੇ ਤਾਂ ਜੋ ਵਹਿਮਾਂ ਭਰਮਾਂ ਨੂੰ ਖ਼ਤਮ ਕਰਕੇ ਲੋਕਾਂ ਨੂੰ ਵਿਗਿਆਨ ਨਾਲ ਜੋੜ ਸਕੀਏ, ਸੰਸਥਾ ਦੇ ਪ੍ਰਧਾਨ ਨਿਰਮਲ ਸਿੰਘ ਅਤੇ ਸਰਪੰਚ ਹਰਜੀਤ ਕੌਰ ਵੱਲੋਂ ਤਰਕਸ਼ੀਲ ਸੁਸਾਇਟੀ ਦੇ ਸਾਰੇ ਮੈਂਬਰਾਂ ਦਾ ਸਨਮਾਨ ਚਿੰਨ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਸਰਪ੍ਰਸਤ ਜਸਮੇਲ ਸਿੰਘ ਜੱਸੀ,ਅਮੋਲਕ ਸਿੰਘ, ਗੁਰਮੇਲ ਸਿੰਘ ਰੰਗੀਲਾ, ਨਿਰਮਲ ਸਿੰਘ ਚੁੰਬਰ,ਅਵਤਾਰ ਸਿੰਘ,ਮਿੱਠਾ ਸਿੰਘ, ਸੰਦੀਪ ਸਿੰਘ, ਰਾਜਵੀਰ ਸਿੰਘ,ਜਗਸੀਰ ਸਿੰਘ, ਜਗਤਾਰ ਸਿੰਘ,ਲਖਵੀਰ ਸਿੰਘ,ਦਿਦਾਰ ਸਿੰਘ ਪੰਚ, ਅਵਤਾਰ ਸਿੰਘ ਪੰਚ,ਬਲਦੇਵ ਸਿੰਘ ਪੰਚ,ਹਰਦੀਪ ਕੌਰ ਪੰਚ,ਰਣਜੀਤ ਕੌਰ ਪੰਚ ਅਤੇ ਸਮੂਹ ਨਗਰ ਨਿਵਾਸੀ ਹਾਜ਼ਰ ਸਨ ।

ਬੀਕੇਯੂ ਉਗਰਾਹਾਂ ਬਲਾਕ ਮੂਨਕ ਦੇ ਕਿਸਾਨਾਂ ਨੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ

ਆਜ਼ਾਦ ਸੋਚ, ਬੂਟਾ ਸਿੰਘ ਭੁਟਾਲ, ਮੂਨਕ, 7 ਦਸੰਬਰ :

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਮੂਨਕ ਦੇ ਕਿਸਾਨਾਂ ਵਲੋਂ ਬਲਾਕ ਪ੍ਰਧਾਨ ਸੁਖਦੇਵ ਸਿੰਘ ਕੜੈਲ ਦੀ ਅਗਵਾਈ ਹੇਠ ਤਿਹਸੀਲ ਖਨੌਰੀ ਅਤੇ ਮੂਨਕ ਚ ਕਿਸਾਨਾਂ ਦਾ ਵੱਡਾ ਇਕੱਠ ਕਰਕੇ ਕੇਂਦਰ ਸਰਕਾਰ ਦਾ ਪੁਤਲਾ ਸਾੜਿਆ ਗਿਆ।ਕਿਸਾਨਾਂ ਨੂੰ ਸੰਬੋਧਨ ਕਰਦਿਆਂ ਬਲਾਕ ਜਰਨਲ ਸਕੱਤਰ ਰਿੰਕੂ ਮੂਨਕ ਨੇ ਕਿਹਾ ਕਿ ਕੱਲ ਸੰਭੂ ਬਾਰਡਰ ਤੋਂ ਕਿਸਾਨਾਂ ਦਾ ਵੱਡਾ ਕਾਫ਼ਲਾ ਸਰਕਾਰ ਤੋਂ ਕਿਸਾਨਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ ਦਿੱਲੀ ਵੱਲ ਕੂੱਚ ਕਰ ਰਿਹਾ ਸੀ ਤਾਂ ਹਰਿਆਣਾ ਸਰਕਾਰ ਵੱਲੋਂ ਨਿਹੱਥੇ ਕਿਸਾਨਾਂ ਉੱਪਰ ਲਾਠੀਚਾਰਜ ਅੱਥਰੂ ਗੈਸ ਦੇ ਗੋਲੇ ਅਤੇ ਰਬੜ ਦੀਆਂ ਗੋਲੀਆਂ ਚਲਾਈਆਂ ਗਈਆਂ ਜੋ ਸਰਕਾਰ ਦੀ ਬਹੁਤ ਨਿੰਦਣ ਯੋਗ ਕਾਰਵਾਈ ਹੈਂ ਕਿਸਾਨ ਅਪਣੀ ਹੱਕੀ ਮੰਗਾਂ ਨੂੰ ਲੈ ਕੇ ਲਗਭਗ ਇੱਕ ਸਾਲ ਤੋਂ ਖਨੌਰੀ ਤੇ ਸੰਭੂ ਬਾਰਡਰਾਂ ਤੇ ਪੱਕੇ ਮੋਰਚੇ ਲਾ ਕੇ ਬੈਠੇ ਹਨ ਇਸ ਤੋਂ ਪਹਿਲਾਂ ਕਿਸਾਨ ਟਰੈਕਟਰ ਟਰਾਲੀਆਂ ਰਾਹੀਂ ਦਿੱਲੀ ਵੱਲ ਵਧ ਰਹੇ ਸਨ ਉਦੋਂ ਵੀ ਕਿਸਾਨਾਂ ਤੇ ਬਹੁਤ ਜਬਰ ਜ਼ੁਲਮ ਕੀਤਾ ਗਿਆ ਸੀ ਪਰ ਸਰਕਾਰ ਨੇ ਕਿਸਾਨਾਂ ਨੂੰ ਕਿਹਾ ਕਿ ਕਿਸਾਨ ਟਰੈਕਟਰ ਟਰਾਲੀਆ ਰਾਹੀਂ ਦਿੱਲੀ ਨਹੀ ਜਾ ਸਕਦੇ ਕਿਉਂਕਿ ਆਵਾਜਾਈ ਚ ਵਿਘਨ ਪੈਂਦਾ ਹੈ ਜੇਕਰ ਕਿਸਾਨ ਦਿੱਲੀ ਜਾਣਾ ਚਾਹੁੰਦੇ ਹਨ ਤਾਂ ਕਾਰਾਂ ਬੱਸਾਂ ਰਾਹੀਂ ਦਿੱਲੀ ਵੱਲ ਜਾਣ ਪਰ ਹੁਣ ਤਾਂ ਕਿਸਾਨਾਂ ਦਾ ਕਾਫ਼ਲਾ ਸ਼ਾਂਤ ਮਈ ਤਰੀਕੇ ਨਾਲ ਪੈਦਲ ਮਾਰਚ ਕਰਕੇ ਦਿੱਲੀ ਵੱਲ ਜਾ ਰਿਹਾ ਸੀ ਹੁਣ ਵੀ ਪਹਿਲਾਂ ਦੀ ਤਰ੍ਹਾਂ ਜਬਰ ਕੀਤਾ ਗਿਆ ਜੋ ਬਰਦਾਸ਼ਤ ਨਾ ਕਰਨ ਯੋਗ ਹੈ ਨਾਲ ਹੀ ਇਸ ਤੋਂ ਇਹ ਗੱਲ ਸਾਫ਼ ਹੈ ਕਿ ਸਰਕਾਰ ਕਿਸਾਨਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਤੋਂ ਭੱਜ ਰਹੀ ਹੈ ਇਸ ਰੋਸ ਵਜੋਂ ਉਗਰਾਹਾਂ ਜਥੇਬੰਦੀ ਵੱਲੋਂ ਅੱਜ ਪੂਰੇ ਪੰਜਾਬ ਚ ਸਾਰੇ ਬਲਾਕਾਂ ਨੇ ਤਹਿਸੀਲਾਂ ਚ ਧਰਨਾ ਦੇ ਕੇ ਮੋਦੀ ਸਰਕਾਰ ਦੇ ਪੁਤਲੇ ਫੂਕੇ ਇਸ ਮੌਕੇ ਬਲਾਕ ਆਗੂ ਰੌਸ਼ਨ ਮੂਨਕ, ਬਲਵਿੰਦਰ ਮਨਿਆਣਾ, ਬੰਟੀ ਢੀਂਡਸਾ, ਬੱਬੂ ਚੱਠਾ, ਕੁਲਦੀਪ ਗੁਲਾੜੀ ਤੇ ਪਿੰਡ ਇਕਾਈਆਂ ਦੇ ਆਗੂ ਮਿੱਠਾ ਸਿੰਘ ਢੀਂਡਸਾ, ਧਰਮਪਾਲ ਮਨਿਆਣਾ, ਸੂਵੈਗ ਮੂਨਕ, ਬੱਗਾ ਬੱਲਰਾ, ਟੇਕ ਕੜੈਲ, ਸੁਖਚੈਨ ਦੇਹਲਾ, ਬੁੱਧਾ ਚੱਠੇ, ਜਸਵੰਤ ਠਸਕਾ ਮਾਤੇ ਰਾਮ ਭੁੱਲਣ, ਰਾਜੇਸ ਗੁਲਾੜੀ ਆਦਿ ਹਾਜ਼ਰ ਸਨ

ਆਦਰਸ਼ ਮਾਡਨ ਸੀਨੀਅਰ ਸੈਕੰਡਰੀ ਸਕੂਲ ਨਰੋਟ ਮੇਹਰਾ ਵਿਖੇ ਵਿਗਿਆਨ ਮੇਲੇ ਦਾ ਆਯੋਜਨ

ਆਜ਼ਾਦ ਸੋਚ, ਅਸ਼ਵਨੀ ਭਗਤ, ਪਠਾਨਕੋਟ, 7 ਦਸੰਬਰ :

=============

ਜ਼ਿਲਾ ਪਠਾਨਕੋਟ ਦੇ ਆਦਰਸ਼ ਮਾਡਨ ਸੀਨੀਅਰ ਸੈਕੰਡਰੀ ਸਕੂਲ ਨਰੋਟ ਮੇਹਰਾ ਵਿਖੇ ਵਿਗਿਆਨ ਮੇਲੇ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਚੌਥੀ ਕਲਾਸ ਤੋਂ ਲੈ ਕੇ ਦਸਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ ਬੱਚੇ ਘਰੋਂ ਦੀ ਸਾਇੰਸ ਦੇ ਸੋਹਣੇ ਮਾਡਲ ਬਣਾ ਕੇ ਸਕੂਲ ਲੈ ਕੇ ਆਏ ਅਤੇ ਉਹਨਾਂ ਬਾਰੇ ਜਾਣਕਾਰੀ ਵੀ ਦਿੱਤੀ ਬੱਚਿਆਂ ਦੇ ਮਾਡਲਾਂ ਨੂੰ ਵੇਖਣ ਦੇ ਲਈ ਸਕੂਲ ਦੇ ਚੇਅਰਮੈਨ ਸ਼ਿਵ ਕੁਮਾਰ ਸ਼ਰਮਾ ਆਏ ਅਤੇ ਬੱਚਿਆਂ ਦੇ ਬਣੇ ਮਾਡਲਾਂ ਬਾਰੇ ਉਹਨਾਂ ਕੋਲੋਂ ਜਾਣਕਾਰੀ ਵੀ ਪੁੱਛੀ ਅਤੇ ਨਾਲ ਹੀ ਵਧੀਆ ਮਾਡਲ ਬਣਾਉਣ ਵਾਲੇ ਵਿਦਿਆਰਥੀਆਂ ਦੀ ਸ਼ਲਾਘਾ ਵੀ ਕੀਤੀ ਅਤੇ ਕਿਹਾ ਕਿ ਵਿਗਿਆਨ ਮੇਲਾ ਇੱਕ ਰੋਮਾਂਚਕ ਅਤੇ ਜਾਣਕਾਰੀ ਦੇਣ ਵਾਲਾ ਪ੍ਰੋਗਰਾਮ ਹੈ ਜੋ ਕਿ ਵਿਗਿਆਨ ਦੇ ਬਾਰੇ ਜਨੂਨ ਰੱਖਣ ਵਾਲੇ ਵਿਦਿਆਰਥੀਓ ਨੂੰ ਵੱਖ ਵੱਖ ਵਿਗਿਆਨੀਕ ਪ੍ਰਯੋਗ ਕਰਨ ਦੇ ਲਈ ਅਵਸਰ ਪ੍ਰਦਾਨ ਕਰਦਾ ਹੈ ਅਤੇ ਇਹ ਵਿਗਿਆਨਿਕ ਪੱਧਤੀ ਦੇ ਬਾਰੇ ਰੁਚੀ ਅਤੇ ਪ੍ਰਸ਼ੰਸ਼ਾ ਨੂੰ ਵਧਾਉਂਦਾ ਹੈ ਇਸ ਦੇ ਨਾਲ ਹੀ ਉਹਨਾਂ ਨੇ ਕਿਹਾ ਕਿ ਵਿਗਿਆਨ ਮੇਲਾ ਵਿਦਿਆਰਥੀਆਂ ਲਈ ਇੱਕ ਮੁਲਵਾਨ ਸਮ੍ਰਿਧ ਅਨੁਭਵ ਹੈ ਅਤੇ ਵਿਦਿਆਰਥੀਆਂ ਨੂੰ ਸਮੱਸਿਆ ਅਤੇ ਨਿਵਾਰਨ ਵਿਕਸਿਤ ਕਰਨ ਲਈ ਅਤੇ ਆਤਮ ਵਿਸ਼ਵਾਸ ਦਾ ਨਿਰਵਾਣ ਕਰਨ ਦੇ ਲਈ ਇੱਕ ਮੰਚ ਪ੍ਰਧਾਨ ਕਰਦਾ ਹੈ ਇਸ ਮੌਕੇ ਤੇ ਪ੍ਰਿੰਸੀਪਲ ਆਰਤੀ ਮੈਰਾ ਅਤੇ ਅਧਿਆਪਕ ਰਮਨਦੀਪ ਮੁਕੇਸ਼ ਉਪਾਸਨਾ ਸੀਮਾ ਸਾਰੇ ਮੌਜੂਦ ਸਨ।

ਲੋਕਾਂ ਨੂੰ ਸਿਹਤਮੰਦ ਰੱਖਣ ਲਈ ਸੀ. ਐੱਮ. ਦੀ ਯੋਗਸ਼ਾਲਾ ਤਹਿਤ ਜ਼ਿਲ੍ਹੇ ਵਿੱਚ ਵੱਖ-ਵੱਖ ਥਾਵਾਂ 'ਤੇ ਲਗਾਈਆਂ ਜਾ ਰਹੀਆਂ ਹਨ ਯੋਗ ਦੀਆਂ ਕਲਾਸਾਂ

ਆਜ਼ਾਦ ਸੋਚ, ਵਿਸ਼ਾਲ ਕਟਾਰੀਆ, ਤਰਨ ਤਾਰਨ, 7 ਦਸੰਬਰ :

ਪੰਜਾਬ ਸਰਕਾਰ ਦੁਆਰਾ ਲੋਕਾਂ ਨੂੰ ਸਿਹਤਮੰਦ ਰੱਖਣ ਲਈ ਸੀ.ਐੱਮ. ਦੀ ਯੋਗਸ਼ਾਲਾ ਤਹਿਤ ਜ਼ਿਲ੍ਹੇ ਵਿੱਚ ਵੱਖ-ਵੱਖ ਥਾਵਾਂ 'ਤੇ ਯੋਗ ਦੀਆਂ ਕਲਾਸਾਂ ਲਗਾਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਗੁਰੂ ਰਵੀਦਾਸ ਆਯੁਰਵੈਦਿਕ ਯੂਨਿਵਰਸਿਟੀ ਹੁਸ਼ਿਆਰਪੁਰ ਵੱਲੋਂ ਯੋਗ ਦਾ ਡਿਪਲੋਮਾ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਕੱਦਗਿੱਲ ਤਰਨਤਾਰਨ ਵਿਖੇ ਸ਼ੁਰੂ ਕੀਤਾ ਗਿਆ ਹੈ। ਇਹ ਜਾਣਕਾਰੀ ਸੀ.ਐੱਮ. ਦੀ ਯੋਗਸ਼ਾਲਾ ਦੇ ਜ਼ਿਲ੍ਹਾ ਕੋਆਰਡੀਨੇਟਰ ਹਰਮਨਦੀਪ ਸਿੰਘ ਵਲੋਂ ਦਿੱਤੀ ਗਈ।ਉਨ੍ਹਾਂ ਨੇ ਦੱਸਿਆ ਕਿ ਇਸ ਡਿਪਲੋਮੇ ਵਿੱਚ 109 ਵਿਦਿਆਰਥੀਆਂ ਨੇ ਦਾਖਲਾ ਲਿਆ। ਇਹ ਇਕ ਸਾਲ ਦਾ ਕੋਰਸ ਹੈ। ਉਨ੍ਹਾਂ ਦੱਸਿਆ ਕਿ ਬੀਤੇ ਦਿਨ ਇਸ ਕੋਰਸ ਬਾਰੇ ਬੱਚਿਆਂ ਨੂੰ ਵੀਡੀਓ ਕਾਨਫਰੰਸ ਦੁਆਰਾ ਜਾਣਕਾਰੀ ਦਿੱਤੀ ਗਈ ਅਤੇ ਇਸ ਡਿਪਲੋਮੇ ਦੇ ਫਾਇਦੇ ਦੱਸੇ ਗਏ। ਗੁਰੂ ਰਵਿਦਾਸ ਆਯੂਰਵੈਦਿਕ, ਯੂਨਿਵਰਸਿਟੀ ਹੁਸ਼ਿਆਰਪੁਰ ਦੇ ਰਜਿਸਟਰਾਰ ਸੰਜੀਵ ਗੋਇਲ ਅਤੇ ਸੀ. ਐੱਮ. ਦੀ ਯੋਗਸ਼ਾਲਾ ਦੇ ਮੁੱਖ ਸਲਾਹਕਾਰ ਕਮਲੇਸ਼ ਮਿਸ਼ਰਾ ਅਤੇ ਅਮਰੇਸ਼ ਕੁਮਾਰ ਝਾ, ਡਾ. ਗਗਨ ਦੀਪ ਅਤੇ ਸੀ.ਐੱਮ. ਦੀ ਯੋਗਸ਼ਾਲਾ ਦੀ ਟੀਮ ਵੱਲੋਂ ਵੀਡੀਓ ਕਾਨਫਰੰਸ ਦੁਆਰਾ ਬੱਚਿਆਂ ਦਾ ਸੁਆਗਤ ਕੀਤਾ ਗਿਆ। ਹਰਮਨਦੀਪ ਸਿੰਘ ਨੇ ਦੱਸਿਆ ਕਿ ਸੀ. ਐਮ. ਦੀ ਯੋਗਸ਼ਾਲਾ ਤਹਿਤ ਜ਼ਿਲ੍ਹੇ ਵਿੱਚ ਵੱਖ-ਵੱਖ ਥਾਵਾਂ 'ਤੇ ਯੋਗ ਦੀਆਂ ਕਲਾਸਾਂ ਲਗਾਈਆਂ ਰਹੀਆਂ ਹਨ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਮੁਫਤ ਯੋਗ ਕਲਾਸਾਂ ਦਾ ਲਾਭ ਜ਼ਰੂਰ ਲੈਣ। ਉਨ੍ਹਾਂ ਕਿਹਾ ਕਿ ਜੇਕਰ ਕੋਈ ਆਪਣੇ ਮਹੱਲੇ ਵਿਚ ਯੋਗ ਦੀ ਕਲਾਸਾਂ ਸ਼ੁਰੂ ਕਰਾਉਣਾ ਚਾਹੁੰਦਾ ਹੈ ਤਾਂ 25 ਮੈਂਬਰਾਂ ਦਾ ਇੱਕ ਗਰੁੱਪ ਬਣਾ ਪੰਜਾਬ ਸਰਕਾਰ ਦੇ ਹੈਲਪਲਾਈਨ ਨੰਬਰ 76694-00500 'ਤੇ ਮਿਸ ਕਾਲ ਕਰ ਸਕਦਾ ਹੈ। ਇਸ ਦੇ ਅਨੁਸਾਰ ਆਪ ਨੂੰ ਫ਼ਰੀ ਵਿੱਚ ਯੋਗ ਟੀਚਰ ਤੁਹਾਡੇ ਮੁਹੱਲੇ ਵਿੱਚ ਯੋਗ ਕਰਵਾਉਣ ਲਈ ਮੁਹੱਈਆ ਕਰਵਾਇਆ ਜਾਵੇਗਾ।

ICICI Bank

ਬ੍ਰਾਂਚ ਅਫਿਸ : ਆਈਸੀਆਈਸੀਆਈ ਬੈਂਕ ਲਿਮਟਿਡ ਐਸਸੀਓ 132 133 134 ਸੈਕਟਰ-9ਸੀ, ਮੱਧਿਆ ਮਾਰਗ, ਚੰਡੀਗੜ੍ਹ-160017

ਜਨਤਕ ਸੂਚਨਾ - ਸੁਰੱਖਿਅਤ ਸੰਪਤੀ ਦੀ ਵਿਕਰੀ ਲਈ ਟੈਂਡਰ ਸਹਿ ਨਿਲਾਮੀ ਨੋਟਿਸ

(ਰੂਲ 8(6) ਦੀਆਂ ਹਦਾਇਤਾਂ ਦੇਖੋ)
ਅਚੱਲ ਸੰਪਤੀਆਂ ਦੀ ਵਿੱਕਰੀ ਦਾ ਨੋਟਿਸ

ਸਕਿਓਰਾਈਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002 ਦੇ ਨਾਲ ਪੜ੍ਹੇ ਜਾਂਦੇ ਸਕਿਊਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (6) ਦੀਆਂ ਹਦਾਇਤਾਂ ਅਨੁਸਾਰ ਅਚੱਲ ਸੰਪਤੀਆਂ ਦੀ ਈ-ਆਕਸ਼ਨ ਵਿੱਕਰੀ ਨੋਟਿਸ।

ਇਸ ਨੋਟਿਸ ਰਾਹੀਂ ਆਮ ਜਨਤਾ ਅਤੇ ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਸੰਪਤੀ ਸਕਿਊਰਡ ਕ੍ਰੇਡਿਟਰ ਕੋਲ ਮੋਰਟਗੇਜ/ਚਾਰਜਡ ਹੈ, ਜਿਸਦਾ **ਭੌਤਿਕ ਕਬਜ਼ਾ** ਆਈਸੀਆਈਸੀਆਈ ਬੈਂਕ ਲਿਮ. ਦੇ ਅਧਿਕਾਰਤ ਅਫਸਰ ਨੇ ਲੈ ਲਿਆ ਹੈ, ਨੂੰ ਹੇਠਾਂ ਦਰਸਾਏ ਵੇਰਵਿਆਂ ਅਨੁਸਾਰ 'ਜਿਵੇਂ ਹੈ', 'ਜੋ ਹੈ' ਅਤੇ 'ਜੋ ਵੀ ਮੌਜੂਦ ਹੈ' ਅਧਾਰ 'ਤੇ ਵੇਚੀਆਂ ਜਾਣਗੀਆਂ।

ਲੜੀ ਨੰ.	ਕਰਜ਼ਦਾਰ (ਾਂ)/ਸਹਿ-ਕਰਜ਼ਦਾਰ/ਜ਼ਾਮਨਾਂ ਦੇ ਨਾਂ/ ਕਰਜ਼ ਖਾਤਾ ਨੰਬਰ	ਸੁਰੱਖਿਅਤ ਸੰਪਤੀ ਦੇ ਵੇਰਵੇ ਅਤੇ ਭਾਰ ਜੇ ਕੋਈ ਹੋਵੇ	ਬਕਾਇਆ ਰਕਮ (ਰੁਪਏ 'ਚ)	ਰਾਖਵੀਂ ਕੀਮਤ ਤੇ ਬਿਆਨਾ ਰਕਮ (ਰੁਪਇਆਂ ਵਿੱਚ)	ਸੰਪਤੀ ਦੀ ਜਾਂਚ ਦੀ ਮਿਤੀ ਤੇ ਸਮਾਂ	ਨਿਲਾਮੀ ਦੀ ਮਿਤੀ ਤੇ ਸਮਾਂ
(ੳ)	(ਅ)	(ੲ)	(ਸ)	(ਹ)	(ਕ)	(ਖ)
1	ਰਾਕੇਸ਼ ਕੁਮਾਰ (ਕਰਜ਼ਦਾਰ) ਲੋਨ ਨੰ.- LUZMO00041965126	Renault Duster RXL Yr. of Mfg: 2013 Registration No. CH01AS5718	ਰੁ. 3,26,935/- 28 ਨਵੰਬਰ 2024 ਅਨੁਸਾਰ	ਰੁ. 1,31,000/ ਰੁ 25,000	20 ਦਸੰਬਰ 2024 ਸਵੇਰੇ 11:00 ਵਜੇ ਤੋਂ ਦੁਪਹਿਰ ਬਾਅਦ 02:00 ਵਜੇ ਤੱਕ	31 ਦਸੰਬਰ 2024 ਨੂੰ ਸਵੇਰੇ 11:00 ਵਜੇ ਤੋਂ ਦੁਪਹਿਰ ਬਾਅਦ 2:00 ਵਜੇ
2	ਰਾਕੇਸ਼ ਰੰਜਨ (ਕਰਜ਼ਦਾਰ) ਲੋਨ ਨੰ.- LAZIP00032290233	TATA MOTORS LTD TATA INDICA V2LS Yr. of Mfg: 2015 Registration No. PB01A7084	ਰੁ. 2,93,223/- 28 ਨਵੰਬਰ 2024 ਅਨੁਸਾਰ	ਰੁ. 25,000/ ਰੁ 25,000	20 ਦਸੰਬਰ 2024 ਸਵੇਰੇ 11:00 ਵਜੇ ਤੋਂ ਦੁਪਹਿਰ ਬਾਅਦ 02:00 ਵਜੇ ਤੱਕ	31 ਦਸੰਬਰ 2024 ਨੂੰ ਸਵੇਰੇ 11:00 ਵਜੇ ਤੋਂ ਦੁਪਹਿਰ ਬਾਅਦ 2:00 ਵਜੇ
3	ਅਰੁਣ ਕੁਮਾਰ (ਕਰਜ਼ਦਾਰ) ਲੋਨ ਨੰ.- LACHD00034084690	FORD INDIA LTD Ford Figo AspireYr. of Mfg: 2016 ,Registration No. CH02AA6959	ਰੁ.15,20,966/- 07 ਦਸੰਬਰ 2024 ਅਨੁਸਾਰ	ਰੁ. 75,000/ ਰੁ 25,000	20 ਦਸੰਬਰ 2024 ਸਵੇਰੇ 11:00 ਵਜੇ ਤੋਂ ਦੁਪਹਿਰ ਬਾਅਦ 02:00 ਵਜੇ ਤੱਕ	31 ਦਸੰਬਰ 2024 ਨੂੰ ਸਵੇਰੇ 11:00 ਵਜੇ ਤੋਂ ਦੁਪਹਿਰ ਬਾਅਦ 2:00 ਵਜੇ

ਔਨਲਾਈਨ ਨਿਲਾਮੀ ਸਾਡੀ ਨਿਲਾਮੀ ਏਜੰਸੀ ਕਾਰ ਟਰੇਡ ਐਕਸਚੇਂਜ ਦੀ ਵੈੱਬਸਾਈਟ (URL Link-https://www.cartradeexchange.com) 'ਤੇ ਕਰਵਾਈ ਜਾਵੇਗੀ। ਗਿਰਵੀ ਰੱਖਣ ਵਾਲਿਆਂ/ਨੋਟਿਸੀਆਂ ਨੂੰ 30 ਦਸੰਬਰ, 2024 ਤੱਕ ਸ਼ਾਮ 5:00 ਵਜੇ ਤੋਂ ਪਹਿਲਾਂ ਕੁੱਲ ਬਕਾਇਆ ਹੋਰ ਵਿਆਜ ਸਮੇਤ ਅਦਾ ਕਰਨ ਦਾ ਆਖਰੀ ਮੌਕਾ ਦਿੱਤਾ ਜਾਂਦਾ ਹੈ ਨਹੀਂ ਤਾਂ ਸੁਰੱਖਿਅਤ ਸੰਪਤੀਆਂ ਨੂੰ ਸਮਾਂ-ਸਾਰਣੀ ਅਨੁਸਾਰ ਵੇਚਿਆ ਜਾਵੇਗਾ।

ਇਛੁਕ ਬੋਲੀਕਾਰ (ਾਂ) ਨੂੰ "ਸੰਪੱਤੀ ਦੀ ਖਰੀਦ ਲਈ ਉਕਤ ਦਰਸਾਈ ਬਿਆਨਾ ਰਕਮ (ਈਐਮਡੀ), ਡਿਮਾਂਡ ਡਰਾਫਟ (ਡੀਡੀ) (ਕਾਲਮ 'ਹ' ਵਿਚ ਦਿੱਤੇ ਹਵਾਲੇ ਅਨੁਸਾਰ) ਆਈਸੀਆਈਸੀਆਈ ਬੈਂਕ ਲਿਮਟਿਡ ਐਸਸੀਓ 132 133 134 ਸੈਕਟਰ-9ਸੀ, ਮੱਧਿਆ ਮਾਰਗ, ਚੰਡੀਗੜ੍ਹ-160017 'ਤੇ ਅਤੇ ਸਾਡੀ ਮਾਰਕੀਟਿੰਗ ਏਜੰਟ ਕਾਰ ਟਰੇਡ-ਸ੍ਰੀਰਾਮ ਆਟੋਮਾਲ ਇੰਡੀਆ ਲਿਮ., 7ਵੀਂ ਮੰਜਿਲ, ਬੈਸਟ ਬਿਜਨਸ ਪਾਰਕ, ਨੇਤਾਜੀ ਸੁਭਾਸ਼ ਪੈਲੇਸ, ਪੀਤਮਪੁਰਾ ਦਿੱਲੀ-110034 ਵਿਖੇ 30 ਦਸੰਬਰ 2024 ਨੂੰ ਸ਼ਾਮ 05.00 ਵਜੇ ਤੋਂ ਪਹਿਲਾਂ ਅਤੇ ਉਸ ਤੋਂ ਬਾਅਦ ਆਪਣੀ ਪੇਸ਼ਕਸ ਸਮੇਤ ਈਐਮਡੀ ਰਕਮ ਦੇ ਪਰੂਫ ਵਜੋਂ ਬੈਂਕ ਵੱਲੋਂ ਜਾਰੀ ਡੀਡੀ ਦੀ ਸਕੈਨ ਕਾਪੀ ਕੇਵਲ ਉਕਤ ਦਰਸ਼ਾਈ ਵੈਬਸਾਈਟ ਰਾਹੀਂ ਹੀ 30 ਦਸੰਬਰ 2024 ਨੂੰ ਸ਼ਾਮ 05.00 ਵਜੇ ਤੋਂ ਪਹਿਲਾਂ ਜਮਾਂ ਕਰਵਾਉਣੀ ਹੋਵੇਗੀ। ਕ੍ਰਿਪਾ ਨੋਟ ਕਰੋ, ਜੇਕਰ ਇਛੁੱਕ ਬੋਲੀਕਾਰ ਵੈਬਸਾਈਟ ਰਾਹੀਂ ਉਨ੍ਹਾਂ ਦੀ ਪੇਸ਼ਕਸ ਜਮ੍ਹਾਂ ਕਰਨ ਵਿੱਚ ਅਸਫਲ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਟੈਂਡਰ ਡਾਕੂਮੈਂਟਸ ਦੀ ਸਹੀਬੱਧ ਕਾਪੀ ਆਈਸੀਆਈਸੀਆਈ ਬੈਂਕ ਲਿਮਟਿਡ ਐਸਸੀਓ 132 133 134 ਸੈਕਟਰ-9ਸੀ, ਮੱਧਿਆ ਮਾਰਗ, ਚੰਡੀਗੜ੍ਹ-160017 ਵਿਖੇ 30 ਦਸੰਬਰ 2024 ਨੂੰ ਸ਼ਾਮ 05.00 ਵਜੇ ਤੋਂ ਪਹਿਲਾਂ ਜਮਾਂ ਕਰਵਾਉਣੀ ਪਵੇਗੀ। ਬਿਆਨਾ ਰਕਮ ਦਾ ਈਐਮਡੀ ਡੀਡੀ/ਪੀਓ ਚੰਡੀਗੜ੍ਹ ਵਿਖੇ ਅਦਾਇਗੀਯੋਗ "ਆਈਸੀਆਈਸੀਆਈ ਬੈਂਕ ਲਿਮਟਿਡ ਦੇ ਪੱਖ ਵਿਚ ਕਿਸੇ ਕੌਮੀਕ੍ਰਿਤ/ਸੂਚੀਬਧ ਬੈਂਕ ਵਲੋਂ ਹੋਣਾ ਚਾਹੀਦਾ ਹੈ।

ਜਾਂਚ, ਨਿਲਾਮੀ ਦੇ ਨਿਯਮ ਤੇ ਸ਼ਰਤਾਂ ਜਾਂ ਟੈਂਡਰਾਂ ਦੀ ਪੇਸ਼ਕਸ਼ ਸਬੰਧੀ ਕਿਸੇ ਵੀ ਵਧੇਰੇ ਸਪਸ਼ਟੀਕਰਨ ਲਈ ਕ੍ਰਿਪਾ ਕਰਕੇ ਆਈਸੀਆਈਸੀਆਈ ਬੈਂਕ ਲਿਮਟਿਡ ਦੇ ਮੁਬਾਇਲ ਨੰਬਰ 8584874809/8928935040 ਅਤੇ ਕਾਰ ਟਰੇਡ 9958769761 'ਤੇ ਸੰਪਰਕ ਕਰੋ।

ਅਧਿਕਾਰਤ ਅਧਿਕਾਰੀ ਕੋਲ ਕਿਸੇ ਵੀ ਜਾਂ ਸਾਰੀਆਂ ਬੋਲੀਆਂ ਬਿਨਾਂ ਕੋਈ ਵੀ ਕਾਰਨ ਦੱਸੇ ਰੱਦ ਕਰਨ ਦਾ ਹੱਕ ਰਾਖਵਾਂ ਹੈ।

ਵਿਕਰੀ ਸਬੰਧੀ ਸ਼ਰਤਾਂ ਅਤੇ ਹੋਰ ਜਾਣਕਾਰੀ ਲਈ www.icicibank.com/n4p4s 'ਤੇ ਸੰਪਰਕ ਕਰੋ।

ਮਿਤੀ : ਦਸੰਬਰ 07, 2024
ਸਥਾਨ : ਪੰਜਾਬ

ਅਧਿਕਾਰਤ ਅਧਿਕਾਰੀ
ਆਈਸੀਆਈਸੀਆਈ ਬੈਂਕ ਲਿਮ.

Court Notice

(U/o 5 Rule 20 CPC)
In the Court of Ms. Rajbinder Kaur Additional Civil Judge Senior Division-2, Patiala
Next Date , Purpose of case, Orders and Judgments as well as other case information is available on http://ecourts.gov.in
CNRNo: PBPT02-000017-2024
Next Date : 02-01-2025
State Bank of India Branch at ACB Patiala Tehsil and District Patiala through its Chief Manager.
Versus
Sukhwinder Kaur
Suit under order 37 for the recovery
Publication Issued To:
Sukhwinder Kaur W/o Charan Singh Resident of Village and Post Office Lang Tehsil and District Patiala.

In above titled case , the defendant(s)/respondent(s) could not be served .It is ordered that defendant(s)/ respondent(s) should appear in person or through counsel on **02-01-2025 at 10:00 a.m**. **For details logon to https://highcourtchd.gov.in/?trs=district_notice&district=Patiala**

Dated , This day of : **04-12-2024**
Sd/-
Additional Civil Judge Senior Division-2 Patiala

Court Notice

In the Court of Ms. Deepika Singh Addl. Principal Judge, Family Court, Samana
Next Date , Purpose of case, Orders and Judgments as well as other case information is available on http://ecourts.gov.in
MNT125/88/2023
CNR No : PPBPTF4-000520-2023
Police Station/FIR No.//0
Next Date : 19-12-2024
125 of code of Criminal Procedure, 1973
Seema Rani
Versus
Kuldeep Ram
Proclamation Requiring the Appearance of a Person Accused
Detail of offence:-
Publication Issued To:
Kuldeep Ram Son of Late Jaswant Lal, Resident of Cycle Wala Chowk, Village Shutrana, Tehsil Patran, Distt. Patiala

WHEREAS complaint/case has been made before me that **R/O** has committed (or is suspected to have committed) the offence punishable under section **125 of code of Criminal Procedure, 1973** and it has been returned to a warrant of arrest thereupon issued that the said cannot be found, and whereas it has been shown to my satisfaction that the said has absconded (or is concealing himself/herself to avoid the service of the said warrant), Proclamation is hereby made that the said is required to appear before this Court (or before me) on **19-12-2024** to answer the said complaint/case.

Dated , This day of : **28-11-2024**
Sd/-
Addl. Principal, Judge, Family Court Samana

Court Notice

In the Court of Mukesh Kumar Singla Judicial Magistrate First Class, Phillaur
Next Date , Purpose of case, Orders and Judgments as well as other case information is available on http://ecourts.gov.in
NACT/225/2020
CNRNo:PBJLB1-001973-2020
Police Station/FIR No.//0
Next Date : 10-01-2025
138 of Negotiable Instrument Act
Nirmal Singh
Versus
Randeep Singh
Proclamation Requiring the Appearance of a Person Accused
Detail of offence:-
Publication Issued To:
Randeep Singh
Father:- Kuldip Singh
R/o Village Khatti Tehsil Phagwara District Kapurthala

WHEREAS complaint/case has been made before me that **R/O** has committed (or is suspected to have committed) the offence punishable under section **138 of Negotiable Instruments Act** and it has been returned to a warrant of arrest thereupon issued that the said cannot be found, and whereas it has been shown to my satisfaction that the said has absconded (or is concealing himself/herself to avoid the service of the said warrant), Proclamation is hereby made that the said is required to appear before this Court (or before me) on **10-01-2025** to answer the said complaint/case.

Dated , This day of : **07-12-2024**
Sd/-
Judicial Magistrate First Class Phillaur

Court Notice

In the Court of Sh. Akbar Khan Judicial Magistrate-1st Class-2, Patiala
Next Date , Purpose of case, Orders and Judgments as well as other case information is available on http://ecourts.gov.in
COMA/3118/2023
CNRNo:PBPT03-011236-2023
Police Station/FIR No.Anaj Mandi/
Next Date : 13-01-2025
138 of Negotiable Instrument Act
Davinder Singh
Versus
Sukhwinder Singh
Proclamation Requiring the Appearance of a Person Accused
Detail of offence:- 138 NI ACT
Publication Issued To:
1. Sukhwinder Singh S/o Charanjit Singh Village Naraingarh, Tehsil Khanna, Distt. Ludhiana,
2. Sukhwinder Singh S/o Charanjit Singh R/o H. No. 28 Tafazalpur Patiala

WHEREAS complaint/case has been made before me that **R/O** has committed (or is suspected to have committed) the offence punishable under section **138 of Negotiable Instruments Act** and it has been returned to a warrant of arrest thereupon issued that the said cannot be found, and whereas it has been shown to my satisfaction that the said has absconded (or is concealing himself/herself to avoid the service of the said warrant), Proclamation is hereby made that the said is required to appear before this Court (or before me) on **13-01-2025** to answer the said complaint/case.

Dated , This day of : **05-12-2024**
Sd/-
Judicial Magistrate 1st Class-2 Patiala

Notice

District Consumer Disputes Redressal Commission Malerkotla
No. DCC/MLK/2024/917
Dated: 05-12-2024
CC No. 1422
Dated 26/11/2021
Fixed for:- 23/12/2024

Jagjit Singh
Vs
M/s Gupta Builders
(In the matter of Consumer Complaint)

Notice to:-
1. M/s Gupta Builders and Promoters Private Limited, Registered Office: SCO 196-197, Sector 34-A, Chandigarh through its Managing Director Satish Gupta.
2. Anupam gupta, Director (Sales) M/s Gupta Builders and Promoters Private Limited, Registered Office: SCO 196-197, Sector 34-A, Chandigarh.
3. Raman Gupta, Director (Branding and Construction), M/s Gupta Builders and Promoters Private Limited, Registered Office: SCO 196-197, Sector 34-A, Chandigarh
4. Pardeep Gupta, Director (Finance), M/s Gupta Builders and Promoters Private Limited, Registered Office: SCO 196-197, Sector 34-A, Chandigarh

Whereas in the above noted Consumer Complaint it has been proved to the satisfaction of this Commission that the above mentioned opposite Parties No. 1 to 4 cannot be serviced upon in ordinary way. Therefore, Opposite Parties as mentioned above, are directed by this notice of Publication to directed by this notice of Publication to appear before the Commission on 23/12/2024 (at 10:30 A.M.) either in person or through counsel, failing which ex-parte proceedings shall be taken against above mentioned Opposite Parties. (Publication be made in Punjabi Newspaper "Azad Soch")

Issued today on 5.12.2024 under my signatures and seal of the District Commission, Malerkotla.

President
District Consumer Disputes Redressal Commission Malerkotla

ਆਰ ਬੀ ਆਈ ਨੇ ਸਰਕਾਰੀ ਹਾਈ ਸਕੂਲ ਕੱਦਗਿਲ 'ਚ ਲਗਾਇਆ ਜਾਗਰੂਕਤਾ ਸੈਮੀਨਾਰ

ਆਜ਼ਾਦ ਸੋਚ, ਵਿਸ਼ਾਲ ਕਟਾਰੀਆ, ਤਰਨਤਾਰਨ, 6 ਦਸੰਬਰ :

ਆਰ ਬੀ ਆਈ ਵੱਲੋਂ ਸਰਕਾਰੀ ਹਾਈ ਸਕੂਲ ਕੱਦਗਿਲ ਵਿਖੇ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ ਸੈਮੀਨਾਰ ਵਿੱਚ ਉਚੇਚੇ ਤੌਰ ਤੇ ਆਰ ਬੀ ਆਈ ਚੰਡੀਗੜ੍ਹ ਤੋਂ ਐਲ ਡੀ ਓ ਮੈਡਮ ਗਰਿਮਾ ਬੱਸੀ ਪੁੱਜੇ । ਇਸ ਮੌਕੇ ਸੰਬੋਧਨ ਕਰਦਿਆਂ ਮੈਡਮ ਬੱਸੀ ਨੇ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ, ਪ੍ਰਧਾਨ ਮੰਤਰੀ ਜੀਵਨ ਬੀਮਾ ਯੋਜਨਾ, ਅਟਲ. ਗਾਹਕਾਂ ਦੇ ਲਾਭ ਲਈ ਪੈਨਸ਼ਨ ਯੋਜਨਾ, ਸੁਕੰਨਿਆ ਸਮਰਿਧੀ ਯੋਜਨਾ ਤੋਂ ਇਲਾਵਾ ਸਾਈਬਰ ਕ੍ਰਾਈਮ, ਵਿੱਤੀ ਉਤਪਾਦਾਂ ਬਾਰੇ ਜਾਣਕਾਰੀ ਸਾਂਝੀ ਕਰਦਿਆ ਆਰੋਹ ਫਾਊਂਡੇਸ਼ਨ ਦੇ ਸਹਿਯੋਗ ਨਾਲ ਬੈਂਕ ਦੁਆਰਾ ਇੱਥੇ ਸਥਾਪਿਤ ਕੀਤੇ ਵਿੱਤੀ ਸਾਖਰਤਾ ਕੇਂਦਰ (ਸੀ ਐਫ ਐਲ) ਦੀਆਂ ਗਤੀਵਿਧੀਆਂ ਨੂੰ ਸਾਂਝਾ ਕੀਤਾ। ਇਹਨਾਂ ਗਾਹਕਾਂ ਨੂੰ ਕੇਂਦਰ ਦੀਆਂ ਗਤੀਵਿਧੀਆਂ, ਵਿੱਤੀ ਉਤਪਾਦਾਂ ਅਤੇ ਸੇਵਾਵਾਂ, ਚੰਗੇ ਵਿੱਤੀ ਅਭਿਆਸਾਂ, ਡਿਜੀਟਲ ਜਾਣ ਅਤੇ ਖਪਤਕਾਰ ਸੁਰੱਖਿਆ ਬਾਰੇ ਜਾਣਕਾਰੀ ਦਿੰਦਿਆਂ ਡਿਜੀਟਲ ਧੋਖੇਬਾਜ਼ਾਂ ਤੋਂ ਵੀ ਸੁਚੇਤ ਕੀਤਾ। ਇਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਤਰਨ ਤਾਰਨ, ਪੱਟੀ, ਗੰਡੀਵਿੰਡ, ਚੋਹਲਾ ਸਾਹਿਬ, ਖਡੂਰ ਸਾਹਿਬ ਅਤੇ ਨੌਸ਼ਹਿਰਾ ਪੰਨੂੰਆਂ ਆਦਿ ਬਲਾਕਾ ਵਿੱਚ ਤੈਨਾਤ ਸਟਾਫ਼ ਵੱਲੋ ਪਿੰਡ -ਪਿੰਡ ਕੈਂਪ ਲਗਾ ਇਸ ਬਾਰੇ ਜਾਗਰੂਕ ਕੀਤਾ ਜਾਵੇਗਾ ।ਇਸ ਮੌਕੇ ਅਰੋਹ ਫਾਊਂਡੇਸ਼ਨ ਦੇ ਸੂਬਾ ਪ੍ਰਧਾਨ ਪ੍ਰਦੀਪ ਕੁਮਾਰ ਪ੍ਰਜਾਪਤ, ਨੇ ਸੰਬੋਧਨ ਕਰਦਿਆਂ ਆਰੋਹ ਵੱਲੋਂ ਆਰ ਬੀ ਆਈ ਰਾਹੀਂ ਚੱਲ ਰਹੇ ਇਸ ਵਿਸ਼ੇਸ਼ ਜਾਗਰੂਕਤਾ ਪ੍ਰੋਜੈਕਟ ਬਾਰੇ ਜਾਣਕਾਰੀ ਸਾਂਝੀ ਕੀਤੀ ੨ ਇਸ ਸਮਾਗਮ ਦੇ ਸ਼ੁਰੂਆਤ ਵਿੱਚ ਹਾਜ਼ਰ ਮਹਿਮਾਨਾਂ ਨੂੰ ਇਸ ਸਕੂਲ ਦੇ ਮੈਡਮ ਦਲਜੀਤ ਕੌਰ ਸਾਇੰਸ ਮਿਸਟ੍ਰੈਸ ਵੱਲੋਂ ਜੀ ਆਇਆ ਕਿਹਾ ਗਿਆ ਅਤੇ ਅੰਤ ਵਿੱਚ ਕਰਨਜੀਤ ਸਿੰਘ ਕੰਪਿਊਟਰ ਅਧਿਆਪਕ ਵੱਲੋਂ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਕਰਵਾਉਣਾ ਸਮੇਂ ਦੀ ਅੱਜ ਦੇ ਸਮੇਂ ਦੀ ਜਰੂਰਤ ਹੈ੨ ਇਸ ਮੌਕੇ ਉਹਨਾਂ ਬੱਚਿਆਂ ਨੂੰ ਅਪੀਲ ਕੀਤੀ ਕਿ ਉਹ ਇਹ ਜਾਣਕਾਰੀ ਆਪਣੇ ਸਮਾਜ ਦੇ ਹੋਰਨਾਂ ਲੋਕਾਂ ਨਾਲ ਵੀ ਸਾਂਝੀ ਕਰਨ ੨ ਇਸ ਮੌਕੇ ਇਸ ਕੰਵਲ ਕੁਮਾਰ ਸਹਿਗਲ, ਲੀਡ ਜ਼ਿਲ੍ਹਾ ਮੈਨੇਜਰ, ਅਰੋਹ ਫਾਊਂਡੇਸ਼ਨ ਦੇ ਸੂਬਾ ਪ੍ਰਧਾਨ ਪਰਦੀਪ ਕੁਮਾਰ ਪ੍ਰਜਾਪਤ, ਤਰਨਜੀਤ ਕੌਰ ਜ਼ਿਲ੍ਹਾ ਕੋਆਰਡੀਨੇਟਰ ਆਰ.ਬੀ.ਆਈ.ਵਿੱਤੀ ਸਾਖਰਤਾ ਕੇਂਦਰ ਤਰਨ ਤਾਰਨ ਦੇ ਫਾਇਨੈਂਸ ਕੌਸ਼ਲਰ(' ਸੈਂਟਰ ਮੈਨਜਰ ') ਮੈਡਮ ਅਮਨਦੀਪ ਕੌਰ ਕੱਦ ਗਿੱਲ, ਸਹਾਇਕ ਫਾਇਨੈਂਸ ਕੌਸ਼ਲਰ ਹਰਪ੍ਰੀਤ ਸਿੰਘ, ਗਗਨਦੀਪ ਸਿੰਘ, ਬਲਰਾਜ ਸ਼ਿੰਘ ਮੈਥ ਮਾਸਟਰ,ਰਣਜੀਤ ਸਿੰਘ ਕਲਰਕ, ਏਕਤਾ ਮੈਥ ਮਿਸਟ੍ਰੈਸ ਆਦਿ ਵੀ ਹਾਜ਼ਰ ਸਨ।

ਬਲਵਿੰਦਰ ਹਾਲੀ ਤੇ ਵਜਿੰਦਰ ਵਨਾਇਕ ਨੇ ਕੱਪੜਿਆਂ ਨਾਲ ਕੀਤੀ ਲੋੜਵੰਦ ਬੱਚਿਆਂ ਦੀ ਮੱਦਦ

ਆਜ਼ਾਦ ਸੋਚ, ਗੁਲਜ਼ਾਰ ਮਦੀਨਾ, ਸਾਦਿਕ, 7 ਦਸੰਬਰ :

ਸਮਾਜ ਵਿੱਚ ਗੁਰਬਤ ਦੀ ਜ਼ਿੰਦਗੀ ਬਤੀਤ ਕਰ ਰਹੇ ਲੋਕਾਂ ਲਈ ਦਾਨੀ ਰੱਬ ਵਰਗਾ ਆਸਰਾ ਬਣ ਜਾਂਦੇ ਹਨ। ਅਜਿਹਾ ਹੀ ਲੋੜਵੰਦਾਂ ਦਾ ਆਸਰਾ ਬਣੇ ਹਨ ਪਿੰਡ ਨਵਾਂ ਕਿਲਾ ਦੇ ਪ੍ਰਸਿੱਧ ਪੱਤਰਕਾਰ ਬਲਵਿੰਦਰ ਸਿੰਘ ਹਾਲੀ ਤੇ ਪਾਵਰਕਾਮ ਦੇ ਸੇਵਾਮੁਕਤ ਅਧਿਕਾਰੀ ਵਜਿੰਦਰ ਵਿਨਾਇਕ। ਜਾਣਕਾਰੀ ਦਿੰਦਿਆ ਪਰਦੀਪ ਚਮਕ ਨੇ ਦੱਸਿਆ ਕਿ ਨਜਦੀਕੀ ਪਿੰਡ ਦੇ ਇੱਕ ਬਿਮਾਰ ਪ੍ਰਵਾਰ ਦੇ ਦੋ ਸਾਲ ਦਾ ਬੱਚਾ ਗਰਮ ਕੱਪੜਿਆ ਤੋਂ ਵਾਂਝਾਂ ਸੀ ਬੱਚੇ ਦੀ ਮਾਤਾ ਅੰਗਹੀਣ ਅਧਰੰਗ ਤੋਂ ਪੀੜਤ ਹੈ ਅਤੇ ਪਿਤਾ ਤਿੰਨ ਸਾਲ ਤੋਂ ਕਾਲਾ ਪੀਲੀਆ, ਚਮੜੀ ਰੋਗ ਤੇ ਟੀਬੀ ਦਾ ਮਰੀਜ਼ ਹੈ। ਕਮਾਈ ਦਾ ਕੋਈ ਸਾਧਨ ਨਾ ਹੋਣ ਕਾਰਣ ਇਸ ਪ੍ਰਵਾਰ ਦੀ ਜਿੰਦਗੀ ਦਾਨੀਆਂ ਆਸਰੇ ਹੀ ਹੈ। ਬਲਵਿੰਦਰ ਹਾਲੀ ਨੇ ਇਸ ਬੱਚੇ ਦੇ ਲਗਭਗ ਸਾਰੇ ਗਰਮ ਕੱਪੜੇ ਤੋਂ ਬੂਟਾਂ ਜੁਰਾਬਾਂ ਦੇ ਜੋੜੇ ਦਿੱਤੇ। ਇਸੇ ਤਰਾਂ ਪਾਵਰਕਾਮ ਦੇ ਸੇਵਾਮੁਕਤ ਅਧਿਕਾਰੀ ਵਜਿੰਦਰ ਵਿਨਾਇਕ ਨੇ ਤਿੰਨ ਨਵ ਜੰਮੇ ਬੱਚਿਆਂ ਨੂੰ ਗਰਮੀ ਤੇ ਸਰਦੀ ਦੇ ਕੱਪੜੇ ਦਾਨ ਕੀਤੇ। ਨਜਦੀਕੀ ਪਿੰਡ ਵਿੱਚ ਇੱਕ ਅਭਾਗਾ ਬਾਪ ਆਪਣੀਆਂ ਦੋ ਬੱਚੀਆ ਦਾ ਮੂੰਹ ਦੇਖਣ ਤੋਂ ਪਹਿਲਾ ਹੀ ਦਿਲ ਦਾ ਦੌਰਾ ਪੈਣ ਕਰਕੇ ਚੱਲ ਵਸਿਆ ਸੁਭਾ ਬਾਪ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਅਤੇ ਸ਼ਾਮ ਨੂੰ ਉਹ ਦੋ ਬੱਚੀਆਂ ਦਾ ਬਾਪ ਬਣ ਗਿਆ। ਗਰੀਬ ਮਜਦੂਰ ਪ੍ਰਵਾਰ ਤੇ ਦੁੱਖਾਂ ਦਾ ਪਹਾੜ ਡਿੱਗ ਪਿਆ। ਪਰਦੀਪ ਚਮਕ ਨੇ ਦੱਸਿਆ ਕਿ ਉਸ ਅਭਾਗੀਆ ਬੱਚੀਆਂ ਦੀ ਮਾਂ ਲਈ ਪੰਜੀਰੀ ਦਾ ਪ੍ਰਬੰਧ ਕੀਤਾ ਅਤੇ ਵਜਿੰਦਰ ਵਿਨਾਇਕ ਨੇ ਇਸ ਪ੍ਰਵਾਰ ਦੀ ਗਰਮੀਆਂ ਤੇ ਸਰਦੀਆਂ ਵਾਲੇ ਕੱਪੜਿਆਂ ਨਾਲ ਮੱਦਦ ਕੀਤੀ। ਇਸੇ ਤਰਾਂ ਇੱਕ ਗਰੀਬ ਮਜਦੂਰ ਦੀ ਲੜਕੀ ਦੇ ਦੋ ਵਿਆਹ ਹੋਏ ਦੋਨੋ ਹੀ ਮਰ ਗਏ। ਉਸ ਗਰੀਬ ਮਜਦੂਰ ਔਰਤ ਦੀ ਲੜਕੀ ਦੇ ਘਰ ਬੇਟਾ ਪੈਦਾ ਹੋਇਆ ਜਿਸ ਲਈ ਉਸ ਨੇ ਪੰਜੀਰੀ ਤੇ ਕੱਪੜਿਆ ਦੀ ਮੰਗ ਕੀਤੀ। ਉਸ ਗਰੀਬ ਮਜਦੂਰ ਔਰਤ ਦੀ ਲੜਕੀ ਲਈ ਪੰਜੀਰੀ ਤੇ ਬੱਚੇ ਲਈ ਕੱਪੜਿਆਂ ਦਾ ਪ੍ਰਬੰਧ ਕੀਤਾ। ਕੱਪੜੇ ਵਜਿੰਦਰ ਵਨਾਇਕ ਨੇ ਲੈਕੇ ਦਿੱਤੇ। ਉਕਤ ਚਾਰੋਂ ਬੱਚਿਆਂ ਦੇ ਮਾਪਿਆਂ ਨੇ ਦਾਨੀ ਸੱਜਣਾਂ ਦਾ ਕੋਟਨ ਕੋਟਿ ਧੰਨਵਾਦ ਕੀਤਾ ।



ਸੈਂਟ ਮੈਰੀ ਸੀਨੀਅਰ ਸੈਕੰਡਰੀ ਸਕੂਲ ਸੁਜਾਨਪੁਰ ਦੇ ਸਲਾਨਾ ਸਮਾਰੋਹ ਵਿੱਚ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕੀਤੀ ਸਿਰਕਤ

ਆਜ਼ਾਦ ਸੋਚ, ਅਸ਼ਵਨੀ ਭਗਤ, ਪਠਾਨਕੋਟ, 7 ਦਸੰਬਰ:

ਸੈਂਟ ਮੈਰੀ ਸੀਨੀਅਰ ਸੈਕੰਡਰੀ ਸਕੂਲ ਸੁਜਾਨਪੁਰ ਵਿਖੇ ਅੱਜ ਸਲਾਨਾ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਮੌਕੇ ਤੇ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਹਾਜਰ ਹੋਏ। ਸਕੂਲ ਪ੍ਰਬੰਧਨ ਕਮੇਟੀ ਵੱਲੋਂ ਫੁੱਲਾਂ ਦੇ ਹਾਰ ਪਾ ਕੇ ਪੰਜਾਬੀ ਸੱਭਿਆਚਾਰਕ ਪ੍ਰੋਗਰਾਮ ਦੇ ਨਾਲ ਕੈਬਨਿਟ ਮੰਤਰੀ ਪੰਜਾਬ ਦਾ ਸਮਾਰੋਹ ਵਿੱਚ ਪਹੁੰਚਣ ਤੇ ਸਵਾਗਤ ਕੀਤਾ ਗਿਆ।ਸਮਾਰੋਹ ਦੌਰਾਨ ਸੰਬੋਧਤ ਕਰਦਿਆਂ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਜੀ ਨੇ ਕਿਹਾ ਕਿ ਸੈਂਟ ਮੈਰੀ ਸੀਨੀਅਰ ਸੈਕੰਡਰੀ ਸਕੂਲ ਸੁਜਾਨਪੁਰ ਖੇਤਰ ਦਾ ਬਹੁਤ ਹੀ ਪ੍ਰਸਿੱਧ ਸਕੂਲ ਹੈ ਅਤੇ ਅੱਜ ਉਹ ਅਪਣੇ ਆਪ ਨੂੰ ਬਹੁਤ ਖੁਸਨਸੀਬ ਮੰਨਦੇ ਹਨ ਕਿ ਉਨ੍ਹਾਂ ਨੂੰ ਇਸ ਸਮਾਰੋਹ ਦੇ ਸਲਾਨਾ ਸਮਾਰੋਹ ਵਿੱਚ ਪਹੁੰਚਣ ਦਾ ਮੋਕਾ ਮਿਲਿਆ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਸੈਂਟ ਮੈਰੀ ਸੀਨੀਅਰ ਸੈਕੰਡਰੀ ਸਕੂਲ ਸੁਜਾਨਪੁਰ ਵੱਲੋਂ ਬਹੁਤ ਹੀ ਆਧੁਨਿਕ ਪ੍ਰਨਾਲੀ ਦੇ ਨਾਲ ਬੱਚਿਆ ਨੂੰ ਸਿੱਖਿਅਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਕੂਲ ਵਿਦਿਆਰਥੀ ਜੀਵਨ ਦੀ ਬੁਨਿਆਦੀ ਪੜਾਈ ਬਹੁਤ ਵਧੀਆ ਢੰਗ ਨਾਲ ਦਿੰਦੇ ਹਨ ਤਾਂ ਜੋ ਵਿਦਿਆਰਥੀ ਭਵਿੱਖ ਅੰਦਰ ਹਰ ਇੱਕ ਪ੍ਰੀਖਿਆ ਦੇ ਲਈ ਤਿਆਰ ਰਹਿ ਸਕਣ। ਉਨ੍ਹਾਂ ਕਿਹਾ ਕਿ ਬੱਚਿਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਬਹੁਤ ਵਧੀਆ ਪੇਸਕਾਰੀ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਵੀ ਇੱਕ ਮੁੱਖ ਉਦੇਸ ਹੈ ਕਿ ਸੂਬੇ ਦੇ ਹਰ ਨਾਗਰਿਕ ਤੱਕ ਵਧੀਆ ਸਿਹਤ ਸੇਵਾਵਾਂ ਅਤੇ ਵਿਦਿਆਰਥੀਆਂ ਦੇ ਭਵਿੱਖ ਲਈ ਗੁਣਵੱਤਾ ਵਾਲੀ ਬੁਨਿਆਦੀ ਸਿੱਖਿਆ ਦੇਣਾ। ਇਸੇ ਤਰ੍ਹਾਂ ਅਜਿਹੇ ਸਕੂਲ ਵੀ ਵਿਦਿਆਰਥੀਆਂ ਨੂੰ ਬੁਨਿਆਦੀ ਸਿੱਖਿਆ ਦੇ ਕੇ ਪੰਜਾਬ ਸਰਕਾਰ ਦਾ ਉਦੇਸ ਪੂਰਾ ਕਰਨ ਵਿੱਚ ਸਹਾਇਕ ਹਨ।ਇਸ ਮੌਕੇ ਤੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ ਕੀਤਾ ਗਿਆ। ਸਮਾਰੋਹ ਦੇ ਅੰਤ ਵਿੱਚ ਸਿੱਖਿਆ ਦੇ ਖੇਤਰ ਵਿੱਚ ਅਤੇ ਖੇਡਾਂ ਦੇ ਖੇਤਰ ਵਿੱਚ ਵਧੀਆ ਪ੍ਰਦਰਸਨ ਕਰਨ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ। ਸਕੂਲ ਪ੍ਰਬੰਧਨ ਕਮੇਟੀ ਵੱਲੋਂ ਮੁੱਖ ਮਹਿਮਾਨ ਨੂੰ ਯਾਦਗਾਰ ਚਿੰਨ੍ਹ ਭੇਂਟ ਕਰਕੇ ਸਨਮਾਨਤ ਕੀਤਾ ਗਿਆ।

ਤਰਨ ਤਾਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਕੀਤੀ ਟੀਬੀ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ

ਆਜ਼ਾਦ ਸੋਚ, ਵਿਸ਼ਾਲ ਕਟਾਰੀਆ, ਤਰਨ ਤਾਰਨ, 7 ਦਸੰਬਰ:

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾਕਟਰ ਬਲਬੀਰ ਸਿੰਘ ਵੱਲੋਂ ਤਪਦਿਕ ਦੀ ਬਿਮਾਰੀ ਦੀ ਰੋਕਥਾਮ ਲਈ ਸ਼ੁਰੂ ਕੀਤੀ ਗਈ ਜਾਗਰੂਕਤਾ ਮੁਹਿੰਮ ਨੂੰ ਜ਼ਿਲਾ ਤਰਨ ਤਾਰਨ ਤੋਂ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਵੱਲੋਂ ਸ਼ਨੀਵਾਰ ਨੂੰ ਦਫਤਰ ਸਿਵਲ ਸਰਜਨ ਵਿਖੇ ਹਰੀ ਝੰਡੀ ਵਿਖਾ ਕੇ ਪ੍ਰਚਾਰ ਪ੍ਰਸਾਰ ਵਾਹਨ ਨੂੰ ਜ਼ਿਲੇ ਦੇ ਵੱਖ ਵੱਖ ਪਿੰਡਾਂ ਲਈ ਰਵਾਨਾ ਕੀਤਾ। ਇਹ ਮੁਹਿੰਮ ਪੂਰੇ 100 ਦਿਨਾਂ ਲਈ ਚਲੇਗੀ ਅਤੇ ਇਸ ਦੌਰਾਨ ਟੀਬੀ ਦੇ ਛੱਕੀ ਮਰੀਜ਼ਾਂ ਦੀ ਸ਼ਨਾਖਤ ਅਤੇ ਉਨਾਂ ਦੇ ਇਲਾਜ ਨੂੰ ਸੰਭਵ ਬਣਾਇਆ ਜਾਵੇਗਾ।ਇੱਸ ਮੌਕੇ ਜ਼ਿਲੇ ਦੇ ਕਾਰਜਕਾਰੀ ਸਿਵਲ ਸਰਜਨ ਕਮ ਜ਼ਿਲਾ ਟੀਕਾਕਰਨ ਅਫਸਰ ਡਾਕਟਰ ਵਰਿੰਦਰ ਪਾਲ ਕੌਰ, ਸੀਨੀਅਰ ਮੈਡੀਕਲ ਅਫਸਰ ਡਾਕਟਰ ਸਰਬਜੀਤ ਸਿੰਘ ਅਤੇ ਜ਼ਿਲਾ ਟੀਬੀ ਅਫਸਰ ਡਾਕਟਰ ਰਾਜਬੀਰ ਸਿੰਘ ਵੀ ਮੌਜੂਦ ਰਹੇ। ਇਸ ਮੁਹਿਮ ਮੁਹਿੰਮ ਬਾਰੇ ਜਾਣਕਾਰੀ ਦਿੰਦਿਆਂ ਵਿਧਾਇਕ ਡਾਕਟਰ ਸੋਹਲ ਨੇ ਕਿਹਾ ਕਿ ਸੂਬਾ ਸਰਕਾਰ ਅਤੇ ਸਿਹਤ ਵਿਭਾਗ ਵੱਲੋਂ ਟੀਬੀ ਵਰਗੀ ਨਾਮੁਰਾਦ ਬਿਮਾਰੀ ਨੂੰ ਧਿਆਨ ਵਿੱਚ ਰੱਖਦਿਆਂ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਉਹਨਾਂ ਕਿਹਾ ਕਿ ਇਸ ਮੁਹਿੰਮ ਦੌਰਾਨ ਸਿਹਤ ਕਰਮੀਆਂ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਦੇ ਵਿੱਚ ਜਿੱਥੇ ਟੀਬੀ ਦੀ ਰੋਕਥਾਮ ਬਾਰੇ ਜਾਗਰੂਕਤਾ ਫੈਲਾਈ। ਕਾਰਜਕਾਰੀ ਸਿਵਲ ਸਰਜਨ ਡਾਕਟਰ ਵਰਿੰਦਰ ਪਾਲ ਕੌਰ ਨੇ ਕਿਹਾ ਕਿ ਜ਼ਿਲ੍ਹੇ ਤੇ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਜੀ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹੋਇਆਂ ਟੀਬੀ ਵਿਰੁੱਧ ਸ਼ੁਰੂ ਹੋਈ ਮੁਹਿੰਮ ਤਹਿਤ ਜਿੱਥੇ ਸ਼ੱਕੀ ਮਰੀਜ਼ਾਂ ਦੀ ਭਾਲ ਕੀਤੀ ਜਾਵੇਗੀ ਉੱਥੇ ਨਾਲ ਹੀ ਸਰਕਾਰੀ ਸਿਹਤ ਸੰਸਥਾਵਾਂ ਵਿਖੇ ਇਲਾਜ ਵੀ ਬਿਲਕੁਲ ਮੁਫਤ ਕਰਵਾਇਆ ਜਾਵੇਗਾ। ਡਾਕਟਰ ਵਰਿੰਦਰ ਪਾਲ ਕੌਰ ਨੇ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਇਸ ਬਿਮਾਰੀ ਦੇ ਲੱਛਣ ਸਾਹਮਣੇ ਆਉਂਦੇ ਹਨ ਤਾਂ ਉਸ ਨੂੰ ਲੱਛਣਾਂ ਨੂੰ ਛਪਾਉਣ ਦੀ ਬਜਾਏ ਆਪਣਾ ਇਲਾਜ ਸਮੇਂ ਸਿਰ ਸ਼ੁਰੂ ਕਰਾਉਣਾ ਚਾਹੀਦਾ। ਉਹਨਾਂ ਦੱਸਿਆ ਕਿ ਇਸ ਮੁਹਿੰਮ ਦੌਰਾਨ ਸਬ ਸੈਂਟਰਾਂ ਉੱਤੇ ਤੈਨਾਤ ਸਿਹਤ ਕਰਮੀਆਂ ਵੱਲੋਂ ਵੱਖ-ਵੱਖ ਪਿੰਡਾਂ ਦੇ ਨਾਲ ਨਾਲ ਹਾਈ ਰਿਸਕ ਆਬਾਦੀ ਵਾਲੇ ਖੇਤਰਾਂ ਜਿਵੇਂ ਇੱਟਾਂ ਦੇ ਭੱਠਿਆਂ ਅਤੇ ਝੁੱਗੀਆਂ ਉੱਤੇ ਵਿਸ਼ੇਸ਼ ਤੌਰ ਤੇ ਸਰਵੇ ਕਰਕੇ ਟੀਵੀ ਦੇ ਮਰੀਜ਼ਾਂ ਦੀ ਸ਼ਨਾਖਤ ਕੀਤੀ ਜਾਵੇਗੀ। ਉਹਨਾਂ ਮਾਸ ਮੀਡੀਆ ਵਿੰਗ ਨੂੰ ਹਦਾਇਤ ਕਰਦਿਆਂ ਆਈਈਸੀ ਗਤੀਵਿਧੀਆਂ ਰਾਹੀਂ ਇਸ ਮੁਹਿੰਮ ਬਾਰੇ ਵੱਧ ਤੋਂ ਵੱਧ ਜਾਗਰੂਕਤਾ ਫੈਲਾਈ ਜਾਵੇ ਤਾਂ ਜੋ ਇਸ ਬਿਮਾਰੀ ਨੂੰ ਨਾਗਰਿਕਾਂ ਦੇ ਸਹਿਯੋਗ ਨਾਲ ਖਤਮ ਕੀਤਾ ਜਾ ਸਕੇ। ਐਸ ਐਮ ਓ ਡਾ.ਸਰਬਜੀਤ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਸਰਕਾਰੀ ਸਿਹਤ ਸੰਸਥਾਵਾਂ ਵਿਖੇ ਆਰ.ਐਨ.ਟੀ.ਸੀ ਪੀ ਵਿੰਗ ਚਲਾਏ ਜਾ ਰਹੇ ਹਨ ਜਿੱਥੇ ਟੀਬੀ ਜਾਂਚ ਅਤੇ ਮੁਫਤ ਦਵਾਈਆਂ ਮੁਹਈਆ ਕਰਵਾਈਆਂ ਜਾਂਦੀਆਂ ਹਨ। ਉਹਨਾਂ ਦੱਸਿਆ ਕਿ ਇਸ ਮੁਹਿੰਮ ਦੌਰਾਨ ਟੀਬੀ ਮਰੀਜ਼ਾਂ ਦੇ ਸਾਂਭ ਸੰਭਾਲ ਬਾਰੇ ਵੀ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਜਾਗਰੂਕ ਕੀਤਾ ਜਾਵੇਗਾ। ਜਿਲਾ ਟੀਬੀ ਅਫਸਰ ਡਾਕਟਰ ਰਾਜਬੀਰ ਸਿੰਘ ਨੇ ਦੱਸਿਆ ਕਿ ਜੇਕਰ ਟੀਵੀ ਦੇ ਲੱਛਣਾਂ ਦੀ ਗੱਲ ਕਰੀਏ ਤਾਂ ਕਿਸੇ ਵਿਅਕਤੀ ਨੂੰ ਜੇਕਰ ਦੋ ਹਫਤਿਆਂ ਤੋਂ ਵੱਧ ਖੰਗ ਆ ਰਹੀ ਹੋਵੇ, ਭੁੱਖ ਨਾ ਲੱਗ ਰਹੀ ਹੋਵੇ, ਅਚਾਨਕ ਸਰੀਰ ਦਾ ਭਾਰ ਘਟਣ ਲੱਗ ਜਾਵੇ ਜਾਂ ਫਿਰ ਨਿਰੰਤਰ ਥਕਾਵਟ ਰਹੇ ਤਾਂ ਉਸ ਵਿਅਕਤੀ ਨੂੰ ਬਿਨਾਂ ਸਮਾਂ ਗਵਾਏ ਨਜ਼ਦੀਕੀ ਸਿਹਤ ਕੇਂਦਰ ਵਿਖੇ ਜਾ ਕੇ ਆਪਣੀ ਟੀਵੀ ਜਾਂਚ ਕਰਵਾਉਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਜੇਕਰ ਮਰੀਜ਼ ਵੱਲੋਂ ਸਮੇਂ ਸਿਰ ਸਿਹਤ ਕੇਂਦਰ ਨਾਲ ਸੰਪਰਕ ਕੀਤਾ ਜਾਂਦਾ ਹੈ ਤਾਂ ਟੀਬੀ ਦਾ ਇਲਾਜ ਪੂਰੀ ਤਰ੍ਹਾਂ ਸੰਭਵ ਹੈ।ਇਸ ਮੌਕੇ ਮੈਡੀਕਲ ਅਫਸਰ ਡਾਕਟਰ ਨੀਰਜ ਲਤਾ, ਫਾਰਮੇਸੀ ਅਫਸਰ ਭੁਪਿੰਦਰ ਸਿੰਘ ਮਰਹਾਣਾ, ਨਿਰਮਲ ਸਿੰਘ ਅਤੇ ਨਵ ਨਿਯੁਕਤ ਮੈਡੀਕਲ ਅਫਸਰ ਮੌਜੂਦ ਰਹੇ।

ਨਸ਼ੀਲੇ ਪਦਾਰਥਾਂ ਨੂੰ ਵੱਖ-ਵੱਖ ਫਲੇਵਰਾਂ ਵਿੱਚ ਪਾ ਕੇ ਵੇਚਣ 'ਤੇ ਪਾਬੰਦੀ

ਆਜ਼ਾਦ ਸੋਚ, ਪਟਿਆਲਾ, 7 ਦਸੰਬਰ:

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਪਟਿਆਲਾ ਦੀ ਹੱਦ ਅੰਦਰ ਗੁਟਕਾ, ਪਾਨ ਮਸਾਲਾ ਅਤੇ ਖਾਣ-ਪੀਣ ਵਾਲੀਆਂ ਹੋਰ ਚੀਜਾਂ, ਜਿਨ੍ਹਾਂ ਵਿੱਚ ਤੰਬਾਕੂ ਅਤੇ ਨਿਕੋਟੀਨ ਹੋਵੇ ਜਾਂ ਨਸ਼ੀਲੇ ਪਦਾਰਥਾਂ ਨੂੰ ਵੱਖ-ਵੱਖ ਖਾਣ-ਪੀਣ ਵਾਲੀਆਂ ਵਸਤਾਂ ਜਾਂ ਕਿਸੇ ਹੋਰ ਢੰਗ ਨਾਲ ਇਨ੍ਹਾਂ ਨਸ਼ੀਲੇ ਪਦਾਰਥਾਂ ਨੂੰ ਵੱਖ-ਵੱਖ ਫਲੇਵਰਾਂ ਆਦਿ ਵਿੱਚ ਪਾ ਕੇ ਕਿਸੇ ਵੀ ਹੁੱਕਾ ਬਾਰ ਹੋਟਲ/ਰੈਸਟੋਰੈਂਟ ਆਦਿ ਵਿੱਚ ਆਉਣ ਵਾਲਿਆਂ ਨੂੰ ਵੇਚਣ/ਪਰੋਸਣ ਅਤੇ ਅਜਿਹੇ ਹੁੱਕਾ ਬਾਰ ਚਲਾਉਣ 'ਤੇ ਮੁਕੰਮਲ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਇਹ ਹੁਕਮ 5 ਫਰਵਰੀ 2025 ਤੱਕ ਲਾਗੂ ਰਹਿਣਗੇ।

ਬਲਾਚੌਰ ਦੇ ਮਹਾਮਾਇਆ ਬੁੱਧਵਿਹਾਰ ਵਿਖੇ ਬਾਬਾ ਸਾਹਿਬ ਅੰਬੇਡਕਰ ਜੀ ਦਾ 68ਵਾਂ ਪ੍ਰੀਨਿਰਵਾਣ ਦਿਵਸ ਮਨਾਇਆ

ਆਜ਼ਾਦ ਸੋਚ, ਤੇਜ ਪ੍ਰਕਾਸ਼ ਖਾਸਾ, ਬਲਾਚੌਰ, 7 ਦਸੰਬਰ :

ਮਹਾਮਾਇਆ ਬੁੱਧਵਿਹਾਰ ਬਲਾਚੌਰ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਸਾਹਿਬ ਦਾ ਮਹਾਂ ਪ੍ਰੀਨਿਰਵਾਣ ਦਿਵਸ ਸ਼ਰਧਾਪੂਰਵਕ ਢੰਗ ਨਾਲ ਮਨਾਇਆ ਗਿਆ। ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚੱਲਣ ਦਾ ਪ੍ਰਣ ਕੀਤਾ ਗਿਆ ਅਤੇ ਵਿਚਾਰ ਚਰਚਾ ਕੀਤੀ ਗਈ। ਬਾਬਾ ਸਾਹਿਬ ਦੇ ਮਿਸ਼ਨ ਨੂੰ ਘਰ ਘਰ ਪਹੁਚਾਉਣ ਲਈ ਆਗੂਆਂ ਅਤੇ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। 8 ਦਸੰਬਰ ਨੂੰ ਬਹੁਜਨ ਸਮਾਜ ਪਾਰਟੀ ਵਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਮਨਾਏ ਜਾ ਰਹੇ ਬਾਬਾ ਸਾਹਿਬ ਦੇ ਪ੍ਰੀਨਿਰਵਾਣ ਦਿਵਸ ਦੇ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ ਗਈ। ਇਸ ਮੌਕੇ ਅਸ਼ਵਨੀ ਕੁਮਾਰ ਪ੍ਰਧਾਨ ਵਿਸ਼ਵ ਬੋਧ ਸੰਘ ਪੰਜਾਬ, ਦਿਲਬਾਗ ਮਹਿੰਦੀਪੁਰ, ਦਵਿੰਦਰ ਸਿੰਘ ਸ਼ੀਂਹਮਾਰ, ਭੁਪਿੰਦਰ ਬੇਗਮਪੁਰੀ, ਸੁਰਿੰਦਰ ਸਿੰਘ ਸ਼ੀਂਹਮਾਰ, ਸ ਬਖਸ਼ੀਸ਼ ਮਾਜਰਾ ਜੱਟਾਂ, ਗਿਆਨ ਚੰਦ, ਅਵਤਾਰ ਰਾਜੂ ਮਾਜਰਾ, ਵਿਜੇ ਮੇਨਕਾ ਰੋਸ਼ਨ ਲਾਲ ਨਰਿੰਦਰ ਬੇਗਮਪੁਰ, ਜਸਵੰਤ ਤੂਰ, ਸ਼ਾਮ ਲਾਲ ਬਣਾਂ, ਜਸਵਿੰਦਰ ਮਾਣ ਆਦਿ ਹਾਜ਼ਰ ਸਨ।

ਭੀਖੀ 'ਚ ਕਬੱਡੀ ਕੱਪ 10 ਤੇ 11 ਦਸੰਬਰ ਨੂੰ

ਆਜ਼ਾਦ ਸੋਚ, ਪਰਿੰਸ ਜਿੰਦਲ, ਭੀਖੀ, 7 ਦਸੰਬਰ:

ਸਥਾਨਕ ਨੌਜਵਾਨਾਂ ਦੇ ਕਲੱਬ ਵੱਲੋਂ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਕਬੱਡੀ ਕੱਪ 10 ਅਤੇ 11 ਦਸੰਬਰ ਨੂੰ ਨੈਸ਼ਨਲ ਕਾਲਜ ਭੀਖੀ ਦੇ ਗਰਾਊਂਡ ' ਚ ਕਰਵਾਇਆ ਜਾ ਰਿਹਾ ਹੈ। ਕਲੱਬ ਪ੍ਰਧਾਨ ਮਾਇਕਲ ਤੇ ਮੀਤ ਪ੍ਰਧਾਨ ਸਤਗੁਰ(ਡੀ.ਪੀ.)ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਕਬੱਡੀ ਕੱਪ ਦੌਰਾਨ ਕਬੱਡੀ 52 ਕਿੱਲੋ ਵਰਗ ਅਤੇ, 65 ਕਿੱਲੋ ਵਰਗ ਤੋਂ ਇਲਾਵਾ ਕਬੱਡੀ ਓਪਨ ਦੇ ਮੁਕਾਬਲੇ ਕਰਵਾਏ ਜਾਣਗੇ। ਇਸ ਮੌਕੇ ਪ੍ਰੋ. ਗੁਰਤੇਜ ਸਿੰਘ ਤੇਜੀ, ਅਮਨਿੰਦਰ ਬਾਵਾ, ਰਾਹੁਲ ਬਿੰਦਲ, ਲੱਕੀ ਪੰਜਾਬ ਪੁਲੀਸ, ਪ੍ਰਦੀਪ ਚਹਿਲ, ਕਪਿਲ ਬਿੰਦਲ, ਨਾਮਦੇਵ ਵੈਦਮਾਨ ਵੀ ਉਹਨਾਂ ਨਾਲ ਸਨ।

ਪੁੱਡਾ ਮਾਰਕੀਟ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ

ਆਜ਼ਾਦ ਸੋਚ, ਅੰਕੁਸ਼ ਕੁਮਾਰ, ਸ੍ਰੀ ਅਨੰਦਪੁਰ ਸਾਹਿਬ, 7 ਦਸੰਬਰ :

ਪੁੱਡਾ ਮਾਰਕੀਟ ਸ੍ਰੀ ਅਨੰਦਪੁਰ ਸਾਹਿਬ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਮੂਹ ਮਾਰਕੀਟ ਦੇ ਸਹਿਯੋਗ ਨਾਲ ਸ੍ਰੀ ਸੁਖਮਨੀ ਸਾਹਿਬ ਪਾਠ ਕਰਵਾਇਆ।ਇਸ ਮੌਕੇ ਰਾਗੀ ਸਿੰਘਾਂ ਨੇ ਪਵਿੱਤਰ ਬਾਣੀ ਦਾ ਸ਼ਬਦ ਕੀਰਤਨ ਕੀਤਾ ਸਰਬਤ ਦੇ ਭਲੇ ਅਤੇ ਸਮੂਹ ਮਾਰਕੀਟ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ ਉਪਰੰਤ ਸੰਗਤਾਂ ਨੂੰ ਗੁਰੂ ਕਾ ਲੰਗਰ ਛਕਾਇਆ ਗਿਆ ਇਸ ਮੌਕੇ ਪੁੱਡਾ ਮਾਰਕੀਟ ਪ੍ਰਧਾਨ ਰਾਜੂ ਮਹਾਜਨ ਵੱਲੋਂ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਚਰਨਜੀਤ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਅਤੇ ਇੰਦਰਜੀਤ ਸਿੰਘ ਅਰੋੜਾ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ। ਇਸ ਮੌਕੇ ਪ੍ਰਧਾਨ ਰਾਜੂ ਮਹਾਜਨ , ਵਿਸ਼ਾਲ ਸ਼ਰਮਾ ਵਿਵੇਕ ਸੋਨੀ ,ਵਿਸ਼ਾਲ ਭਾਟੀਆ ,ਗੌਰਵ ਸ਼ਰਮਾ ,ਸੋਨੂ ਕਪੂਰ, ਰਾਜੂ ਧੀਮਾਨ, ਸੰਜੇ ਮਹਾਜਨ, ਪ੍ਰਿੰਸ ਸੋਨੀ , ਡਾਕਟਰ ਮਨੋਜ ,ਗੋਬਿੰਦ ਸਾਗਰ ਗਰੋਵਰ ਸੁਜਾਨ ਸਿੰਘ,ਲਾਡੀ , ਤਰਲੋਚਨ ਢਾਬੇ ਵਾਲੇ, ਯਾਦਵ, ਪੰਕਜ ਸ਼ਰਮਾ, ਪਵਨ, ਹਰਨੇਕ ਸਿੰਘ, ਹਰਮਨ, ਅਰੋੜਾ ਵਰਤਨ, ਰਾਜਵਿੰਦਰ ਸਿੰਘ ਸੋਢੀ ਗੁਰੀ, ਵਿੱਕੀ, ਮੋਹਿੰਦਰ ਸਿੰਘ ਵਾਲੀਆਂ ,ਭੁਪਿੰਦਰ ਪਾਲ ਸਿੰਘ ਤਲਵਾੜ ਹਾਜ਼ਰ ਰਹੇ।

ਅਕਾਲ ਅਕੈਡਮੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਸਮਾਗਮ ਆਯੋਜਿਤ

ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ,7 ਦਸੰਬਰ:

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅਤੁੱਲ ਬਲਿਦਾਨ ਨੂੰ ਯਾਦ ਕਰਦੇ ਹੋਏ ਅਕਾਲ ਅਕੈਡਮੀ ਢੋਟੀਆਂ ਵਿੱਚ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਗੁਰਮਤਿ ਰਸਮੋ ਅਤੇ ਆਤਮਿਕ ਚੇਤਨਾ ਨੂੰ ਵਧਾਉਣ ਲਈ ਇੱਕ ਸ਼ਲਾਘਾਯੋਗ ਉਪਰਾਲਾ ਸੀ। ਸਮਾਗਮ ਦੇ ਮੁੱਖ ਉਦੇਸ਼ਾਂ ਵਿੱਚ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਸਿੱਖਿਆਵਾਂ ਬਾਰੇ ਜਾਗਰੂਕ ਕਰਨਾ ਅਤੇ ਗੁਰਮਤਿ ਸੰਸਕਾਰਾਂ ਦੀ ਪ੍ਰੇਰਨਾ ਦੇਣਾ ਸੀ। ਸਵੇਰ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਇਕੱਠੇ ਹੋ ਕੇ ਨਿਤਨੇਮ ਦੇ ਪਾਠ ਨਾਲ ਹੋਈ, ਜਿਸ ਨਾਲ ਸਾਰੇ ਮਾਹੌਲ ਨੂੰ ਗੁਰਮਤਿ ਰੰਗ ਵਿੱਚ ਰੰਗ ਦਿੱਤਾ ਗਿਆ। ਇਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਅਤੇ ਹੋਰ ਗੁਰਬਾਣੀ ਦੇ ਸ਼ਬਦਾਂ ਦੇ ਗਾਇਨ ਨਾਲ ਗੁਰੂ ਸਾਹਿਬ ਦੇ ਅਸੂਲਾਂ ਅਤੇ ਬਲਿਦਾਨ ਨੂੰ ਯਾਦ ਕੀਤਾ ਗਿਆ। ਕਵੀਸ਼ਰੀ ਪੇਸ਼ ਕਰਦੇ ਹੋਏ ਵਿਦਿਆਰਥੀਆਂ ਨੇ ਗੁਰੂ ਤੇਗ ਬਹਾਦਰ ਜੀ ਦੇ ਅਤੁੱਲ ਬਲਿਦਾਨ ਅਤੇ ਧਰਮ ਲਈ ਉਨ੍ਹਾਂ ਦੀ ਸ਼ਹਾਦਤ ਨੂੰ ਸ਼ਬਦਾਂ ਵਿੱਚ ਉਤਾਰਿਆ। ਵਿਦਿਆਰਥੀਆਂ ਵੱਲੋਂ ਗੁਰਮੁਖੀ ਵਿੱਚ ਭਾਸ਼ਣ ਵੀ ਦਿੱਤਾ ਗਿਆ, ਜਿਸ ਵਿੱਚ ਉਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਸੰਘਰਸ਼ ਅਤੇ ਕੁਰਬਾਨੀ ਦੇ ਮਹੱਤਵ ਬਾਰੇ ਚਰਚਾ ਕੀਤੀ। ਇਹ ਭਾਸ਼ਣ ਵਿਦਿਆਰਥੀਆਂ ਦੀ ਵਕਤ੍ਰਤਾ ਕਲਾ ਅਤੇ ਗੁਰਮਤਿ ਗਿਆਨ ਦੇ ਪ੍ਰਤੀ ਉਨ੍ਹਾਂ ਦੀ ਦ੍ਰਿੜਤਾ ਨੂੰ ਦਰਸਾਉਂਦਾ ਸੀ। ਸਮਾਗਮ ਦੇ ਅੰਤ ਵਿੱਚ ਅਕਾਲ ਪਰਿਵਾਰ ਨੇ ਇਕੱਠੇ ਹੋ ਕੇ ਅਰਦਾਸ ਕੀਤੀ ਅਤੇ ਸਿੱਖ ਇਤਿਹਾਸ ਅਤੇ ਸੰਸਕਾਰਾਂ ਪ੍ਰਤੀ ਆਪਣੇ ਸਮਰਪਣ ਦੀ ਪੁਨਰਵਿਦੀ ਕੀਤੀ। ਪ੍ਰਿੰਸੀਪਲ ਰਮਨਦੀਪ ਕੌਰ ਨੇ ਸੰਬੋਧਨ ਕਰਦੇ ਹੋਏ ਗੁਰੂ ਤੇਗ ਬਹਾਦਰ ਜੀ ਦੇ ਸਿਧਾਂਤਾਂ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਲਈ ਪ੍ਰੇਰਿਤ ਕੀਤਾ। ਅੰਤ ਵਿੱਚ ਪਵਿੱਤਰ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਈ ਗਈ।

ਖਾਲਸਾ ਕਾਲਜ ਸੰਦੌੜ ਵਿਖੇ ਭਾਰਤ ਰਤਨ ਡਾ. ਭੀਮ ਰਾਓ ਅੰਬੇਦਕਰ ਜੀ ਦਾ 68 ਵਾਂ ਪ੍ਰੀਨਿਰਵਾਣ ਦਿਵਸ ਮਨਾਇਆ ਗਿਆ

ਆਜ਼ਾਦ ਸੋਚ, ਡਾ. ਮਹਿਬੂਬ, ਸੰਦੌੜ, 7 ਦਸੰਬਰ :

ਸੰਤ ਬਾਬਾ ਅਤਰ ਸਿੰਘ ਖਾਲਸਾ ਕਾਲਜ ਸੰਦੌੜ ਵਿਖੇ ਬਾਬਾ ਸਾਹਿਬ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ 68 ਵਾਂ ਪ੍ਰੀਨਿਰਵਾਣ ਦਿਵਸ ਮਨਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਟਰੱਕ ਯੂਨੀਅਨ ਸੰਦੌੜ ਦੇ ਪ੍ਰਧਾਨ ਸੰਤੋਖ ਸਿੰਘ ਦਸੌਂਦਾ ਸਿੰਘ ਵਾਲਾ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਉਹਨਾਂ ਸੰਖੇਪ ਭਾਸ਼ਣ ਵਿਚ ਬੋਲਦਿਆਂ ਕਿਹਾ ਕਿ ਸਮਾਜ ਨੂੰ ਇੱਕ ਜੁੱਟ ਹੋਣਾ ਜ਼ਰੂਰੀ ਹੈ ਅਤੇ ਆਪਣੇ ਬੱਚਿਆਂ ਨੂੰ ਪ੍ਰੇਰਿਤ ਕਰਕੇ ਵੱਧ ਤੋਂ ਵੱਧ ਪੜ੍ਹਾਈ ਕਰਵਾਉਣੀ ਚਾਹੀਦੀ ਹੈ ਤਾਂ ਜੋ ਬੱਚੇ ਆਪਣੇ ਪੈਰਾਂ ਸਿਰ ਹੋ ਸਕਣ। ਇਸ ਮੌਕੇ ਡਾਕਟਰ ਹਰੀਪਾਲ ਸਿੰਘ ਕਸਬਾ ਭਰਾਲ, ਜ਼ਿਲ੍ਹਾ ਪ੍ਰਧਾਨ ਜੁਗਰਾਜ ਸਿੰਘ ਫੌਜੇਵਾਲ, ਮਾਸਟਰ ਕੁਲਦੀਪ ਸਿੰਘ ਸੰਦੌੜ, ਡਾ. ਲਾਭ ਸਿੰਘ ਕਲਿਆਣ ਆਦਿ ਵੱਲੋਂ ਬਾਬਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਉਪਰੋਕਤ ਆਗੂਆਂ ਨੇ ਇਕੱਤਰਤ ਪੰਤਵੰਤੇ ਸੱਜਣਾਂ ਨੂੰ ਆਪਣੇ ਸੰਬੋਧਨ ਵਿੱਚ ਆਖਿਆ ਕਿਹਾ ਕਿ ਸਮਾਜ ਵਿੱਚ ਗਰੀਬ ਵਰਗ ਦੇ ਲੋਕਾਂ, ਗਰੀਬ ਬੱਚਿਆਂ ਦੀ ਲੋੜ ਸਮੇਂ ਮਦਦ ਲਈ ਹੰਭਲਾ ਮਾਰਨ ਦੀ ਲੋੜ ਤੇ ਜੋਰ ਦਿੱਤਾ। ਇਸ ਮੌਕੇ ਉਨ੍ਹਾਂ ਪਿੰਡਾਂ ਵਿੱਚ ਬਾਬਾ ਅੰਬੇਡਕਰ ਸਾਹਿਬ ਜੀ ਦੀਆਂ ਸਿੱਖਿਆਵਾਂ ਨੂੰ ਹੋਰ ਉਜਾਗਰ ਕਰਨ ਲਈ ਪਿੰਡ ਪੱਧਰੀ ਇਕਾਈਆਂ ਬਣਾਉਣ ਤੇ ਸਹਿਮਤੀ ਵੀ ਬਣਾਈ। ਜਿਸ ਤਹਿਤ ਛੇਤੀ ਹੀ ਇਸ ਕੰਮ ਨੂੰ ਨਿਪਟਾਉਣ ਲਈ ਪਿੰਡ ਪੱਧਰ ਤੇ ਮੁਹਿੰਮ ਵਿੱਚ ਹਿੱਸਾ ਲੈਣ ਲਈ ਤਿਆਰ ਰਹਿਣ ਦੀ ਅਪੀਲ ਕਰਦਿਆਂ ਆਖਿਆ ਕਿ ਅੱਜ ਦਾ ਬਾਬਾ ਸਾਹਿਬ ਜੀ ਦਾ 68ਵਾਂ ਪ੍ਰੀਨਿਰਵਾਣ ਦਿਵਸ ਤਦ ਹੀ ਸਫਲਾ ਹੋ ਸਕਦਾ ਹੈ ਜਦੋਂ ਅਸੀਂ ਪਿੰਡਾਂ ਵਿੱਚ ਇਕਾਈਆਂ ਬਣਾ ਕੇ ਲੋੜਵੰਦਾਂ ਅਤੇ ਬਾਬਾ ਜੀ ਦੇ ਪਾਏ ਪੂਰਨਿਆਂ ਤੇ ਅਮਲ ਕਰਾਂਗੇ।ਇਸ ਸਮੇਂ ਸਰਪੰਚ ਬਲਵੀਰ ਸਿੰਘ ਕਸਬਾ ਭਰਾਲ,ਹਰਪ੍ਰੀਤ ਬਬਲਾ ਸੰਦੌੜ, ਸਰਪੰਚ ਜਸਵਿੰਦਰ ਸਿੰਘ ਝਨੇਰ, ਮਲਕੀਤ ਸਿੰਘ ਫੌਜੇਵਾਲ, ਸਰਪੰਚ ਕੁਲਵੀਰ ਸਿੰਘ ਖੁਰਦ, ਦਰਬਾਰਾ ਸਿੰਘ ਮਹੋਲੀ ਖੁਰਦ, ਮਨਜੀਤ ਸਿੰਘ ਖੁਰਦ,ਪੰਚ ਰਾਜਵੀਰ ਕੌਰ ਝਨੇਰ, ਇੰਦਰਜੀਤ ਕੌਰ ਪੰਚ ਸੰਦੌੜ, ਮੁਖਤਿਆਰ ਸਿੰਘ ਕਲਿਆਣ ਤੋਂ ਇਲਾਵਾ ਇਲਾਕੇ ਦੇ ਪੰਤਵੰਤੇ ਸੱਜਣਾਂ, ਸਰਪੰਚਾਂ, ਪੰਚਾਂ ਨੇ ਹਾਜ਼ਰੀ ਭਰਦਿਆਂ ਬਾਬਾ ਸਾਹਿਬ ਜੀ ਨੂੰ ਸ਼ਰਧਾ ਦੇ ਫੁੱਲ ਅਰਪਣ ਕੀਤੇ। ਇਸ ਸਮਾਗਮ ਦੌਰਾਨ ਸਮੁੱਚੇ ਪ੍ਰਬੰਧ ਡਾ . ਲਾਭ ਸਿੰਘ ਕਲਿਆਣ, ਡਾ. ਹਰੀਪਾਲ ਸਿੰਘ ਕਸਬਾ,ਮਨਦੀਪ ਸਿੰਘ ਦੀਪਾ ਖੁਰਦ, ਸੰਤੋਖ ਸਿੰਘ ਦਸੌਂਦਾ ਸਿੰਘ ਵਾਲਾ ਪ੍ਰਧਾਨ ਟਰੱਕ ਯੂਨੀਅਨ ਸੰਦੌੜ,ਜੀਤ ਸਿੰਘ ਇਲੈਕਟ੍ਰਾਨਿਕ ਵੱਲੋਂ ਕੀਤਾ ਗਿਆ। ਅੰਤ ਵਿੱਚ ਡਾ.ਹਰੀਪਾਲ ਸਿੰਘ ਕਸਬਾ ਭਰਾਲ ਵੱਲੋਂ ਸਮਾਗਮ ਵਿੱਚ ਸ਼ਮੂਲੀਅਤ ਕਰਨ ਵਾਲੇ ਸਾਰੇ ਸੱਜਣਾ ਮਿੱਤਰਾਂ ਦਾ ਧੰਨਵਾਦ ਕੀਤਾ ਗਿਆ।

ਹਾਈਵੇ 'ਤੇ ਗਊਆਂ ਨਾਲ ਭਰੇ ਕੈਂਟਰ ਦੀ ਟਰਾਲੀ ਨਾਲ ਟੱਕਰ 'ਚ 2 ਗਊਆਂ ਸਮੇਤ ਬਲਦ ਦੀ ਮੌਤ

ਆਜ਼ਾਦ ਸੋਚ, ਤੇਜਿੰਦਰ ਸਿੰਘ, ਟਾਂਡਾ ਉੜਮੁੜ, 7 ਦਸੰਬਰ:

ਹਾਈਵੇਅ 'ਤੇ ਅੱਜ ਸਵੇਰੇ ਤੜਕੇ ਵਾਪਰੇ ਸੜਕ ਹਾਦਸੇ ਦੌਰਾਨ ਗਊਆਂ ਨਾਲ ਭਰੇ ਕੈਂਟਰ ਨੇ ਪਰਾਲੀ ਲੈ ਕੇ ਜਾ ਰਹੇ ਟਰੈਕਟਰ-ਟਰਾਲੀ ਵਿਚ ਟੱਕਰ ਮਾਰ ਦਿੱਤੀ, ਜਿਸ ਕਾਰਨ ਟਰੈਕਟਰ-ਟਰਾਲੀ ਅਤੇ ਕੈਂਟਰ ਬੁਰੀ ਤਰਾਂ ਨੁਕਸਾਨੇ ਜਾਣ ਮਗਰੋਂ ਸੜਕ 'ਤੇ ਪਲਟ ਗਏ। ਇਸ ਹਾਦਸੇ ਵਿਚ ਕੈਂਟਰ ਵਿਚ ਲੱਦੇ ਗਊ ਵੰਸ਼ ਵਿੱਚੋਂ ਦੋ ਗਊਆਂ ਅਤੇ ਇਕ ਬਲਦ ਦੀ ਮੌਤ ਹੋ ਗਈ।ਸੜਕ ਹਾਦਸੇ ਦੀ ਸੂਚਨਾ ਮਿਲਣ 'ਤੇ ਜਦੋਂ ਥਾਣੇਦਾਰ ਬਲਜੀਤ ਸਿੰਘ ਦੀ ਅਗਵਾਈ ਵਾਲੀ ਟੀਮ ਮੌਕੇ 'ਤੇ ਪਹੁੰਚੀ ਤਾਂ ਦੋਵੇਂ ਵਾਹਨਾਂ ਦੇ ਚਾਲਕ ਮੌਕੇ ਤੋਂ ਫਰਾਰ ਸਨ ਅਤੇ ਨਾ ਹੀ ਕੈਂਟਰ ਵਿਚ ਲੱਦੀਆਂ ਹੋਰ ਗਊਆਂ ਉੱਥੇ ਮੌਜੂਦ ਸਨ। ਟਾਂਡਾ ਪੁਲਸ ਅਤੇ ਐੱਸ. ਐੱਸ. ਐੱਫ਼. ਦੀ ਟੀਮ ਨੇ ਵਾਹਨਾਂ ਨੂੰ ਸੜਕ ਤੋਂ ਹਟਾਇਆ। ਪੁਲਸ ਹੁਣ ਜਿੱਥੇ ਕੈਂਟਰ ਚਾਲਕ ਦੀ ਭਾਲ ਕਰ ਰਹੀ ਹੈ, ਉੱਥੇ ਹੀ ਇਸ ਗੱਲ ਦਾ ਪਤਾ ਲਾਇਆ ਜਾ ਰਿਹਾ ਹੈ ਕਿ ਗਊ ਵੰਸ਼ ਨੂੰ ਕੈਂਟਰ ਵਿਚ ਭਰ ਕੇ ਕਿੱਥੇ ਲਿਜਾਇਆ ਜਾ ਰਿਹਾ ਸੀ।ਇਸ ਦੌਰਾਨ ਥਾਣਾ ਮੁਖੀ ਟਾਂਡਾ ਇੰਸਪੈਕਟਰ ਗੁਰਿੰਦਰ ਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਪੁਲਸ ਨੇ ਕੈਂਟਰ ਚਾਲਕ ਖ਼ਿਲਾਫ਼ ਹਾਦਸੇ ਲਈ ਜ਼ਿੰਮੇਵਾਰ ਹੋਣ ਅਤੇ ਪ੍ਰੇਵੇਨਸ਼ਨ ਆਫ਼ ਕਰੂਐਲਿਟੀ ਟੂ ਐਨੀਮਲਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕੀਤੀ ਹੈ।

ਕਿਸਾਨ ਯੂਨੀਅਨ ਵੱਲੋਂ ਫੂਕੇ ਗਏ ਸਰਕਾਰਾਂ ਦੇ ਪੁਤਲੇ

ਅਜ਼ਾਦ ਸੋਚ, ਸ਼ੰਭੂ ਗੋਇਲ, ਲਹਿਰਾਗਾਗਾ, 7 ਦਸੰਬਰ:

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸਥਾਨਕ ਬਲਾਕ ਵੱਲੋਂ ਬਲਾਕ ਪ੍ਰਧਾਨ ਬਹਾਲ ਸਿੰਘ ਢੀਂਡਸਾ ਦੀ ਅਗਵਾਈ ਹੇਠ ਮੋਦੀ ਹਕੂਮਤ ਅਤੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਕਿਸਾਨ ਆਗੂਆਂ ਨੇ ਕਿਹਾ ਕਿ ਸੰਘਰਸ਼ ਕਰਨ ਵਾਲੇ ਕਿਸਾਨ ਮਜ਼ਦੂਰ 06 ਨਵੰਬਰ ਨੂੰ ਅਮਨ ਸ਼ਾਂਤੀ ਨਾਲ ਦਿੱਲੀ ਵੱਲ ਕਿਸਾਨਾਂ ਮਜ਼ਦੂਰਾਂ ਦਾ ਕਾਫ਼ਲਾ ਰਵਾਨਾ ਹੋਇਆ ਸੀ, ਪਰ ਮੋਦੀ ਸਰਕਾਰ ਨੇ ਕਿਸਾਨਾਂ ਮਜਦੂਰਾਂ ਉੱਪਰ ਅੱਥਰੂ ਗੈਸ ਦੇ ਗੋਲੇ ਦਾਗੇ ਗਏ ਅਤੇ ਕਿਸਾਨਾਂ ਉੱਪਰ ਲਾਠੀਚਾਰਜ ਕੀਤਾ ਗਿਆ। ਕਿਸਾਨ ਆਗੂਆਂ ਨੇ ਕਿਹਾ, ਕਿ ਸਾਡੀ ਜਥੇਬੰਦੀ ਇਸ ਜ਼ਬਰ ਦਾ ਪੁਰਜੋਰ ਵਿਰੋਧ ਕਰਦੀ ਹੈ। ਕਿਸਾਨਾਂ ਦੀ ਮੰਗ ਹੈ, ਕਿ ਸਾਰੀਆਂ ਫ਼ਸਲਾਂ ਤੇ ਐਮ,ਐਸ, ਪੀ ਦਿੱਤਾ ਜਾਵੇ, ਕਰਜ਼ੇ ਦੀ ਮਾਫ਼ੀ ਦਿੱਤੀ ਜਾਵੇ, ਅਜੇ ਮਿਸ਼ਰਾ ਟੈਣੀ ਨੂੰ ਜੇਲ੍ਹ ਅੰਦਰ ਸੁਟਿਆ ਜਾਵੇ, ਸਰਕਾਰੀ ਅਦਾਰੇ ਵੇਚਣੇ ਬੰਦ ਕੀਤੇ ਜਾਣ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਅਮਨ ਪੂਰਵਕ ਪੈਦਲ ਚੱਲ ਕੇ ਦਿੱਲੀ ਜਾਣਾ ਚਾਹੁੰਦੇ ਸੀ ਅਤੇ ਸਰਕਾਰ ਨੂੰ ਆਪਣੀ ਗੱਲ ਦੱਸਣਾ ਚਾਹੁੰਦੇ ਹਨ। ਸੰਘਰਸ਼ ਕਰਦੇ ਲੋਕਾਂ ਨੂੰ ਕਦੇ ਵੀ ਬੰਦੂਕਾਂ, ਲਾਠੀਆਂ ਨਾਲ ਨਹੀਂ ਦਵਾਇਆ ਜਾ ਸਕਦਾ। ਇਸ ਮੌਕੇ ਸਰਬਜੀਤ ਸ਼ਰਮਾ ਲਹਿਰਾਗਾਗਾ, ਓਮ ਪ੍ਰਕਾਸ਼ ਸ਼ਰਮਾਂ ਲਹਿਰਾ, ਲੱਕੀ ਚਹਿਲ, ਗੁਰਮੀਤ ਪਿਸ਼ੌਰ, ਗੁਰਪ੍ਰੀਤ ਸੰਗਤਪੁਰਾ, ਜੰਟਾ ਸਿੰਘ ਸੰਗਤਪੁਰਾ, ਬਾਬਲੀ ਘੋੜੇਨਵ ਅਤੇ ਹੋਰ ਵੀ ਬਹੁਤ ਸਾਰੇ ਆਗੂ ਮੌਜੂਦ ਸਨ।

ਭਾਜਪਾ ਨੂੰ ਝਟਕਾ ਦਿੰਦਿਆਂ ਐੱਮ ਸੀ ਵਿੱਕੀ ਸੂਦ ਸਾਥੀਆ ਸਮੇਤ ਆਪ 'ਚ ਸ਼ਾਮਿਲ

ਆਜ਼ਾਦ ਸੋਚ, ਹੁਸ਼ਿਆਰਪੁਰ, 7 ਦਸੰਬਰ :

ਫਗਵਾੜਾ ਸ਼ਹਿਰ ਵਿਚ ਭਾਜਪਾ ਨੂੰ ਸਿਆਸੀ ਮੋਰਚੇ 'ਤੇ ਵੱਡਾ ਝਟਕਾ ਲੱਗਾ ਜਦੋਂ ਭਾਜਪਾ ਦੇ ਸਥਾਨਕ ਪ੍ਰਮੁੱਖ ਆਗੂ ਐਮਸੀ ਅਤੇ ਮੰਡਲ ਪ੍ਰਧਾਨ ਵਿਕੀ ਸੂਦ, ਨੇ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕੀਤੀ ? ਇਹ ਗਤੀਵਿਧੀ ਡਾ. ਰਾਜ ਕੁਮਾਰ ਚੱਬੇਵਾਲ, ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ ਦੀ ਮੌਜੂਦਗੀ ਵਿੱਚ ਹੋਈ। ਇਸ ਘਟਨਾ ਨਾਲ ਫਗਵਾੜਾ ਦੇ ਸਿਆਸੀ ਖੇਤਰ 'ਚ ਨਵਾਂ ਮੋੜ ਆਇਆ ਹੈ ਜਿਸ ਦਾ ਖਾਸ ਅਸਰ ਆਉਣ ਵਾਲੀਆਂ ਨਗਰ ਨਿਗਮ ਦੀਆਂ ਚੋਣਾਂ 'ਤੇ ਪਵੇਗਾ ? ਇਸ ਮੌਕੇ 'ਤੇ ਹਰਜੀ ਮਾਨ, ਦਲਜੀਤ ਰਾਜੂ, ਦਰਵੇਸ਼ ਪਿੰਡ, ਵਰੁਣ ਬੰਗੜ ਸਰਪੰਚ, ਗੁਰਦੀਪ ਦੀਪਾ, ਉਮ ਪ੍ਰਕਾਸ਼ ਬਿੱਟੂ, ਬੌਬੀ ਬੇਦੀ, ਦਰਸ਼ਨ ਧਰਮਸੋਤ, ਜਸਪਾਲ ਸਿੰਘ ਅਤੇ ਰਵੀ ਕੁਮਾਰ ਵੀ ਮੌਜੂਦ ਸਨ।ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਵਿਕੀ ਸੂਦ ਨੇ ਕਿਹਾ ਕਿ ਉਹ ਭਾਜਪਾ ਦੀ ਆਲੋਚਨਾਤਮਕ ਨੀਤੀਆਂ ਅਤੇ ਆਮ ਜਨਤਾ ਦੇ ਹੱਕਾਂ ਨੂੰ ਅਣਦੇਖਿਆ ਕਰਨ ਦੇ ਕਾਰਨ ਨਿਰਾਸ਼ ਸਨ। ਉਨ੍ਹਾਂ ਕਿਹਾ ਕਿ ਮੈਂ ਆਮ ਆਦਮੀ ਪਾਰਟੀ ਦੇ ਸਿਧਾਂਤਾਂ ਅਤੇ ਨੀਤੀਆਂ ਤੋਂ ਪ੍ਰਭਾਵਿਤ ਹਾਂ ਅਤੇ ਆਪ ਦੇ ਹੁਸ਼ਿਆਰਪੁਰ ਲੋਕ ਸਭਾ ਮੈਂਬਰ ਡਾ ਰਾਜ ਕੁਮਾਰ ਦੀ ਇਮਾਨਦਾਰ ਅਤੇ ਲੋਕਪੱਖੀ ਰਾਜਨੀਤੀ ਨੇ ਵੀ ਮੈਨੂੰ ਅਤੇ ਮੇਰੇ ਸਾਥੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਡਾ. ਰਾਜ ਕੁਮਾਰ ਚੱਬੇਵਾਲ ਨੇ ਨਵੇਂ ਆਗੂਆਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਇਹ ਸਿਰਫ ਸ਼ੁਰੂਆਤ ਹੈ। ਉਨ੍ਹਾਂ ਕਿਹਾ, "ਅਸੀਂ ਸਿਰਫ ਸਿਆਸੀ ਜਿੱਤ ਨਹੀਂ, ਸਾਮਾਜਿਕ ਸੇਵਾ ਦੀ ਮਿਸਾਲ ਕਾਇਮ ਕਰ ਰਹੇ ਹਾਂ। ਵਿਕੀ ਸੂਦ ਵਰਗੇ ਆਗੂਆਂ ਦੇ ਸਾਡੇ ਨਾਲ ਆਉਣ ਤੇ ਸਾਡਾ ਮਿਸ਼ਨ ਹੋਰ ਤੇਜ ਹੋਵੇਗਾ।ਹਰਜੀ ਮਾਨ ਨੇ ਇਸ ਮੌਕੇ 'ਤੇ ਕਿਹਾ ਕਿ ਪੰਜਾਬ ਵਿੱਚ ਭਾਜਪਾ ਅਤੇ ਦੂਜੀਆਂ ਪਾਰਟੀਆਂ ਦੇ ਪ੍ਰਤੀ ਲੋਕਾਂ ਦੀ ਭਰੋਸੇਮੰਦੀ ਘੱਟ ਰਹੀ ਹੈ। ਆਮ ਆਦਮੀ ਪਾਰਟੀ ਇੱਕ ਵਧੀਆ ਵਿਕਲਪ ਵਜੋਂ ਉਭਰੀ ਹੈ।ਵਿਕੀ ਸੂਦ ਦੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਨਾਲ ਫਗਵਾੜਾ 'ਚ ਭਾਜਪਾ ਲਈ ਮੁਸ਼ਕਿਲਾਂ ਵਧਣ ਦੀ ਸੰਭਾਵਨਾ ਹੈ।

ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਇਆ

ਆਜ਼ਾਦ ਸੋਚ, ਅਮਨਜੋਤ ਸਿੰਘ, ਸੰਗਰੂਰ, 7 ਦਸੰਬਰ:

ਹਿੰਦ ਦੀ ਚਾਦਰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਵਸ ਨੂੰ ਮੁੱਖ ਰੱਖਦੇ ਹੋਏ ਸਥਾਨਕ ਗੁਰਦੁਆਰਾ ਸਾਹਿਬ ਮਹਿਲ ਮੁਬਾਰਕ ਵਿਖੇ ਪ੍ਰਧਾਨ ਕੈਪਟਨ ਭੂਪਿੰਦਰ ਸਿੰਘ ਪੂਨੀਆ ਅਤੇ ਸਮੂਹ ਪ੍ਰਬੰਧਕ ਕਮੇਟੀ ਦੀ ਦੇਖ ਰੇਖ ਹੇਠ ਇਲਾਕਾ ਨਿਵਾਸੀਆਂ ਦੇ ਸਹਿਯੋਗ ਸਦਕਾ ਧਾਰਮਿਕ ਸਮਾਗਮ ਬੜੀ ਹੀ ਸ਼ਰਧਾ ਅਤੇ ਸਤਿਕਾਰ ਨਾਲ ਕਰਵਾਏ ਗਏ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚੱਲ ਰਹੀ ਅਖੰਡ ਪਾਠਾਂ ਦੀ ਲੜੀ ਦੇ ਭੋਗ ਪਾਏ ਗਏ ਉਪਰੰਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ ਦੇ ਜਥੇ ਵੱਲੋਂ ਰਸ ਭਿੰਨਾ ਕੀਰਤਨ ਕੀਤਾ ਗਿਆ ਅਤੇ ਇਸਦੇ ਨਾਲ ਹੀ ਹਜ਼ੂਰੀ ਰਾਗੀ ਭਾਈ ਬਲਜੀਤ ਸਿੰਘ, ਭਾਈ ਬਿਕਰਮਜੀਤ ਸਿੰਘ, ਭਾਈ ਹਰਨੇਕ ਸਿੰਘ ਤੋਂ ਇਲਾਵਾ ਗਿਆਨੀ ਸਾਹਿਬ ਸਿੰਘ ਸ਼ਾਹਬਾਦ ਮਾਰਕੰਡਾ ਵਾਲਿਆਂ ਵੱਲੋਂ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਸ਼ਹੀਦੀ 'ਤੇ ਵਿਸਥਾਰ ਪੂਰਵਕ ਚਾਨਣਾ ਪਾਇਆ। ਇਸ ਤੋਂ ਇਲਾਵਾ ਉੱਚ ਕੋਟੀ ਦੇ ਢਾਡੀ ਭਾਈ ਹਰਦੀਪ ਸਿੰਘ ਮਾਨੋਚਾਹਲ ਦੇ ਜਥੇ ਵੱਲੋਂ ਢਾਡੀ ਵਾਰਾਂ ਦੇ ਰਾਹੀਂ ਸੰਗਤਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਚਾਨਣਾ ਪਾਉਂਦਿਆਂ ਕਿਹਾ ਕਿ ਗੁਰੂ ਸਾਹਿਬ ਨੇ ਧਰਮ ਦੀ ਰੱਖਿਆ ਖ਼ਾਤਰ ਸ਼ਹੀਦੀ ਦਿੱਤੀ ਜਿਸਦੀ ਮਿਸਾਲ ਪੂਰੀ ਦੁਨੀਆ ਦੇ ਇਤਿਹਾਸ ਅੰਦਰ ਕਿਤੇ ਵੀ ਨਹੀਂ ਮਿਲ ਸਕਦੀ। ਇਸ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਹਲਕਾ ਵਿਧਾਇਕ ਬੀਬੀ ਨਰਿੰਦਰ ਕੌਰ ਭਰਾਜ, ਪੰਜਾਬ ਇੰਫੋਟੈਕ ਦੇ ਚੇਅਰਮੈਨ ਗੁਨਿੰਦਰਜੀਤ ਸਿੰਘ ਜਵੰਧਾ, ਸਾਬਕਾ ਵਿਧਾਇਕ ਬਾਬੂ ਪ੍ਰਕਾਸ਼ ਚੰਦ ਗਰਗ, ਸਾਬਕਾ ਪ੍ਰਧਾਨ ਨਗਰ ਕੌਂਸਲ ਬੀਬਾ ਸਿਮਰਤ ਰਾਣਾ ਪੂਨੀਆ ਅਤੇ ਰਾਗੀ ਜਥਿਆਂ ਤੋਂ ਇਲਾਵਾ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਉ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਪ੍ਰਧਾਨ ਕੈਪਟਨ ਡਾਕਟਰ ਭੂਪਿੰਦਰ ਸਿੰਘ ਪੂਨੀਆ, ਮੀਤ ਪ੍ਰਧਾਨ ਕੇਹਰ ਸਿੰਘ ਢਿੱਲੋਂ, ਜਨਰਲ ਸਕੱਤਰ ਭੁਪਿੰਦਰ ਸਿੰਘ ਸੋਢੀ, ਅਮਰਜੀਤ ਸਿੰਘ ਕਾਂਝਲਾ, ਖਜ਼ਾਨਚੀ ਜਗਰੂਪ ਸਿੰਘ ਸਿੱਧੂ, ਭਾਈ ਸਤਨਾਮ ਸਿੰਘ ਦਮਦਮੀ, ਰਘਬੀਰ ਸਿੰਘ, ਗੋਗੀ ਮਡਾਹਰ, ਪ੍ਰਿ. ਜਸਪਾਲ ਸਿੰਘ, ਨਗਿੰਦਰ ਸਿੰਘ ਥਾਣੇਦਾਰ, ਚਰਨਜੀਤ ਸਿੰਘ ਚੰਨੀ ਸਮੇਤ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਤੇ ਮੈਂਬਰਾਂ ਤੋਂ ਇਲਾਵਾ ਇਲਾਕੇ ਦੀਆਂ ਹੋਰ ਵੀ ਸਿੱਖ ਸੰਗਤਾਂ ਹਾਜ਼ਰ ਸਨ।

ਪਿੰਡ ਖੋਜਾਂ ਬੇਟ ਵਿਖੇ ਮੈਡੀਕਲ ਕੈਂਪ ਆਯੋਜਿਤ 200 ਤੋਂ ਵੱਧ ਮਰੀਜ਼ਾਂ ਨੇ ਕੈਂਪ ਦਾ ਲਿਆ ਲਾਹਾ

ਆਜ਼ਾਦ ਸੋਚ, ਤੇਜ ਪ੍ਰਕਾਸ਼ ਖਾਸਾ, ਨਵਾਂਸ਼ਹਿਰ, ਬਲਾਚੌਰ, 7 ਦਸੰਬਰ:

ਕਾਠਗੜ੍ਹ ਦੇ ਨੇੜੇ ਪਿੰਡ ਖੋਜਾਂ ਬੇਟ ਵਿਖੇ ਪਿੰਡ ਦੇ ਸਰਪੰਚ ਸੰਤੋਖ ਸਿੰਘ ਸ਼ਿਵਾਲਿਕ ਅਤੇ ਸਮੂਹ ਗ੍ਰਾਮ ਪੰਚਾਇਤ ਦੇ ਸਹਿਯੋਗ ਦੇ ਨਾਲ ਪਿੰਡ ਵਿੱਚ ਪਹਿਲਾ ਫ੍ਰੀ ਮੈਡੀਕਲ ਕੈਂਪ ਅਤੇ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ ਇਸ ਕੈਂਪ ਦਾ ਉਦਘਾਟਨ ਹਲਕਾ ਵਿਧਾਇਕ ਬਲਾਚੌਰ ਸੰਤੋਸ਼ ਕਟਾਰੀਆ ਵੱਲੋਂ ਕੀਤਾ ਗਿਆ ਇਹ ਕੈਂਪ ਸ਼੍ਰੀ ਮਾਨ 108 ਸੰਤ ਓਂਕਾਰ ਸਿੰਘ ਜੀ ਮੈਮੋਰੀਅਲ ਚੈਰੀਟੇਬਲ ਹਸਪਤਾਲ ਵੱਲੋਂ ਲਗਾਇਆ ਗਿਆ। ਫ੍ਰੀ ਮੈਡੀਕਲ ਜਾਂਚ ਕੈਂਪ ਵਿੱਚ ਲਗਭਗ 200 ਤੋਂ ਜਿਆਦਾ ਮਰੀਜ਼ਾਂ ਦੀ ਜਾਂਚ ਕੀਤੀ ਗਈ ਅਤੇ ਉਨਾਂ ਨੂੰ ਫ੍ਰੀ ਦਵਾਈਆਂ ਵੀ ਦਿੱਤੀਆਂ ਗਈਆਂ ਇਸ ਮੌਕੇ ਤੇ ? 20 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ । ਇਸ ਮੌਕੇ ਤੇ ਜਨਰਲ ਮੈਡੀਸਨ ਲਈ ਡਾਕਟਰ ਪਿਊਸ਼ ਚੋਪੜਾ, ਦੰਦਾਂ ਦੇ ਇਲਾਜ ਲਈ ਡਾਕਟਰ ਰਾਹੁਲ ਸਭਰਵਾਲ, ਜਨਰਲ ਸਰਜਰੀ ਸੰਬੰਧੀ ਡਾਕਟਰ ਸੰਦੀਪ ਅਗਰਵਾਲ ਅਤੇ ਡਾਕਟਰ ਮਨਪ੍ਰੀਤ ਨਾਗਰਾ ਐਮ.ਬੀ.ਬੀ.ਐਸ. ਮੈਡੀਕਲ ਅਫ਼ਸਰ ਆਦਿ ਵੱਲੋਂ ਵਿਸ਼ੇਸ਼ ਤੌਰ 'ਤੇ ਮਰੀਜ਼ਾਂ ਦੀ ਜਾਂਚ ਕੀਤੀ ਗਈ।ਇਸ ਮੌਕੇ ਤੇ ਖ਼ੂਨ ਦੇ ਆਏ ਨੌਜਵਾਨਾਂ ਨੂੰ ਹਲਕਾ ਵਿਧਾਇਕ ਸੰਤੋਸ਼ ਕਟਾਰੀਆਂ ਵੱਲੋਂ

ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਉਹਨਾਂ ਹੌਸਲਾ ਅਫਜਾਈ ਕੀਤਾ ਗਿਆ ਇਸ ਮੌਕੇ ਤੇ ਲੋਕਾਂ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਹੋ ਜਿਹੇ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ ਸਾਨੂੰ ਪਿੰਡਾਂ ਵਿੱਚ ਵੱਧ ਤੋਂ ਵੱਧ ਫਰੀ ਮੈਡੀਕਲ ਕੈਂਪ ਅਤੇ ਖ਼ੂਨਦਾਨ ਕੈਂਪ ਲਗਾਉਣੇ ਚਾਹੀਦੇ ਹਨ। ਕਿਉਂਕਿ ਖ਼ੂਨ ਦਾਨੀਆਂ ਵੱਲੋਂ ਦਿੱਤਾ ਗਿਆ ਖ਼ੂਨ ਕਿਸੇ ਦੀ ਕੀਮਤੀ ਜਾਨ ਬਚਾ ਸਕਦਾ ਉਹਨਾਂ ਨੇ ਇਲਾਕੇ ਦੇ ਨੌਜਵਾਨਾਂ ਨੂੰ ਅਜੇਹੇ ਕੈਂਪ ਪਹਿਲ ਦੇ ਅਧਾਰ ਤੇ ਲਗਾਉਣ ਲਈ ਕਿਹਾ ਇਸ ਮੌਕੇ ਤੇ ਪਿੰਡ ਦੇ ਸਰਪੰਚ ਸਰਦਾਰ ਸੰਤੋਖ ਸਿੰਘ ਸ਼ਿਵਾਲਿਕ ਅਤੇ ਗ੍ਰਾਮ ਪੰਚਾਇਤ ਵੱਲੋਂ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪਰ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਸਰਦਾਰ ਰਣਬੀਰ ਸਿੰਘ ਧਾਲੀਵਾਲ ਜੱਟਪੁਰ, ਸਰਪੰਚ ਸੰਤੋਖ ਸਿੰਘ ਸ਼ਿਵਾਲਿਕ ,ਕੁਲਵਿੰਦਰ ਸਿੰਘ ਪੰਚ ,ਜੋਗਿੰਦਰ ਕੌਰ ਪੰਚ ,ਅਮਨਦੀਪ ਕੌਰ ਪੰਚ, ਬਿੱਟੂ ਪੰਚ ,ਭੁਪਿੰਦਰ ਸਿੰਘ ਧਾਮੀ, ਹਰਜਿੰਦਰ ਸਿੰਘ ,ਪਰਵਿੰਦਰ ਸਿੰਘ , ਅਵਤਾਰ ਸਿੰਘ ਲਾਡੀ,ਗੁਰਦੀਪ ਸਿੰਘ ਸੈਣੀ, ਹਰਜਿੰਦਰ ਸਿੰਘ ਵਿੱਕੀ , ਹਰਪ੍ਰੀਤ ,ਸੁਰਿੰਦਰ ਕੁਮਾਰ ,ਰਣਜੀਤ ਸਿੰਘ, ਅਤੇ ਸਮੂਹ ਪਿੰਡ ਵਾਸੀ ਮੌਜੂਦ ਰਹੇ।

ਭਾਈ ਨੰਦ ਲਾਲ ਪਬਲਿਕ ਸਕੂਲ ਵਿੱਚ ਅੱਜ ਅੰਡਰ 14 ਬੈਡਮਿੰਟਨ ਮੈਚ ਕਰਵਾਏ ਗਏ

ਆਜ਼ਾਦ ਸੋਚ, ਅੰਕੁਸ਼ ਕੁਮਾਰ, ਸ਼੍ਰੀ ਅਨੰਦਪੁਰ ਸਾਹਿਬ, 7 ਦਸੰਬਰ :

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਦੇ ਅਧੀਨ ਚੱਲ ਰਹੇ ਭਾਈ ਨੰਦ ਲਾਲ ਪਬਲਿਕ ਸਕੂਲ ਵਿੱਚ ਅੱਜ ਅੰਡਰ14 ਬੈਡਮਿੰਟਨ ਮੈਚ ਲੜਕੇ ਅਤੇ ਲੜਕੀਆਂ ਦੇ ਕਰਵਾਏ ਗਏ ।ਜਿਸ ਵਿੱਚ ਹਰਮਨਪ੍ਰੀਤ ਸਿੰਘ ਅਤੇ ਸ਼ਬਦਪ੍ਰੀਤ ਕੌਰ ਰਾਣਾ ਜੋ ਕਿ ਸਾਡੇ ਸਕੂਲ ਦੇ ਸਟੇਟ ਖਿਡਾਰੀ ਹਨ ਨੇ ਆਪਸੀ ਭਾਈਵਾਲਤਾ ਦਾ ਮੈਚ ਖੇਡਿਆ । ਇਹ ਮੈਚ ਸ਼੍ਰੀ ਮਨਦੀਪ ਕੁਮਾਰ ਡੀ ਪੀ ਅਤੇ ਮੈਡਮ ਮਨਪ੍ਰੀਤ ਕੌਰ ਡੀ ਪੀ ਦੀ ਦੇਖਰੇਖ ਵਿੱਚ ਕਰਵਾਏ ਗਏ। ਸਕੂਲ ਦੇ ਪ੍ਰਿੰਸੀਪਲ ਸਰਦਾਰ ਸਤਨਾਮ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਸਪੋਰਟਸ ਕਿੱਟ ਦੇ ਨਾਲ ਸਨਮਾਨਿਤ ਕੀਤਾ ਗਿਆ ਅਤੇ ਉਹਨਾਂ ਨੇ ਵਿਦਿਆਰਥੀਆਂ ਦਾ ਹੌਸਲਾ ਵਧਾਇਆ ਅਤੇ ਉਨਾਂ ਦੀ ਵਧੀਆ ਕਾਰਗੁਜ਼ਾਰੀ ਲਈ ਸ਼ਾਬਾਸ਼ੀ ਦਿੱਤੀ।

ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਕੂਲੀ ਬੱਚਿਆਂ ਦਾ ਗੁਰਮਤਿ ਪ੍ਰਸ਼ਨੋਤਰੀ ਮੁਕਾਬਲਾ ਕਰਵਾਇਆ ਗਿਆ

ਆਜ਼ਾਦ ਸੋਚ, ਅੰਕੁਸ਼ ਕੁਮਾਰ, ਸ੍ਰੀ ਅਨੰਦਪੁਰ ਸਾਹਿਬ, 7 ਦਸੰਬਰ:

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਵਲੋਂ ਸਿੱਖ ਮਿਸ਼ਨਰੀ ਕਾਲਜ ਸ੍ਰੀ ਅਨੰਦਪੁਰ ਸਾਹਿਬ ਦੇ ਸਹਿਯੋਗ ਨਾਲ ਸਕੂਲੀ ਬੱਚਿਆਂ ਦੇ ਧਾਰਮਿਕ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ। ਇਸ ਮੁਕਾਬਲੇ ਵਿੱਚ ਪਹਿਲਾਂ ਦਿੱਤੇ ਗਏ ਸਿਲੇਬਸ ਇਤਿਹਾਸ ਵਿੱਚੋਂ ਗੁਰੂ ਅਮਰਦਾਸ ਜੀ ਦਾ ਜੀਵਨ, ਗੁਰੂ ਰਾਮਦਾਸ ਜੀ ਦਾ ਜੀਵਨ ਅਤੇ ਗੁਰਬਾਣੀ ਵਿੱਚੋਂ ਅਨੰਦ ਸਹਿਬ 21 ਤੋਂ 40 ਪਉੜੀਆਂ, ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ - 11 ਤੋਂ 20 ਤੱਕ ਸ਼ਬਦਾਂ ਵਿੱਚੋਂ ਬੱਚਿਆਂ ਨੂੰ ਸੁਆਲ ਪੁੱਛੇ ਗਏ।ਇਸ ਮੁਕਾਬਲੇ ਦੀ ਖਾਸੀਅਤ ਇਹ ਸੀ ਕਿ ਜਿਥੇ ਸੰਗਤਾਂ ਨੇ ਲਗਾਤਾਰ ਤਿੰਨ-ਚਾਰ ਘੰਟੇ ਬੈਠ ਕੇ ਸਮਾਗਮ ਦਾ ਅਨੰਦ ਮਾਣਿਆਂ ਉੱਥੇ ਹੀ ਉਹਨਾਂ ਨੂੰ ਇਹ ਉਤਸੁਕਤਾ ਰਹੀ ਕਿ ਅੱਗੇ ਕਿਹੜਾ ਸੁਆਲ ਪੁੱਛਿਆ ਜਾਵੇਗਾ ਅਤੇ ਉਸਦਾ ਕੀ ਜੁਆਬ ਹੋਵੇਗਾ।ਇਸ ਸਮਾਗਮ ਦੀ ਇਹ ਵਿਸ਼ੇਸ਼ਤਾ ਸੀ ਕਿ ਬੱਚਿਆਂ ਅਤੇ ਪੜੇ ਲਿਖੇ ਸਿੱਖ ਨੌਜਵਾਨਾਂ ਨੇ ਇਸ ਸਮਾਗਮ ਵਿੱਚ ਵਿਸ਼ੇਸ਼ ਦਿਲਚਸਪੀ ਨਾਲ ਸ਼ਮੂਲੀਅਤ ਕੀਤੀ।ਜਿੱਥੇ ਬੱਚਿਆਂ ਕੋਲੋਂ ਸੁਆਲ ਪੁੱਛੇ ਗਏ ਉੱਥੇ ਹਾਜ਼ਰ ਸੰਗਤਾਂ ਕੋਲੋਂ ਵੀ 10 ਸੁਆਲ ਪੁੱਛੇ ਗਏ, ਜਿਹਨਾਂ ਦੇ ਜੁਆਬ ਦੇਣ ਵਾਲਿਆਂ ਨੂੰ ਮੌਕੇ ਤੇ ਹੀ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।ਧਾਰਮਿਕ ਪ੍ਰਸ਼ਨੋਤਰੀ ਮੁਕਾਬਲੇ ਵਿੱਚੋਂ ਪਹਿਲਾ ਸਥਾਨ- ਨਵਨੀਤ ਕੌਰ, ਸੰਤ ਬਾਬਾ ਸੇਵਾ ਸਿੰਘ ਜੀ ਖਾਲਸਾ ਮਾਡਲ ਸਕੂਲ ਭੱਲੜੀ, ਦੂਜਾ ਸਥਾਨ- ਹਿੰਮਤਪ੍ਰੀਤ ਸਿੰਘ, ਭਾ: ਨੰਦ ਲਾਲ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ, ਤੀਜਾ ਸਥਾਨ- ਸਹਿਜਪ੍ਰੀਤ ਕੌਰ, ਸਰਕਾਰੀ ਸੀ: ਸ: ਸਮਾਰਟ ਸਕੂਲ, ਲੋਧੀਪੁਰ, ਚੌਥਾ ਸਥਾਨ- ਅਨਮੋਲ ਸਿੰਘ, ਐਸ. ਜੀ. ਐਸ ਖਾਲਸਾ ਸੀ: ਸ: ਸਕੂਲ ਸ੍ਰੀ ਅਨੰਦਪੁਰ ਸਾਹਿਬ, ਪੰਜਵਾਂ ਸਥਾਨ- ਰਾਜਪ੍ਰੀਤ ਕੌਰ, ਸੰਤ ਬਾਬਾ ਸੇਵਾ ਸਿੰਘ ਜੀ ਖਾਲਸਾ ਮਾਡਲ ਸਕੂਲ ਜਿੰਦਵੜੀ ਨੇ ਪ੍ਰਾਪਤ ਕੀਤਾ। ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਭਾਈ ਚਰਨਜੀਤ ਸਿੰਘ ਵਲੋਂ ਜਿੱਥੇ ਸਮੁੱਚੀ ਸਟੇਜ ਦੀ ਜਿੱਥੇ ਜਿੰਮੇਵਾਰੀ ਨਿਭਾਈ, ਉੱਥੇ ਉਹਨਾਂ ਦੁਆਰਾ ਬੱਚਿਆਂ ਅਤੇ ਸੰਗਤਾਂ ਕੋਲੋਂ ਪ੍ਰਸ਼ਨ ਵੀ ਪੁੱਛੇ ਗਏ ਅਤੇ ਸਿੱਖ ਇਤਿਹਾਸ ਤੋਂ ਵੀ ਜਾਣੂ ਕਰਵਾਇਆ ਗਿਆ। ਜੇਤੂ ਬੱਚਿਆਂ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿ: ਸੁਲਤਾਨ ਸਿੰਘ ਵਲੋਂ ਨਗਦੀ ਇਨਾਮ ਤੇ ਮੁਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਸੰਗਤਾਂ ਵਿੱਚ ਹੈੱਡ ਗ੍ਰੰਥੀ ਭਾ: ਜੁਗਿੰਦਰ ਸਿੰਘ, ਸ: ਹਰਦੇਵ ਮੀਤ ਮੈਨੇਜਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ: ਜਗਮੋਹਣ ਸਿੰਘ ਜ਼ੋਨਲ ਆਰਗੇਨਾਈਜਰ ਰੋਪੜ ਜ਼ੋਨ, ਸ: ਦਵਿੰਦਰ ਸਿੰਘ ਚੀਫ ਇੰਜ:, ਸ: ਪ੍ਰਿਤਪਾਲ ਸਿੰਘ ਗੰਡਾ, ਸ: ਪਰਮਜੀਤ ਸਿੰਘ ਬੈਂਕ ਵਾਲੇ, ਸ: ਦਰਸ਼ਨ ਸਿੰਘ ਆਰੇਵਾਲੇ ਸ: ਜਸਵਿੰਦਰਪਾਲ ਸਿੰਘ ਰਾਜਾ, ਮਾਤਾ ਗੁਰਚਰਨ ਕੌਰ, ਬੀਬੀ ਸੁਰਿੰਦਰਪਾਲ ਕੌਰ, ਬੀਬੀ ਭੁਪਿੰਦਰ ਕੌਰ, ਬੀਬੀ ਪਰਵਿੰਦਰ ਕੌਰ, ਬੀਬੀ ਰਮਨਦੀਪ ਕੌਰ, ਬੀਬੀ ਬੀਬੀ ਦਰਸ਼ਨ ਕੌਰ, ਬੀਬੀ ਹਰਿੰਦਰ ਕੌਰ, ਬੀਬੀ ਜਸਵਿੰਦਰ ਕੌਰ, ਸ: ਅਪਾਰ ਸਿੰਘ ਸ: ਅਕਬਾਲ ਸਿੰਘ, ਹਰਤੇਗਬੀਰ ਸਿੰਘ ਤੇਗੀ, ਪ੍ਰਿਤਪਾਲ ਸਿੰਘ ਗੰਡਾ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

ਐੱਮ.ਸੀ. ਚੋਣਾਂ ਦੀ ਵਿਉਂਤਬੰਦੀ ਸੰਬੰਧੀ ਭਾਜਪਾ ਵੱਲੋਂ ਗਠਿਤ ਕਮੇਟੀ ਦੀ ਪਲੇਠੀ ਮੀਟਿੰਗ ਹੋਈ

ਆਜ਼ਾਦ ਸੋਚ, ਅਮਨਜੋਤ ਸਿੰਘ, ਸੰਗਰੂਰ, 7 ਦਸੰਬਰ:

ਭਾਜਪਾ ਵੱਲੋਂ ਐੱਮ.ਸੀ. ਚੋਣਾਂ ਸਬੰਧੀ ਸੰਗਰੂਰ ਵਿਖੇ ਬਣਾਈ ਕਮੇਟੀ ਦੀ ਪਹਿਲੀ ਮੀਟਿੰਗ ਭਾਜਪਾ ਸੰਗਰੂਰ 1 ਦੇ ਜਿਲ੍ਹਾ ਪ੍ਰਧਾਨ ਧਰਮਿੰਦਰ ਦੁੱਲਟ ਦੀ ਅਗਵਾਈ 'ਚ ਰੱਖੀ ਗਈ ਜਿਸ ਵਿੱਚ ਸਰਜੀਵਨ ਜਿੰਦਲ ਕੋ-ਕਨਵੀਨਰ ਟਰੇਡ ਸੈੱਲ ਬੀਜੇਪੀ ਪੰਜਾਬ, ਹਰਬੰਸ ਸਿੰਘ ਗਰਚਾ ਸਾਬਕਾ ਪ੍ਰਧਾਨ ਨਗਰ ਕੌਂਸਲ ਸੰਗਰੂਰ ਤੇ ਮੈਂਬਰ ਸਟੇਟ ਐਗਜੀਕਿਊਟਿਵ ਕਮੇਟੀ ਬੀਜੇਪੀ ਪੰਜਾਬ, ,ਸੁਨੀਲ ਗੋਇਲ ਡਿੰਪਲ ਮੈਂਬਰ ਐਗਜੀਕਿਊਟਿਵ ਕਮੇਟੀ, ਮੰਜੂਲਾ ਸ਼ਰਮਾ ਜਿਲ੍ਹਾ ਪ੍ਰਧਾਨ ਮਹਿਲਾ ਮੋਰਚਾ ਸੰਗਰੂਰ-1, ਰੋਮੀ ਗੋਇਲ ਪ੍ਰਧਾਨ ਬੀਜੇਪੀ ਸਰਕਲ ਸੰਗਰੂਰ ਅਰਬਨ, ਸਚਿੰਨ ਭਾਰਦਵਾਜ ਜਨਰਲ ਸੈਕਟਰੀ ਸੰਗਰੂਰ ਭਾਜਪਾ, ਜੋਗੀ ਰਾਮ ਸਾਹਨੀ ਮੈਂਬਰ ਐਗਜੀਕਿਊਟਿਵ ਕਮੇਟੀ ਪੰਜਾਬ, ਸਤਵੰਤ ਸਿੰਘ ਪੂਨੀਆ ਐਗਜੀਕਿਊਟਿਵ ਕਮੇਟੀ ਮੈਂਬਰ, ਐਡੋ: ਦਲਜੀਤ ਸਿੰਘ ਸੇਖੋਂ ਮੈਂਬਰ ਐਗਜੀਕਿਊਟਿਵ ਕਮੇਟੀ, ਐਡੋ: ਭਗਵੰਤ ਸਿੰਘ ਆਫਿਸ ਸੈਕਟਰੀ ਸੰਗਰੂਰ ਨੇ ਸ਼ਮੂਲੀਅਤ ਕਰ ਐੱਮ.ਸੀ. ਚੋਣਾਂ ਸਬੰਧੀ ਵਿਉਂਤਬੰਦੀ ਬਣਾਈ। ਇਸ ਸੰਬੰਧੀ ਮੀਡੀਆ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਦੁੱਲਟ ਨੇ ਕਿਹਾ ਕਿ ਭਾਜਪਾ ਹਰ ਚੋਣ ਨੂੰ ਪੂਰੀ ਮਿਹਨਤ ਤੇ ਦ੍ਰਿੜ੍ਹਤਾ ਨਾਲ ਲੜਦੀ ਹੈ। ਉਨ੍ਹਾਂ ਕਿਹਾ ਕਿ ਐੱਮ.ਸੀ. ਚੋਣਾਂ 'ਚ ਭਾਜਪਾ ਦੇ ਆਗੂ ਅਤੇ ਵਰਕਰ ਪ੍ਰਧਾਨ ਮੰਤਰੀ ਨਰਿੰਦਰ ਦੀਆਂ ਲੋਕ ਪੱਖੀ ਨੀਤੀਆਂ ਨੂੰ ਸ਼ਹਿਰ ਵਾਸੀਆਂ ਅੱਗੇ ਰੱਖੇਗੀ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਲੁੱਟਾਂ- ਖੋਹਾਂ, ਠੱਗੀਆਂ ਦੇ ਚੱਲਦਿਆਂ ਕਾਨੂੰਨ ਵਿਵਸਥਾ ਦਾ ਇੰਨਾਂ ਜਿਆਦਾ ਬੁਰਾ ਹਾਲ ਹੋ ਚੁੱਕਾ ਹੈ ਕਿ ਹਰ ਵਰਗ ਪੰਜਾਬ ਦੀ ਮੌਜੂਦਾ ਮਾਨ ਸਰਕਾਰ ਤੋਂ ਬਹੁਤ ਦੁਖੀ ਹੈ। ਉਹਨਾਂ ਕਿਹਾ ਕਿ ਆਪਣੇ ਆਪ ਨੂੰ ਇਮਾਨਦਾਰ ਦੱਸਣ ਵਾਲੀ ਆਪ ਸਰਕਾਰ ਅੱਜ ਸਾਰਕਾਰੀ ਮਹਿਕਮਿਆਂ ਚ ਹੋਣ ਵਾਲੀ ਕੁਰੱਪਸ਼ਨ ਤੇ ਚੁੱਪੀ ਧਾਰ ਕੇ ਬੈਠੀ ਹੈ ਪ੍ਰੰਤੂ ਹੁਣ ਇਹਨਾਂ ਐੱਮ.ਸੀ.ਚੋਣਾਂ ਚ ਵੋਟਰ ਸਰਕਾਰ ਨੂੰ ਚੰਗਾ ਸਬਕ ਸਿਖਾਉਣਗੇ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਹਰ ਵਾਰਡ 'ਚ ਉਮੀਦਵਾਰਾਂ ਦੀ ਚੰਗੀ ਘੋਖ ਪੜਤਾਲ ਕਰਨ ਤੋਂ ਬਾਅਦ ਹੀ ਟਿਕਟ ਦਿੱਤੀ ਜਾਵੇਗੀ। ਦੁੱਲਟ ਨੇ ਕਿਹਾ ਕਿ ਪਾਰਟੀ ਨੂੰ ਸਮਰਪਿਤ ਅਤੇ ਸੇਵਾ ਭਾਵਨਾ ਵਾਲੇ ਉਮੀਦਵਾਰਾਂ ਨੂੰ ਪਹਿਲ ਦਿੱਤੀ ਜਾਵੇਗੀ ਤੇ ਇਹਨਾਂ ਚੋਣਾਂ 'ਚ ਭਾਜਪਾ ਦਾ ਹਰੇਕ ਆਗੂ ਅਤੇ ਵਰਕਰ ਆਪਣੀ ਪੂਰੀ ਵਾਹ ਲਾਵੇਗਾ।

ਪੰਜਾਬ ਪਬਲਿਕ ਸਕੂਲ ਮਾਨਾ ਪਿੰਡੀ ਦੀਆਂ ਵਿਦਿਆਰਥਣਾਂ ਨੇ ਕਵੀਸ਼ਰੀ ਮੁਕਾਬਲਿਆਂ 'ਚੋਂ ਕੀਤਾ ਪਹਿਲਾ ਸਥਾਨ ਹਾਸਲ

ਆਜ਼ਾਦ ਸੋਚ, ਗੋਬਿੰਦਰ ਸਿੰਘ ਸਿੱਧੂ, ਧਨੌਲਾ, 7 ਦਸੰਬਰ :

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਪ੍ਰਬੰਧਕ ਕਮੇਟੀ ਗੁਰਦੁਆਰਾ ਸਾਹਿਬ ਮਹਿਲ ਮੁਬਾਰਕ ਸੰਗਰੂਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਅੰਤਰ ਸਕੂਲ ਕਵੀਸ਼ਰੀ ਗਾਇਨ ਅਤੇ ਦਸਤਾਰ ਸਜਾਓ ਮੁਕਾਬਲੇ ਕਰਵਾਏ ਗਏ। ਜਿਸ ਵਿੱਚ 40 ਦੇ ਕਰੀਬ ਸਕੂਲਾਂ ਨੇ ਭਾਗ ਲਿਆ । ਇਹਨਾ ਮੁਕਾਬਲਿਆਂ ਵਿੱਚੋਂ ਕਵੀਸ਼ਰੀ ਗਾਇਨ ਸੀਨੀਅਰ ਵਰਗ ਮੁਕਾਬਲਿਆਂ ਵਿੱਚੋਂ ਪੰਜਾਬ ਪਬਲਿਕ ਸਕੂਲ ਮਾਨਾ ਪਿੰਡੀ ਧਨੌਲਾ ਦੀਆਂ ਨੌਵੀਂ ਜਮਾਤ ਦੀਆਂ ਵਿਦਿਆਰਥਣਾ ਉਰਵਸੀ ਸ਼ਰਮਾ, ਅਵਨੀਤ ਕੌਰ ਅਤੇ ਮਨਸੰਗੀਤ ਕੌਰ ਨੇ ਪਹਿਲਾ ਸਥਾਨ ਹਾਸਿਲ ਕੀਤਾ। ਸੰਗੀਤ ਅਧਿਆਪਕ ਸਤਨਾਮ ਪਾਠਕ ਦੀ ਅਣਥੱਕ ਮਿਹਨਤ ਸਦਕਾ ਜ਼ਿਲ੍ਹਾ ਭਰ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ। ਇਸ ਮੌਕੇ ਸਕੂਲ ਦੇ ਚੇਅਰਮੈਨ ਸਰਦਾਰ ਅਮਰਜੀਤ ਸਿੰਘ ਚੀਮਾ, ਸਕੂਲ ਡਾਇਰੈਕਟਰ ਸਰਦਾਰ ਸੁਖਦੀਪ ਸਿੰਘ ਚੀਮਾ, ਪ੍ਰਿੰਸੀਪਲ ਮੈਡਮ ਸਿਮਰਨ ਕੌਰ, ਕੋਆਰਡੀਨੇਟਰ ਮੈਡਮ ਚਰਨਜੀਤ ਕੌਰ ਅਤੇ ਸਮੂਹ ਸਟਾਫ ਵੱਲੋਂ ਬੱਚਿਆਂ ਨੂੰ ਵਧਾਈ ਦਿੱਤੀ ਗਈ।

ਵਿਧਾਇਕ ਦੇਵ ਮਾਨ ਨੇ ਪਿੰਡਾਂ ਨੂੰ ਵਿਕਾਸ ਕਾਰਜਾਂ ਦੇ ਲਈ ਗਰਾਂਟ ਜਾਰੀ ਕੀਤੀ

ਆਜ਼ਾਦ ਸੋਚ, ਸੁਨੀਤਾ ਰਾਣੀ, ਨਾਭਾ, 7 ਦਸੰਬਰ :

ਪੰਜਾਬ ਦੇ ਮੁੱਖ ਮੰਤਰੀ ਵੱਲੋਂ ਪੰਜਾਬ ਦੇ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਲਗਾਤਾਰ ਗਰਾਂਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ। ਇਸ ਲੜੀ ਤਹਿਤ ਅੱਜ ਹਲਕਾ ਨਾਭਾ ਦੇ ਕਈ ਪਿੰਡਾਂ ਨੂੰ ਤਕਰੀਬਨ 30 ਲੱਖ ਰੁਪਏ ਦੇ ਚੈੱਕ ਤਕਸੀਮ ਕੀਤੇ ਗਏ ਹਨ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਨੇ ਆਪਣੇ ਦਫਤਰ ਨਾਭਾ ਵਿਖੇ ਕੀਤਾ ਉਨ੍ਹਾਂ ਦੱਸਿਆ ਕਿ ਅੱਜ ਪਿੰਡ ਬਾਬਰਪੁਰ ਨੂੰ 5 ਲੱਖ, ਚੌਧਰੀ ਮਾਜਰਾ ਨੂੰ 5 ਲੱਖ , ਮੇਘ ਕਾਲੋਨੀ 2 ਲੱਖ , ਕਲਹੇ ਮਾਜਰਾ 2 ਲੱਖ , ਗੁਣੀਕੇ 2 ਲੱਖ , ਅਭੇਪੁਰ 1 ਲੱਖ 50 ਹਜ਼ਾਰ , ਦਿੱਤੂਪੁਰ ਜੱਟਾਂ ਦੇ 2 ਲੱਖ ਰੁਪਏ ਆਦਿ ਪਿੰਡਾਂ ਨੂੰ ਦਿੱਤੇ ਗਏ ਹਨ ਜਲਦ ਹੀ ਹਲਕਾ ਨਾਭਾ ਦੇ ਹੋਰ ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਚੈੱਕ ਤਕਸੀਮ ਕੀਤੇ ਜਾਣ ਗਏ ਇਸ ਮੌਕੇ ਉਨ੍ਹਾਂ ਦੇ ਨਾਲ ਤੇਜਿੰਦਰ ਸਿੰਘ ਖਹਿਰਾ , ਮਨਪ੍ਰੀਤ ਸਿੰਘ ਧਾਰੋਕੀ , ਧਰਮਿੰਦਰ ਸਿੰਘ ਸੁੱਖੇਵਾਲ , ਜਸਵੀਰ ਸਿੰਘ ਵਜੀਦਪੁਰ , ਮਨਪ੍ਰੀਤ ਸਿੰਘ ਕਾਲੀਆ , ਮੇਜਰ ਸਿੰਘ ਤੁੰਗਾਂ , ਸਿਮਰਨਜੀਤ ਸਿੰਘ ਸਰਪੰਚ ਚੌਧਰੀਮਾਜਰਾ, ਭੁਪਿੰਦਰ ਸਿੰਘ ਕੱਲਰ ਮਾਜਰੀ, ਕੁਲਵੰਤ ਸਿੰਘ ਅਟਵਾਲ ਸਰਪੰਚ ਮੇਘ ਕਲੋਨੀ , ਹਾਕਮ ਸਿੰਘ ਉਨਾਂ , ਗੁਰਮੀਤ ਸਿੰਘ, ਗੱਗੀ ਸਰਪੰਚ ਬਾਬਰਪੁਰ , ਸੁਖਦੀਪ ਸਿੰਘ ਖਹਿਰਾ, ਸੂਬੇਦਾਰ ਗੁਰਿੰਦਰ ਸਿੰਘ ਕੁਲਾਰਾਂ ਅਤੇ ਹੋਰ ਆਹੁਦੇਦਾਰ ਮੌਜੂਦ ਸਨ ।

ਵਿਧਾਇਕ ਦੇਵ ਮਾਨ ਨੇ ਆਪਣੇ ਪਿਤਾ ਲਾਲ ਸਿੰਘ ਦੀ ਅੰਤਿਮ ਅਰਦਾਸ ਮੌਕੇ ਪੁਹੰਚੀ ਸਮੁੱਚੀ ਲੀਡਰਸ਼ਿਪ ਅਤੇ ਵਰਕਰਾਂ ਦਾ ਕੀਤਾ ਧੰਨਵਾਦ

ਆਜ਼ਾਦ ਸੋਚ, ਸੁਨੀਤਾ ਰਾਣੀ, ਨਾਭਾ, 7 ਦਸੰਬਰ :

ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਦੇ ਪਿਤਾ ਲਾਲ ਸਿੰਘ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ ਅੱਜ ਉਨਾਂ ਦੀ ਅੰਤਿਮ ਅਰਦਾਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਮੂਹ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪੁਹੰਚੇ, ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਦੇ ਪਿਤਾ ਲਾਲ ਸਿੰਘ ਜੀ ਦੀ ਅੰਤਿਮ ਅਰਦਾਸ ਗੁਰਦੁਆਰਾ ਡੇਰਾ ਬਾਬਾ ਅਜਾਪਾਲ ਸਿੰਘ ਜੀ ਘੋੜਿਆਂ ਵਾਲਾ ਨਾਭਾ ਵਿਖੇ ਹੋਈ ਜਿਸ ਵਿੱਚ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ , ਕਾਂਗਰਸ, ਬੀ ਜੇ ਪੀ ਅਤੇ ਬਸਪਾ ਦੇ ਲੀਡਰਾਂ ਵੱਲੋਂ ਅੰਤਿਮ ਅਰਦਾਸ ਵਿੱਚ ਪੁਹੰਚਕੇ ਵਿਧਾਇਕ ਦੇਵ ਮਾਨ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ ਅੱਜ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਵੱਲੋਂ ਸਮੁੱਚੀਆਂ ਪਾਰਟੀ ਦੇ ਆਗੂਆਂ , ਸਮੂਹ ਚੇਅਰਮੈਨ ਅਤੇ ਸਾਬਕਾ ਚੇਅਰਮੈਨ, ਵਰਕਰਾਂ , ਪੰਚਾਂ, ਸਰਪੰਚਾਂ, ਸਮੂਹ ਕੌਂਸਲਰਾਂ ਦਾ ਪੁੰਹਚਣ ਲਈ ਧੰਨਵਾਦ ਕੀਤਾ ਗਿਆ ਇਸ ਦੇ ਨਾਲ ਹੀ ਸਮੁੱਚੀ ਧਾਰਮਿਕ ਸੰਸਥਾਵਾਂ ਅਤੇ ਸਮਾਜਿਕ ਸੰਸਥਾਵਾਂ ਅਤੇ ਸਮੂਹ ਪ੍ਰੈਸ ਦੇ ਨੁਮਾਇੰਦਿਆਂ ਦਾ ਵਿਧਾਇਕ ਦੇਵ ਮਾਨ ਵੱਲੋਂ ਆਪਣੇ ਦਫਤਰ ਵਿਖੇ ਧੰਨਵਾਦ ਕੀਤਾ ਗਿਆ ਇਸ ਮੌਕੇ ਉਨਾਂ ਦੇ ਨਾਲ ਬਲਜਿੰਦਰ ਸਿੰਘ ਕਾਹਲੋਂ , ਪਰਗਟ ਸਿੰਘ ਅਗੇਤੀ , ਤੇਜਿੰਦਰ ਸਿੰਘ ਖਹਿਰਾ , ਮਨਪ੍ਰੀਤ ਸਿੰਘ ਧਾਰੋਕੀ , ਧਰਮਿੰਦਰ ਸਿੰਘ ਸੁੱਖੇਵਾਲ ਸੁਖਦੀਪ ਸਿੰਘ ਖਹਿਰਾ , ਨਰਿੰਦਰ ਬਾਂਸਲ , ਸਮਾਜ ਸੇਵਕ ਜਸਵੀਰ ਸਿੰਘ ਸ਼ਿੰਦਾ ਮਨਪ੍ਰੀਤ ਸਿੰਘ ਕਾਲੀਆ ਭੁਪਿੰਦਰ ਸਿੰਘ ਕੱਲਰ ਮਾਜਰੀ ਮੇਜਰ ਸਿੰਘ ਤੁੰਗਾਂ ਜਸਵਿੰਦਰ ਸਿੰਘ ਅੱਚਲ ਠੇਕੇਦਾਰ ਵਿਨੋਦ ਕੁਮਾਰ ,ਅਮਨ ਗੁਪਤਾ ਟੋਨੀ ਵਿਨੋਦ ਫਰਨੀਚਰ , ਮਨਜੋਤ ਸਿੰਘ ਲੱਧਾਹੇੜੀ , ਰਜੀਵ ਸਰਪੰਚ ਸੌਜਾ , ਗੁਰਚਰਨ ਸਿੰਘ ਲਹਾਰ ਮਾਜਰਾ , ਸੂਬੇਦਾਰ ਗੁਰਿੰਦਰ ਸਿੰਘ ਕਲਾਰਾ , ਸੋਨੂ ਆਮ ਆਦਮੀ ਪਾਰਟੀ, ਅਰਮਾਨ ਨਾਭਾ, ਜਗਵਿੰਦਰ ਸਿੰਘ ਛੱਜੂਭੱਟ , ਕੁਲਦੀਪ ਸਿੰਘ ਰਾਮਗੜ੍ਹ, ਸੁਖਜਿੰਦਰ ਸਿੰਘ ਟੌਹੜਾ, ਜਸਵੀਰ ਗੁਦਾਈਆ , ਤੀਰਥ ਸਿੰਘ ਸਹੋਲੀ , ਗੱਗੀ ਸਰਪੰਚ , ਗੱਗੀ ਬਨੇਰਾ, ਬਲਜਿੰਦਰ ਸਿੰਘ , ਸਤਨਾਮ ਸਿੰਘ ਕਨਸੂਹਾ ਸਰਪੰਚ , ਜੱਸਾ ਦੁਲੱਦੀ ਅਤੇ ਵੱਡੀ ਗਿਣਤੀ ਵਿੱਚ ਪਹੁੰਚੇ ਵਲੰਟੀਆਂ ਦਾ ਧੰਨਵਾਦ ਐਮਐਲਏ ਦੇਵਮਾਨ ਵੱਲੋਂ ਕੀਤਾ ਗਿਆ ।

ਪੰਜਾਬ ਨੰਬਰਦਾਰ ਯੂਨੀਅਨ ਜਿਲ੍ਹਾ ਬਰਨਾਲਾ ਵੱਲੋਂ ਕੀਤੀ ਭਰਵੀ ਮੀਟਿੰਗ

ਆਜ਼ਾਦ ਸੋਚ, ਗੋਬਿੰਦਰ ਸਿੰਘ ਸਿੱਧੂ, ਧਨੌਲਾ, 7 ਦਸੰਬਰ:

ਪੰਜਾਬ ਨੰਬਰਦਾਰ ਯੂਨੀਅਨ ਜਿਲਾ ਬਰਨਾਲਾ ਦੀ ਪ੍ਰਧਾਨ ਹਰਿੰਦਰ ਸਿੰਘ ਦਾਨਗੜ ਦੀ ਪ੍ਰਧਾਨਗੀ ਹੇਠ ਅੱਜ ਸਬ ਤਹਿਸੀਲ ਧਨੌਲਾ ਵਿਖੇ ਆਪਣੀਆ ਹੱਕੀ ਤੇ ਜਾਇਜ ਮੰਗਾ ਸਬੰਧੀ ਭਰਵੀ ਮੀਟਿੰਗ ਹੋਈ । ਜਿਸ ਵਿੱਚ ਇਲਾਕੇ ਦੇ ਸਾਰੇ ਨੰਬਰਦਾਰ ਹਾਜਰ ਹੋਏ। ਇਸ ਮੀਟਿੰਗ ਵਿੱਚ ਓਨਾ ਨੇ ਸਰਕਾਰ ਵੱਲੋ ਮੰਨੀਆ ਮੰਗਾ ਨੂੰ ਜਲਦੀ ਤੋ ਜਲਦੀ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ। ਓਨਾ ਮੰਗ ਕਰਦਿਆ ਕਿਹਾ ਕਿ ਸਾਨੂੰ ਮਿਲਣ ਵਾਲਾ ਨਿਗੂਣਾ ਮਾਣ ਭੱਤਾ ਓਸ ਵਿੱਚ ਵਾਧਾ ਕੀਤਾ ਜਾਵੇ ਅਤੇ ਨੰਬਰਦਾਰੀ ਜੱਦੀ ਪੁਸਤੀ ਦੀ ਮੰਗ ਅਤੇ ਤਹਿਸੀਲਾ ਵਿੱਚ ਨੰਬਰਦਾਰਾ ਦੇ ਬੈਠਣ ਲਈ ਸਪੈਸਲ ਕਮਰੇ ਦਾ ਪ੍ਰਬੰਧ ਅਤੇ ਪੰਜਾਬ ਦੇ ਸਾਰੇ ਨੰਬਰਦਾਰਾ ਨੂੰ ਵੀ ਸੜਕ ਟੋਲ ਫਰੀ ਕੀਤਾ ਜਾਵੇ। ਜੇਕਰ ਸਰਕਾਰ ਜਲਦੀ ਸਾਡੀਆ ਮੰਗਾ ਤੇ ਗੌਰ ਨਹੀ ਕਰਦੀ ਮਜਬੂਰਨ ਅਸੀ ਵੀ ਸੰਘਰਸ ਕਰਨ ਲਈ ਮਜਬੂਰ ਹੋਵਾਗੇ, ਜਿਸਦੀ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਹਰਦਰਸਨ ਸਿੰਘ ਜਿਲਾ ਪ੍ਰਧਾਨ ਬਰਨਾਲਾ ਅਜਮੇਰ ਸਿੰਘ ਮੀਤ ਪ੍ਰਧਾਨ ਬਰਨਾਲਾ ਕੈਸੀਅਰ ਗੁਰਤੇਜ ਸਿੰਘ ਧਨੌਲਾ ਹਰਜੀਤ ਸਿੰਘ ਅਸਪਾਲ ਖੁਰਦ ਨੇਕ ਸਿੰਘ ਕੁੱਬੇ ਜਰਨੈਲ ਸਿੰਘ ਕੁੱਬੇ ਭੋਲਾ ਸਿੰਘ ਕਾਲੇਕੇ ਗਗਨਦੀਪ ਸਿੰਘ ਧਨੌਲਾ ਹਾਮੀਰ ਸਿੰਘ ਧਨੌਲਾ ਅਰਜਨ ਸਿੰਘ ਧਨੌਲਾ ਨਿਰਮਲ ਸਿੰਘ ਬਡਬਰ ਅਵਤਾਰ ਸਿੰਘ ਧਨੌਲਾ ਬੇਅੰਤ ਸਿੰਘ ਛੰਨਾ ਸੁਖਵਿੰਦਰ ਸਿੰਘ ਧਨੌਲਾ ਆਦਿ ਹਾਜਰ ਸਨ।

ਟੰਡਨ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਜਿਲ੍ਹਾ ਪੱਧਰੀ ਟੇਬਲ ਟੈਨਿਸ ਟੂਰਨਾਮੈਂਟ ਵਿਚ ਸਿਲਵਰ ਤੇ ਬਰੋਨਜ਼ ਮੈਡਲ ਜਿੱਤਿਆ

ਆਜ਼ਾਦ ਸੋਚ, ਜਗਸੀਰ ਸਿੰਘ ਸੰਧੂ, ਬਰਨਾਲਾ, 7 ਦਸੰਬਰ:

ਇਲਾਕੇ ਦੀ ਪ੍ਰਸਿੱਧ ਸੰਸਥਾ ਟੰਡਨ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਜਿਲ੍ਹਾ ਪੱਧਰੀ ਟੇਬਲ ਟੈਨਿਸ ਟੂਰਨਾਮੈਂਟ ਵਿਚ ਸਿਲਵਰ ਤੇ ਬਰੋਨਜ਼ ਮੈਡਲ ਜਿਤਿਆ। ਇਹ ਟੂਰਨਾਮੈਂਟ ਜਿਲ੍ਹਾ ਟੇਬਲ ਟੈਨਿਸ ਐਸੋਸੀਅਸ਼ਨ ਵੱਲੋਂ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿਚ ਬਹੁਤ ਸਾਰੇ ਸਕੂਲ ਦੇ ਵਿਦਿਆਰਥੀਆਂ ਨੇ ਭਾਗ ਲਿਆ। ਟੰਡਨ ਇੰਟਰਨੈਸ਼ਨਲ ਸਕੂਲ ਵੱਲੋ 6 ਵਿਦਿਆਰਥੀਆਂ ਨੇ ਭਾਗ ਲਿਆ। ਜਿਨ੍ਹਾਂ ਵਿਚ ਏਕਮ ਅੱਗਰਵਾਲ ਨੇ ਵਧੀਆ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਸਿਲਵਰ ਮੈਡਲ ਜਿਤਿਆ ਅਤੇ ਜੈ ਕੁਮਾਰ ਸ਼ਰਮਾ ਨੇ ਬਰੋਨਜ਼ ਮੈਡਲ ਜਿਤਿਆ। ਇਹ ਮੈਡਲ ਅੰਡਰ 13 ਸਾਲ ਉਮਰ ਵਰਗ ਵਿਚ ਜਿੱਤੇ ਇਹ ਟੂਰਨਾਮੈਂਟ ਸਰਕਾਰੀ ਟੇਬਲ ਟੈਨਿਸ ਕੋਚ ਮੈਡਮ ਬਰਿੰਦਰ ਕੌਰ ਦੀ ਦੇਖ ਰੇਖ ਵਿਚ ਕਰਵਾਇਆ ਗਿਆ। ਜੇਤੂ ਰਹੇ ਵਿਦਿਆਰਥੀਆਂ ਨੂੰ ਮੈਡਮ ਬਰਿੰਦਰ ਕੌਰ ਅਤੇ ਆਏ ਹੋਏ ਮਹਿਮਾਨਾਂ ਵਲੋਂ ਮੈਡਲ ਪਾਕੇ ਸਨਮਾਨਿਤ ਕੀਤਾ ਗਿਆ। ਟੰਡਨ ਸਕੂਲ ਦੇ ਪ੍ਰਿੰਸੀਪਲ ਵੀ ਕੇ ਸ਼ਰਮਾ, ਵਾਈਸ ਪ੍ਰਿੰਸੀਪਲ ਮੈਡਮ ਸ਼ਾਲਿਨੀ ਕੌਸ਼ਲ ਨੇ ਜੇਤੂ ਰਹੇ ਵਿਦਿਆਰਥੀਆਂ ਨੂੰ ਅਤੇ ਸਕੂਲ ਦੇ ਕੋਚ ਸੁਖਦੇਵ ਸਿੰਘ ਅਤੇ ਡੀ ਪੀ ਹਰਜੀਤ ਸਿੰਘ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਕੂਲ ਲਈ ਬੜੀ ਹੀ ਖੁਸ਼ੀ ਦੀ ਗੱਲ ਹੈ। ਜਿਲ੍ਹਾ ਪੱਧਰੀ ਟੇਬਲ ਟੈਨਿਸ ਚੈਂਪੀਅਸ਼ਿਨਪ 2024 ਵਿੱਚ ਮੈਡਲ ਜਿੱਤ ਕੇ ਟੰਡਨ ਇੰਟਰਨੈਸ਼ਨਲ ਸਕੂਲ ਦਾ ਨਾਮ ਰੋਸ਼ਨ ਕੀਤਾ । ਸਕੂਲ ਦੇ ਡਰੈਕਟਰ ਸ਼੍ਰੀ ਸ਼ਿਵ ਸਿੰਗਲਾ ਨੇ ਜੇਤੂ ਰਹੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਲਈ ਹੋਰ ਅਗੇ ਵਧਣ ਦੀ ਪ੍ਰੇਰਨਾ ਵੀ ਦਿਤੀ। ਸਿੰਗਲਾ ਨੇ ਕਿਹਾ ਕਿ ਅੱਜ ਸਾਡੇ ਵਿਦਿਆਰਥੀਆਂ ਹਰ ਖੇਡ ਵਿੱਚ ਮੈਡਲ ਜਿੱਤ ਰਹੇ ਹਨ, ਖੇਡਾਂ ਪ੍ਰਤੀ ਬੱਚਿਆਂ ਵਿਚ ਲਗਾਵ ਬਣਿਆ ਰਹੇ ਇਸ ਕਰਕੇ ਟੰਡਨ ਇੰਟਰਨੈਸ਼ਨਲ ਸਕੂਲ ਨੇ ਪੜ੍ਹਾਈ ਦੇ ਨਾਲ-ਨਾਲ ਖੇਡਾਂ ਉਪਰ ਵੀ ਪੂਰਾ ਜ਼ੋਰ ਦੇ ਰਿਹਾ ਹੈ। ਤਾਂ ਜੋ ਖੇਡਾਂ ਨਾਲ ਬੱਚਿਆਂ ਦਾ ਮਾਨਸਿਕ ਅਤੇ ਸਰੀਰਕ ਵਿਕਾਸ਼ ਹੋ ਸਕੇ । ਇਸ ਕਰਕੇ ਅਸੀ ਸਕੂਲ ਵਿਚ ਵੱਖ -ਵੱਖ ਖੇਡਾਂ ਬੱਚਿਆਂ ਨੂੰ ਦੇ ਰਹੇ ਹਾਂ ਨਾਲ ਹੀ ਤਜਰਵੇ ਕਾਰ ਕੋਚ ਵੀ ਦੇ ਰਹੇ ਹਾਂ। ਜੋ ਵਿਦਿਆਰਥੀਆਂ ਨੂੰ ਸਵੇਰੇ - ਸ਼ਾਮ ਕੜੀ ਮਿਹਨਤ ਕਰਵਾਉਂਦੇ ਹਨ। ਜਿਸ ਨਾਲ ਵਿਦਿਆਰਥੀਆਂ ਨੂੰ ਹੋਰ ਨਿਖਾਰ ਮਿਲੇ। ਇਸ ਜਿੱਤ ਲਈ ਸਕੂਲ ਦੇ ਕੋਚ ਨੂੰ ਵਧਾਈ ਦਿਤੀ ਤੇ ਕਿਹਾ ਕਿ ਬੱਚਿਆਂ ਵਿਚ ਹੋਰ ਜੋਸ਼ ਭਰਨ ਤਾਂ ਜੋ ਵਿਦਿਆਰਥੀ ਹੋਰ ਵਧੀਆ ਪ੍ਰਦਰਸ਼ਨ ਕਰਨ ਅਤੇ ਆਪਣੇ ਭਵਿੱਖ ਨੂੰ ਉਜਵਲ ਬਣਾ ਸਕਣ ਅਤੇ ਸਕੂਲ ਦਾ ਨਾਲ ਸੁਨਹਿਰੇ ਅੱਖਰਾਂ ਵਿਚ ਲਿਖਾਉਣ।

ਪਾਵਰਕੌਮ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਸੰਘਰਸ਼ ਜਾਰੀ ਰੱਖਿਆ ਜਾਵੇਗਾ : ਰੂਪ ਚੰਦ

ਆਜ਼ਾਦ ਸੋਚ, ਕਰਨ ਧਾਲੀਵਾਲ, ਬਰਨਾਲਾ, 7 ਦਸੰਬਰ:

ਪਾਵਰਕੌਮ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਮੁਲਾਜ਼ਮ ਅਤੇ ਪੈਨਸ਼ਨਰਜ਼ ਫਰੰਟ ਪੰਜਾਬ ਦੇ ਸੱਦੇ 'ਤੇ ਸ਼ਹਿਰੀ ਅਤੇ ਦਿਹਾਤੀ ਬਰਨਾਲਾ ਦੀ ਸਾਂਝੀ ਮੀਟਿੰਗ ਜੱਗਾ ਸਿੰਘ ਧਨੌਲਾ ਦੀ ਪ੍ਰਧਾਨਗੀ ਹੇਠ ਮੁੱਖ ਦਫਤਰ ਧਨੌਲਾ ਰੋਡ ਬਰਨਾਲਾ ਵਿਖੇ ਕੀਤੀ ਗਈ।ਇਸ ਰੈਲੀ ਵਿੱਚ ਸੈਂਕੜੇ ਸਾਥੀ ਪੂਰੇ ਉਤਸ਼ਾਹ ਨਾਲ ਸ਼ਾਮਲ ਹੋਏ। ਇਸ ਰੈਲੀ ਨੁਮਾ ਮੀਟਿੰਗ ਨੂੰ ਪਾਵਰਕੌਮ ਪੈਨਸ਼ਨਰਜ਼ ਐਸੋਸੀਏਸ਼ਨ ਦੇ ਬੁਲਾਰੇ ਆਗੂਆਂ

ਸ਼ਿੰਦਰ ਧੌਲਾ, ਰੂਪ ਚੰਦ ਤਪਾ, ਗੁਰਚਰਨ ਸਿੰਘ, ਗੌਰੀ ਸ਼ੰਕਰ ਨੇ ਸੰਬੋਧਨ ਕਰਦਿਆਂ ਕਿਹਾ ਕਿ 10 ਨਵੰਬਰ ਨੂੰ ਬਰਨਾਲਾ ਵਿਧਾਨ ਸਭਾ ਹਲਕੇ ਦੀਆਂ ਹੋ ਰਹੀਆਂ ਜ਼ਿਮਨੀ ਚੋਣਾਂ ਮੌਕੇ ਵਾਰ ਵਾਰ ਵਾਅਦੇ ਕਰਕੇ ਮੁੱਕਰ ਜਾਣ ਵਾਲੀ ਆਮ ਆਦਮੀ ਪਾਰਟੀ ਦੀ ਮੁਲਾਜ਼ਮ, ਪੈਨਸ਼ਨਰਜ਼ ਵਿਰੋਧੀ ਨੀਤੀ ਖਿਲਾਫ਼ ਪਿੰਡਾਂ ਦੀਆਂ ਸੱਥਾਂ ਵਿੱਚ ਪਰਦਾਚਾਕ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ। ਪੈਨਸ਼ਨਰਜ਼ ਸਾਥੀਆਂ ਵੱਲੋਂ ਸੰਘਰਸ਼ ਸੱਦੇ ਆਮ ਆਦਮੀ ਪਾਰਟੀ ਸਰਕਾਰ ਦੇ ਲੋਕ ਸਭਾ ਮੈਂਬਰ ਮੀਤ ਹੇਅਰ ਦੀ ਰਿਹਾਇਸ਼ ਤੱਕ ਹੋ ਰਹੇ ਪੋਲ ਖੋਲ੍ਹ ਮਾਰਚ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣ ਲਈ ਧੰਨਵਾਦ ਕੀਤਾ। ਆਗੂਆਂ ਰਜਿੰਦਰ ਸਿੰਘ ਖਿਆਲੀ, ਜਗਦੀਸ਼ ਸਿੰਘ ਨਾਈਵਾਲਾ,ਮੋਹਣ ਸਿੰਘ ਛੰਨਾਂ ਨੇ ਮੰਗ ਕੀਤੀ ਕਿ 2.59 ਦਾ ਫੈਕਟਰ ਲਾਗੂ ਕੀਤਾ ਜਾਵੇ, ਸਾਢੇ ਪੰਜ ਸਾਲ ਦਾ ਬਕਾਇਆ ਜਾਰੀ ਕੀਤਾ ਜਾਵੇ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ ਦੇ ਨਾਲ ਨਾਲ ਕੱਚੇ ਕਾਮਿਆਂ ਨੂੰ ਪੱਕਾ ਕਰਨ ਆਦਿ ਦੀਆਂ ਬੁਨਿਆਦੀ ਮੰਗਾਂ ਲਈ ਲਾਮਬੰਦੀ ਜਾਰੀ ਰੱਖਣ ਦੀ ਅਪੀਲ ਕੀਤੀ। ਬੁਲਾਰਿਆਂ ਕਿਹਾ ਕਿ ਪਾਵਰਕੌਮ ਅਤੇ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਸਲੇ ਹੱਲ ਕਰਨ ਪ੍ਰਤੀ ਬੇਸ਼ਰਮੀ ਭਰੀ ਚੁੱਪ ਧਾਰੀ ਹੋਈ ਹੈ। ਕਿਉਂ ਕਿ ਭਾਵੇਂ ਆਮ ਆਦਮੀ ਪਾਰਟੀ ਦੀ ਝਾੜੂ ਵਾਲੀ ਸਰਕਾਰ ਇਨਕਲਾਬ ਦੇ ਨਾਹਰੇ ਮਾਰਦੀ ਹਕੂਮਤੀ ਗੱਦੀ ਉੱਤੇ ਕਾਬਜ਼ ਹੋਈ ਸੀ ਪਰ ਨੀਤੀ ਕਾਰਪੋਰੇਟ ਘਰਾਣਿਆਂ ਪੱਖੀ ਹੀ ਲਾਗੂ ਕਰ ਰਹੀ ਹੈ। ਮੁਲਾਜ਼ਮ ਅਤੇ ਪੈਨਸ਼ਨਰਜ਼ ਦੀਆਂ ਮੰਗਾਂ ਸਾਲਾਂ ਬੱਧੀ ਸਮੇਂ ਤੋਂ ਉਵੇਂ ਹੀ ਲਮਕ ਰਹੀਆਂ ਹਨ। ਪਾਵਰਕੌਮ ਪੈਨਸ਼ਨਰਜ਼ ਵੱਲੋਂ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਐਲਾਨ ਕੀਤਾ ਗਿਆ। ਇਸ ਸਮੇਂ ਆਗੂਆਂ ਜਗਰਾਜ ਸਿੰਘ, ਬੂਟਾ ਸਿੰਘ, ਅਬਜਿੰਦਰ ਸਿੰਘ, ਜੋਗਿੰਦਰ ਪਾਲ,ਰਾਮ ਸਿੰਘ,ਸ਼ਿੰਗਾਰਾ ਸਿੰਘ, ਗੁਰਜੰਟ ਸਿੰਘ, ਬਲਵੰਤ ਸਿੰਘ, ਸਿਕੰਦਰ ਸਿੰਘ,ਤਰਸੇਮ ਬਾਵਾ ਆਦਿ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਵਾਰ-ਵਾਰ ਮੀਟਿੰਗਾਂ ਦੇਕੇ ਭੱਜ ਰਹੀ ਹੈ। ਇਸ ਲਈ ਬੁਲਾਰਿਆਂ ਨੇ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਮੰਗਾਂ ਨਾਂ ਮੰਨੀਆਂ ਗਈਆਂ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਇੱਕ ਅਹਿਮ ਫੈਸਲੇ ਰਾਹੀਂ 17 ਦਸੰਬਰ 2024 ਨੂੰ 70 ਸਾਲ ਦਾ ਸਫ਼ਰ ਪੂਰਾ ਕਰਨ ਵਾਲੇ ਪੈਨਸ਼ਨਰਜ਼ ਦਾ ਪਾਵਰਕੌਮ ਪੈਨਸ਼ਨਰਜ਼ ਦੇ ਮੁੱਖ ਦਫਤਰ ਧਨੌਲਾ ਰੋਡ ਬਰਨਾਲਾ ਵਿਖੇ ਸਨਮਾਨ ਸਮਾਗਮ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਸਮਾਗਮ ਵਿੱਚ 70 ਸਾਲ ਪੂਰਾ ਕਰਨ ਵਾਲੇ ਪੈਨਸ਼ਨਰਜ਼ ਅਤੇ ਫੈਮਿਲੀ ਪੈਨਸ਼ਨਰ ਨੂੰ ਸਨਮਾਨਿਤ ਕੀਤਾ ਜਾਵੇਗਾ। ਸਟੇਜ ਦੇ ਫਰਜ਼ ਸਾਥੀ ਗੁਰਚਰਨ ਸਿੰਘ ਨੇ ਨਿਭਾਏ।

ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋ ਲੌਂਗੋਵਾਲ ਤੇ ਚੀਮਾ ਵਿਖੇ ਵੱਖ-ਵੱਖ ਲੋਕ ਪੱਖੀ ਕਾਰਜਾਂ ਦੀ ਸ਼ੁਰੂਆਤ

ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ,7 ਦਸੰਬਰ:

ਪੰਜਾਬ ਦੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ, ਛਪਾਈ ਤੇ ਲਿਖਣ ਸਮੱਗਰੀ, ਪ੍ਰਸ਼ਾਸਕੀ ਸੁਧਾਰ, ਸ਼ਿਕਾਇਤ ਨਿਵਾਰਨ ਅਤੇ ਰੋਜ਼ਗਾਰ ਉਤਪੱਤੀ ਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਚੀਮਾ ਅਤੇ ਲੌਂਗੋਵਾਲ ਵਿਖੇ ਵੱਖ-ਵੱਖ ਲੋਕ ਪੱਖੀ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ। ਉਹਨਾਂ ਨੇ ਕਿਹਾ ਕਿ

ਹਲਕਾ ਸੁਨਾਮ ਊਧਮ ਸਿੰਘ ਵਾਲਾ ਦੇ ਨਿਵਾਸੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਹ ਪੂਰੀ ਸ਼ਿੱਦਤ ਨਾਲ ਉਪਰਾਲੇ ਕਰ ਰਹੇ ਹਨ ਅਤੇ ਨਾਗਰਿਕਾਂ ਦੀ ਹਰ ਇੱਕ ਲੋੜ ਨੂੰ ਧਿਆਨ ਵਿੱਚ ਰੱਖਦੇ ਹੋਏ ਲੜੀਵਾਰ ਵਿਕਾਸ ਕਾਰਜਾਂ ਲਈ ਫੰਡ ਜਾਰੀ ਕੀਤੇ ਜਾ ਰਹੇ ਹਨ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਚੀਮਾ ਵਿਖੇ ਪੁਸਤਕ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਨਵੀਂ ਬਣਨ ਵਾਲੀ ਲਾਇਬਰੇਰੀ ਦਾ ਨੀਂਹ ਪੱਥਰ ਰੱਖਿਆ। ਉਹਨਾਂ ਕਿਹਾ ਕਿ ਪੁਸਤਕਾਂ ਬੱਚਿਆਂ ਅਤੇ ਨੌਜਵਾਨਾਂ ਨੂੰ ਜੀਵਨ ਸੇਧ ਦੇਣ ਦੇ ਨਾਲ ਨਾਲ ਹਰੇਕ ਉਮਰ ਵਰਗ ਦੇ ਪਾਠਕ ਦਾ ਦੋਸਤ ਹੁੰਦੀਆਂ ਹਨ ਜਿਨਾਂ ਨਾਲ ਸਾਂਝ ਪਾਉਣੀ ਚਾਹੀਦੀ ਹੈ। ਉਹਨਾਂ ਦੱਸਿਆ ਕਿ ਛੇਤੀ ਹੀ ਇਹ ਲਾਇਬਰੇਰੀ ਬਣ ਕੇ ਤਿਆਰ ਹੋ ਜਾਵੇਗੀ। ਇਸ ਮੌਕੇ ਉਹਨਾਂ ਨੇ ਧਰਮਸ਼ਾਲਾ ਦੇ ਸ਼ੈੱਡ ਤੇ ਫ਼ਰਸ਼, ਸਕੂਲ ਦੇ ਗਰਾਊਂਡ ਵਿੱਚ ਸਟੇਜ ਤੇ ਸ਼ੈੱਡ ਦੇ ਨਿਰਮਾਣ ਕਾਰਜਾਂ ਅਤੇ ਸਟਰੀਟ ਲਾਈਟਾਂ ਦੇ ਪ੍ਰੋਜੈਕਟ ਨੂੰ ਵੀ ਆਰੰਭ ਕਰਵਾਇਆ।ਇਸ ਤੋਂ ਪਹਿਲਾਂ ਬੀਤੀ ਸ਼ਾਮ ਕੈਬਨਿਟ ਮੰਤਰੀ ਅਮਨ ਅਰੋੜਾ ਨੇ 21 ਲੱਖ ਰੁਪਏ ਦੀ ਲਾਗਤ ਨਾਲ ਲੌਂਗੋਵਾਲ ਵਿਖੇ ਕਬਰਿਸਤਾਨ ਦੀ ਚਾਰਦੀਵਾਰੀ ਕਰਨ ਦੇ ਕੰਮ ਦੀ ਸ਼ੁਰੂਆਤ ਵੀ ਕਰਵਾਈ। ਲੌਂਗੋਵਾਲ ਵਿਖੇ ਨਗਰ ਕੌਂਸਲ ਦੇ ਪ੍ਰਧਾਨ ਸ੍ਰੀਮਤੀ ਪਰਮਿੰਦਰ ਕੌਰ ਬਰਾੜ, ਬਲਵਿੰਦਰ ਸਿੰਘ ਢਿੱਲੋਂ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕਰਮ ਸਿੰਘ ਬਰਾੜ, ਆਪ ਦੇ ਬਲਾਕ ਲੌਂਗੋਵਾਲ ਪ੍ਰਧਾਨ ਵਿੱਕੀ ਵਸ਼ਿਸ਼ਟ ,ਰਾਜ ਸਿੰਘ ਰਾਜੂ, ਕਮਲ ਬਰਾੜ, ਕੌਂਸਲਰ ਸੂਬੇਦਾਰ ਮੇਲਾ ਸਿੰਘ, ਕੌਂਸਲਰ ਗੁਰਮੀਤ ਸਿੰਘ ਫੌਜੀ, ਕੌਂਸਲਰ ਸ੍ਰੀਮਤੀ ਰੀਨਾ ਰਾਣੀ, ਕੌਂਸਲਰ ਸ੍ਰੀਮਤੀ ਸੁਸ਼ਮਾ ਰਾਣੀ,ਸਿਸਨਪਾਲ ਪਾਲ ਗਰਗ, ਸੁਖਪਾਲ ਬਾਜਵਾ, ਸਰਪੰਚ ਗੁਰਦੀਪ ਸਿੰਘ ਤਕੀਪੁਰ,ਗੁਰਜੰਟ ਖਾਨ ਆਦਿ ਮੌਜੂਦ ਸਨ।

ਢਾਬੇ ਅੱਗੇ ਖੜੀ ਕਾਰ 'ਚੋਂ ਸਮਾਨ ਚੋਰੀ ਕਰਨ ਵਾਲੇ ਚੋਰ ਪੁਲਿਸ ਨੇ ਕੀਤੇ ਕਾਬੂ

ਗ੍ਰਿਫਤਾਰ ਕੀਤੇ ਚੋਰਾਂ ਨੇ ਕਈ ਹੋਰ ਚੋਰੀਆਂ ਵੀ ਮੰਨੀਆਂ : ਡੀ.ਐਸ.ਪੀ ਸਤਵੀਰ ਸਿੰਘ ਬੈਂਸ

ਆਜ਼ਾਦ ਸੋਚ, ਜਗਸੀਰ ਸਿੰਘ ਸੰਧੂ, ਗੋਬਿੰਦਰ ਸਿੰਘ ਸਿੱਧੂ, ਬਰਨਾਲਾ, ਧਨੌਲਾ, 7 ਦਸੰਬਰ:

ਪਿਛਲੇ ਦਿਨੀਂ ਧਨੌਲਾ-ਸੰਗਰੂਰ ਰੋਡ 'ਤੇ ਸਥਿਤ ਰਜਵਾੜਾ ਢਾਬੇ ਅੱਗੇ ਖੜੀ ਕਾਰ ਦਾ ਸ਼ੀਸ਼ਾ ਭੰਨ ਕੇ ਕਾਰ ਵਿੱਚ ਪਏ ਗਹਿਣੇ ਅਤੇ ਨਗਦੀ ਚੋਰੀ ਕਰਨ ਦਾ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਚੋਰਾਂ ਨੂੰ ਬਰਨਾਲਾ ਪੁਲਿਸ ਵੱਲੋਂ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆ ਸੰਦੀਪ ਕੁਮਾਰ ਮ ਲਿ ਕ ਐੱਸ.ਐੱਸ.ਪੀ. ਬਰਨਾਲਾ ਨੇ ਦੱਸਿਆ ਕਿ ਕਿ 4 ਦਸੰਬਰ 2024 ਨੂੰ ਦਿਲਬਾਗ ਸਿੰਘ ਪੁੱਤਰ ਹਰਨੇਕ ਸਿੰਘ ਵਾਸੀ ਮਕਾਨ ਨੰਬਰ 784, ਸੈਕਟਰ 86, ਪ੍ਰੀਤ ਸਿਟੀ ਮੋਹਾਲੀ ਨੇ ਪੁਲਿਸ ਪਾਰਟੀ ਥਾਣਾ ਧਨੌਲਾ ਪਾਸ ਆਪਣਾ ਦਰਜ ਕਰਵਾਇਆ ਸੀ ਕਿ ਦੋ ਮੋਨੇ ਨਾਮਲੂਮ ਨੌਜਵਾਨ ਮੇਰੀ ਰਜਵਾੜਾ ਢਾਬਾ ਧਨੌਲਾ ਵਿਖੇ ਪਾਰਕਿੰਗ ਵਿੱਚ ਖੜ੍ਹੀ ਸਕਾਰਪੀਓ ਗੱਡੀ ਦਾ ਪਿਛਲਾ ਸ਼ੀਸ਼ਾ (ਡਿੱਗੀ ਵਾਲਾ) ਤੋੜ ਕੇ ਦੋ ਛੋਟੇ ਬੈਗ ਲੈ ਗਏ, ਜਿਸ ਵਿੱਚ ਮੇਰੀ ਲੜਕੀ ਦੇ ਗਹਿਣੇ 4 ਸੋਨੇ ਦੇ ਸਿੱਕੇ ਵਜਨੀ ਕਰੀਬ 4 ਤੋਲੇ, 2 ਗੋਲਡ ਬਰੈਸਲੇਟ ਲੇਡੀਜ ਅਤੇ ਸੈਂਟਸ, 2 ਗੋਲਡ ਚੈਨੀਆਂ ਅਤੇ ਏਕ ਓਮਕਾਰ ਵਾਲਾ ਬੱਚੇ ਦਾ ਲੋਕਟ ਸੋਨਾ, 2 ਗੋਲਡ ਸੈੱਟ ਛੋਟੇ ਵਾਲੇ ਲੇਡੀਜ, ਇੱਕ ਰੂਬੀ ਦਾ ਨੈਕਲੈੱਸ ਸੋਨਾ, 4 ਗੋਲਡ ਰਿੰਗਸ ਲੇਡੀਜ, ਸਿਲਵਰੀ ਜਵੈਲਰੀ ਜਿਸ ਵਿੱਚ 3 ਪੰਜੇਬਾਂ ਦੇ ਜੋੜੇ ਚਾਂਦੀ ਦੀਆਂ, 2 ਰਿੰਗ ਵੱਡੀਆਂ ਸੋਨਾ, 4 ਨਜਰੀਏ ਦੇ ਜੋੜੇ ਸੋਨਾ, ਅਤੇ ਨਗਦੀ ਕਰੀਬ 10,000/-ਰੁਪਏ ਸਨ। ਇਸ ਸਿਕਾਇਤ ਦੇ ਅਧਾਰ 'ਤੇ ਪੁਲਸ ਨੇ ਥਾਣਾ ਧਨੌਲਾ ਵਿੱਚ ਦੋ ਮੋਨੇ ਨਾਮਲੂਮ ਨੌਜਵਾਨਾਂ ਦੇ ਬਰਖਿਲਾਫ਼ ਮੁਕੱਦਮਾ ਨੰਬਰ 172 ਮਿਤੀ 4 ਦਸੰਬਰ 2024 ਨੂੰ ਧਾਰਾ 305, 324 (4), 3 (5) ਬੀ.ਐੱਨ.ਐੱਸ. ਤਹਿਤ ਮੁਕਦਮਾ ਦਰਜ ਕਰ ਲਿਆ ਸੀ। ਇਸ ਸਬੰਧੀ ਡੀ.ਐਸ.ਪੀ ਬਰਨਾਲਾ ਸਤਵੀਰ ਸਿੰਘ ਬੈਂਸ ਦੀ ਅਗਵਾਈ ਹੇਠ ਥਾਣਾ ਧਨੌਲਾ ਦੇ ਐਸ.ਐਚ.ਓ ਇੰਸਪੈਕਟਰ ਲਖਵੀਰ ਸਿੰਘ ਨੇ ਮਾਮਲੇ ਦੀ ਗਹਿਰਾਈ ਨਾਲ ਜਾਂਚ ਪੜਤਾਲ ਕਰਦਿਆਂ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਉਪੇਂਦਰ ਉਰਫ ਬਿੰਦੂ ਪੁੱਤਰ ਹਰੀ ਕ੍ਰਿਸ਼ਨ ਅਤੇ ਕਾਦਰ ਪੁੱਤਰ ਹਰੀ ਕ੍ਰਿਸ਼ਨ ਵਾਸੀਆਨ ਧਮਤਾਨ ਸਾਹਿਬ, ਜਿਲ੍ਹਾ ਜੀਂਦ (ਹਰਿਆਣਾ) ਹਾਲ ਨਿਵਾਸੀ ਜੀਰਕਪੁਰ ਨੂੰ ਗ੍ਰਿਫ਼ਤਾਰ ਕਰਕੇ ਚੋਰੀ ਕੀਤੇ ਸਮਾਨ ਨੂੰ ਬਰਾਮਦ ਕਰ ਲਿਆ ਹੈ। ਉਹਨਾਂ ਕਿਹਾ ਕਿ ਵਾਰਦਾਤ ਸਮੇਂ ਵਰਤਿਆ ਗਿਆ ਮੋਟਰਸਾਈਕਲ ਵੀ ਕਰਵਾਇਆ ਅਤੇ ਦੋਸ਼ੀਆਂ ਉਕਤਾਨ ਨੂੰ ਪੇਸ ਅਦਾਲਤ ਕਰਕੇ 2 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਹੈ।ਪੁਲਿਸ ਅਧਿਕਾਰੀਆਂ ਅਨੁਸਾਰ ਦੋਸ਼ੀ ਉਪੇਂਦਰ ਉਰਫ ਬਿੰਦੂ

ਉਕਤ ਨੇ ਆਪਣੀ ਪੁੱਛਗਿੱਛ ਦੌਰਾਨ ਦੱਸਿਆ ਹੈ ਕਿ ਉਸਨੇ ਆਪਣੇ ਭਰਾ ਜਤਿੰਦਰ ਨਾਲ ਰਲ ਕੇ 17 ਨਵੰਬਰ 2024 ਨੂੰ ਉਹ ਦੀਪਕ ਢਾਬਾ ਧਨੌਲਾ ਵਿਖੇ ਖੜ੍ਹੀ ਬਲੈਨੋ ਗੱਡੀ ਦਾ ਸ਼ੀਸ਼ਾ ਤੋੜ ਕੇ ਉਸ ਵਿੱਚੋਂ ਸੋਨੇ ਅਤੇ ਚਾਂਦੀ ਦੀ ਦੇ ਗਹਿਣੇ ਚੋਰੀ ਕਰਕੇ ਲੈ ਗਏ ਸਨ। ਜਿਸ ਸਬੰਧੀ ਮੁਕੱਦਮਾ ਨੰਬਰ 158 ਥਾਣਾ ਧਨੌਲਾ ਦਰਜ ਰਜਿਸਟਰ ਹੈ। ਇਸ ਤੋਂ ਇਲਾਵਾ ਇਹਨਾਂ ਨੇ ਪਹਿਲਾਂ ਵੀ ਹੈਰੀਟੇਜ ਹਵੇਲੀ ਪਟਿਆਲਾ ਰੋਡ ਨੇੜੇ ਪ੍ਰਮੇਸ਼ਰ ਦੁਆਰ ਗੁਰਦੁਆਰਾ ਸਾਹਿਬ, ਹੰਡਿਆਇਆ ਵਿਖੇ ਈ-ਓਨ ਪਲਾਜ਼ਾ, ਹਰਮਨ ਢਾਬਾ ਬਡਬਰ ਅਤੇ ਬਰਨਾਲਾ ਤੋਂ ਚੰਡੀਗੜ੍ਹ ਮੇਨ ਹਾਈਵੇ ਉੱਪਰ ਪੈਂਦੇ ਕਈ ਹੋਰ ਮੇਨ ਢਾਬਿਆਂ ਦੀਆ ਪਾਰਕਿੰਗਾਂ ਵਿੱਚੋਂ ਗੱਡੀਆਂ ਦੇ ਸ਼ੀਸ਼ੇ ਤੋੜ ਕਰਕੇ ਕਈ ਦਰਜਨਾਂ ਵਾਰਦਾਤਾਂ ਕੀਤੀਆਂ ਹਨ। ਜਿੰਨਾਂ ਵਾਰਦਾਤਾਂ ਸਬੰਧੀ ਡੂੰਘਾਈ ਨਾਲ ਪੜਤਾਲ ਕੀਤੀ ਜਾ ਰਹੀ ਹੈ।

ਮਿਸ਼ਨ ਰੋਜ਼ਗਾਰ ਤਹਿਤ ਡਾਕਟਰ ਰਵਜੋਤ ਸਿੰਘ ਨੇ 85 ਵਿਅਕਤੀਆਂ ਨੂੰ ਵੰਡੇ ਨਿਯੁਕਤੀ ਪੱਤਰ

• ਕੈਬਨਿਟ ਮੰਤਰੀ ਧਾਲੀਵਾਲ ਨੇ ਨਵਨਿਯੁਕਤ ਹੋਏ ਕਰਮਚਾਰੀਆਂ ਨੂੰ ਦਿੱਤੀ ਵਧਾਈ • ਡਾਕਟਰ ਰਵਜੋਤ ਅਤੇ ਧਾਲੀਵਾਲ ਨੇ ਬੀ.ਆਰ.ਟੀ.ਐਸ ਬੱਸ ਵਿੱਚ ਕੀਤਾ ਸਫ਼ਰ

ਆਜ਼ਾਦ ਸੋਚ
ਤਰੁਣ ਮਹਿਰਾ
ਅੰਮ੍ਰਿਤਸਰ 7 ਦਸੰਬਰ 2024

ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵਲੋਂ ਸ਼ੁਰੂ ਕੀਤੇ ਗਏ ਰੋਜ਼ਗਾਰ ਮਿਸ਼ਨ ਤਹਿਤ ਅੱਜ ਸਥਾਨਕ ਸਰਕਾਰਾਂ ਬਾਰੇ ਮੰਤਰੀ ਪੰਜਾਬ ਡਾਕਟਰ ਰਵਜੋਤ ਸਿੰਘ ਨੇ ਨਗਰ ਨਿਗਮ ਦਫ਼ਤਰ ਵਿਖੇ 85 ਵਿਅਕਤੀਆਂ ਨੂੰ ਨਿਯੁਕਤੀ ਪੱਤਰ ਸੌਂਪਣ ਉਪਰੰਤ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਨੌਕਰੀਆਂ ਦੇ ਹੋਰ ਮੌਕੇ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਸਾਡੀ ਸਰਕਾਰ ਨੇ ਆਪਣੇ ਢਾਈ ਸਾਲ ਦੇ ਕਾਰਜਕਾਲ ਦੌਰਾਨ ਕਰੀਬ 51000 ਵਿਅਕਤੀਆਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁਕੀਆਂ ਹਨ।

ਡਾ.ਰਵਜੋਤ ਸਿੰਘ ਨੇ ਨਿਯੁਕਤੀ ਪੱਤਰ ਦਿੰਦੇ ਹੋਏ ਕਰਮਚਾਰੀਆਂ ਨੂੰ ਕਿਹਾ ਕਿ ਤੁਸੀਂ ਇਸ ਸਰਕਾਰ ਦਾ ਹਿੱਸਾ ਬਣ ਗਏ ਹੋ ਅਤੇ ਤੁਸੀਂ ਹੁਣ ਪੰਜਾਬ ਦੀ ਸਮਾਜਿਕ ਅਤੇ ਅਰਥਿਕ ਵਿਕਾਸ ਵਿੱਚ ਸਰਗਰਮ ਭੂਮਿਕਾ ਨਿਭਾਉਣੀ ਹੈ। ਉਨਾਂ ਕਿਹਾ ਕਿ ਸਖ਼ਤ ਮਿਹਨਤ ਅਤੇ ਜੀਵਨ ਵਿੱਚ ਸਫ਼ਲਤਾ ਪ੍ਰਾਪਤ ਕਰਨ ਲਈ ਲਗਾਤਾਰ ਯਤਨਸ਼ੀਲ ਰਹਿਣਾ ਚਾਹੀਦਾ ਹੈ ਤਾਂ ਹੀ ਅਸੀਂ ਜੀਵਨ ਵਿੱਚ ਆਪਣੇ ਮਿੱਥੇ ਟੀਚੇ ਨੂੰ ਪ੍ਰਾਪਤ ਕਰ ਸਕਦੇ ਹਾਂ। ਉਨਾਂ ਨਵ ਨਿਯੁਕਤ ਕਰਮਚਾਰੀਆਂ ਨੂੰ ਕਿਹਾ ਕਿ ਉਹ ਤਨਦੇਹੀ ਤੇ ਇਮਾਨਦਾਰੀ ਨਾਲ ਆਪਣੀ ਨੌਕਰੀ ਕਰਨ। ਡਾ. ਰਵਜੋਤ ਨੇ ਕਿਹਾ ਕਿ ਇਹ ਨੌਕਰੀਆਂ ਬਿਨਾਂ ਕਿਸੇ ਸਿਫਾਰਸ਼, ਭੇਦਭਾਵ , ਵੱਡੀ ਅਤੇ ਭਾਈਭਤੀਜਾਵਾਦ ਰਹਿਤ ਦਿੱਤੀਆਂ ਹਨ। ਉਨਾਂ ਕਿਹਾ ਕਿ ਨੌਕਰੀਆਂ ਕੇਵਲ ਯੋਗਤਾ ਦੇ ਆਧਾਰ ਤੇ ਹੀ ਕੀਤੀਆਂ ਗਈਆਂ ਹਨ। ਉਨਾਂ ਦੱਸਿਆ ਕਿ ਮਿਸ਼ਨਰ ਰੋਜਗਾਰ ਤਹਿਤ ਸਥਾਨਕ ਸਰਕਾਰਾਂ ਵਿਭਾਗ ਵਿੱਚ 1255 ਕਰਮਚਾਰੀਆਂ ਨੂੰ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ ਅਤੇ ਇਸੇ ਹੀ ਲੜ੍ਹੀ ਤਹਿਤ ਇਹ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਉਨਾਂ ਉਮੀਦ ਜਤਾਈ ਕਿ ਨਵੀਂ ਭਰਤੀ ਹੋਏ ਕਰਮਚਾਰੀ ਆਪਣੀ ਕਲਮ ਦੀ ਵਰਤੋਂ ਸਮਾਜ ਦੇ ਲੋੜਵੰਦ ਅਤੇ ਪਛਲੇ ਵਰਗਾਂ ਦੀ ਮਦਦ ਲਈ ਕਰਨਗੇ।

ਇਸ ਮੌਕੇ ਸਥਾਨਕ ਸਰਕਾਰਾਂ ਮੰਤਰੀ ਵਲੋਂ 19 ਕਾਰਜ ਸਾਧਕ ਅਫ਼ਸਰਾਂ , 18 ਡਰਾਈਵਰ /ਓਪਰੇਟਰ ਅਤੇ 48 ਸਫਾਈ ਸੇਵਕਾਂ, ਸੇਵਾਦਾਰਾਂ ਅਤੇ ਬੇਲਦਾਰਾਂ ਨੂੰ ਨਿਯੁਕਤੀ ਪੱਤਰਾਂ ਦੀ ਵੰਡ ਕੀਤੀ ਗਈ।

ਇਸ ਮੌਕੇ ਕੈਬਨਿਟ ਮੰਤਰੀ ਸ: ਕੁਲਦੀਪ ਸਿੰਘ ਧਾਲੀਵਾਲ ਨੇ ਕਰਮਚਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਤੁਸੀਂ ਇਸ ਪਵਿੱਤਰ ਸ਼ਹਿਰ ਵਿੱਚ ਨਿੱਯੁਕਤ ਹੋਏ ਹੋ, ਜਿਥੇ ਰੋਜਾਨਾ 1.25 ਲੱਖ ਸ਼ਰਧਾਲੂ ਰੋਜ਼ਾਨਾ ਆਉਂਦੇ ਹਨ ਅਤੇ ਤੁਹਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਇਹ ਸ਼ਹਿਰ ਨੂੰ ਸਾਫ਼ ਸੁਥਰਾ ਪਾਣੀ ਅਤੇ ਸਾਫ਼ ਰੱਖਣ ਲਈ ਮਿਹਨਤ ਕਰੀਏ। ਉਨਾਂ ਕਿਹਾ ਕਿ ਸਾਡੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਅਤੇ ਅਸੀਂ ਆਮ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਵਲੋਂ ਚਲਾਏ ਜਾ ਰਹੇ ਰੋਜ਼ਗਾਰ ਮਿਸ਼ਨ ਤਹਿਤ ਹਰੇਕ ਵਿਭਾਗ ਵਿੱਚ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਭੂਰੀ ਭਰਤੀ ਪ੍ਰਕਿਰਆ ਲਈ ਨਿਰਪਖ ਵਿਧੀ ਅਪਣਾਈ ਗਈ ਹੈ ਅਤੇ ਕੇਵਲ ਤੇ ਕੇਵਲ ਯੋਗਤਾ ਦੇ ਆਧਾਰ ਤੇ ਹੀ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ। ਇਸ ਸਮਾਗਮ ਉਪਰੰਤ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ , ਕੈਬਨਿਟ ਮੰਤਰੀ ਧਾਲੀਵਾਲ, ਅਤੇ ਕਮਿਸ਼ਨਰ ਨਗਰ ਨਿਗਮ ਸ੍ਰੀ ਗੁਲਪ੍ਰੀਤ ਸਿੰਘ ਨੇ ਯੂਨੀਵਰਸਿਟੀ ਤੋਂ ਲੈ ਕੇ ਭੰਡਾਰੀ ਪੁੱਲ ਤੱਕ ਬੀ.ਆਰ.ਟੀ.ਐਸ ਬਸ ਰਾਹੀਂ ਸਫ਼ਰ ਕੀਤਾ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਜਲਦੀ ਹੀ ਬੀ.ਅਰ.ਟੀ.ਐਸ. ਬਸਾਂ ਦੀ ਗਿਣਤੀ ਨੂੰ ਹੋਰ ਵਧਾਇਆ ਜਾਵੇਗਾ। ਉਨਾਂ ਕਿਹਾ ਕਿ ਸਰਕਾਰ ਪਾਸ ਫੰਡ ਦੀ ਕੋਈ ਘਾਟ ਨਹੀਂ ਹੈ। ਉਨਾਂ ਕਿਹਾ ਕਿ ਫੰਡਾਂ ਦੀ ਵਜ ?ਹਾ ਤੋਂ ਬੀ.ਆਰ.ਟੀ.ਐਸ ਬਸਾਂ ਨੂੰ ਕਿਸੇ ਕਿਸਮ ਦੀ ਕੋਈ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਵਿਧਾਇਕ ਅਜੈ ਗੁਪਤਾ, ਵਿਧਾਇਕ ਸ: ਜਸਬੀਰ ਸਿੰਘ, ਵਿਧਾਇਕ ਇੰਦਰਬੀਰ ਸਿੰਘ ਨਿੱਝਰ, ਵਿਧਾਇਕਾ ਜੀਵਨਜੋਤ ਕੌਰ, ਐਸ.ਡੀ.ਐਮ. ਸ: ਮਨਕੰਵਲ ਸਿੰਘ ਚਾਹਲ, ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਸ੍ਰੀ ਮੁਨੀਸ਼ ਅਗਰਵਾਲ, ਸ੍ਰੀ ਰਵਿੰਦਰ ਹੰਸ, ਐਕਸੀਐਨ ਸੰਦੀਪ ਸਿੰਘ, ਡਾ. ਕਿਰਨਕੁਮਾਰ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਸੁਖਬੀਰ ਸਿੰਘ ਬਾਦਲ 'ਤੇ ਜਾਨਲੇਵਾ ਹਮਲਾ ਨਿੰਦਨਯੋਗ : ਹਾਕਮ ਸਿੰਘ ਚੱਕ

ਮਲੇਰਕੋਟਲਾ, 7 ਦਸੰਬਰ (ਸਾਹਿਦ ਜੁਬੈਰੀ) ਬੀਤੇ ਦਿਨੀਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੁਖਬੀਰ ਸਿੰਘ ਬਾਦਲ ਤੇ ਜਾਨਲੇਵਾ ਹਮਲੇ ਸਖ਼ਤ ਨਿੰਦਾ ਕਰਦਿਆਂ ਸਾਬਕਾ ਕੈਬਨਿਟ ਮੰਤਰੀ ਬੀਬੀ ਫਰਜ਼ਾਨਾ ਆਲਮ ਦੇ ਦਫ਼ਤਰ ਇੰਚਾਰਜ ਜਥੇਦਾਰ ਹਾਕਮ ਸਿੰਘ ਚੱਕ ਨੇ ਕੁੱਝ ਚੋਣਵੇਂ

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਦ ਧਾਰਮਿਕ ਸਥਾਨਾਂ ਤੇ ਜਾਣ ਵਾਲਿਆਂ ਦੀ ਜਾਨ ਸੁਰੱਖਿਅਤ ਨਹੀਂ ਹੈ ਤਾਂ ਆਮ ਲੋਕਾਂ ਦੀ ਸੁਰੱਖਿਆ ਕਿਵੇਂ ਹੋ ਸਕਦੀ ਹੈ। ਕਿਉਂਕਿ ਬੀਤੇ ਦਿਨੀਂ ਸ ਸੁਖਬੀਰ ਸਿੰਘ ਬਾਦਲ ਅਤੇ ਹੋਰ ਕੈਬਨਿਟ ਮੰਤਰੀਆਂ ਨੂੰ ਤਨਖਾਈਆ ਤੌਰ ਤੇ ਸੇਵਾ ਲਗਾਈ ਗਈ ਸੀ ਜੋ ਆਪਣੀ ਸੇਵਾ ਨਿਭਾ ਰਹੇ ਸਨ ਤਾਂ ਇੱਕ ਵਿਅਕਤੀ ਵੱਲੋਂ ਸ ਸੁਖਬੀਰ ਸਿੰਘ ਬਾਦਲ ਦੇ ਕੋਲ ਆ ਕੇ ਪਿਸਤੌਲ ਨਾਲ ਜਾਨਲੇਵਾ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਸੁਖਬੀਰ ਸਿੰਘ ਬਾਦਲ ਦੇ ਸੁਰੱਖਿਆ ਵੱਲੋਂ ਬਚਾਅ ਕੀਤਾ ਗਿਆ ਜੋ ਵਾਲ ਵਾਲ ਬਚ ਗਏ। ਹਾਕਮ ਚੱਕ ਜੀ ਨੇ ਕਿਹਾ ਕਿ ਅਸੀਂ ਇਸ ਘਟਨਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਉਨ੍ਹਾਂ ਕਿਹਾ ਕਿ ਸ੍ਰੀ ਹਰਮਿੰਦਰ ਸਾਹਿਬ ਦਰਬਾਰ ਸਾਹਿਬ ਵਿਖੇ ਇਹੋ ਜਿਹੀ ਘਟਨਾਂ ਵਾਪਰਨਾ ਬਹੁਤ ਮੰਦਭਾਗੀ ਘਟਨਾ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਦੀ ਜਾਂਚ ਏਜੰਸੀਆਂ ਤੋਂ ਕਰਵਾਈ ਜਾਵੇ। ਜਿਸ ਵਿਅਕਤੀ ਨੇ ਇਸ ਘਟਨਾਂ ਨੂੰ ਅੰਜਾਮ ਦਿੱਤਾ ਹੈ ਉਸ ਵਿਅਕਤੀ ਤੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ। ਤਾਂ ਜੋ ਪੰਜਾਬ ਦੀ ਅਮਨ ਸ਼ਾਂਤੀ ਨੂੰ ਬਰਕਰਾਰ ਰੱਖਿਆ ਜਾਵੇ। ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ ਵਿੱਚ ਅਮਨ ਕਾਨੂੰਨ ਕਾਇਮ ਕੀਤਾ ਜਾਵੇ ਤਾਂ ਜੋ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ।

ਸਿਟੀ ਪੁਲਿਸ ਨੇ ਲੁੱਟਖੋਹ ਕੀਤੇ 51 ਫੋਨਾਂ ਤੇ 3 ਚੋਰੀਸ਼ੁਦਾ ਮੋਟਰਸਾਇਕਲਾਂ ਸਣੇ ਤਿੰਨ ਕਾਬੂ

ਖਰੜ, 7 ਦਸੰਬਰ (ਜਗਵਿੰਦਰ ਸਿੰਘ) ਸਿਟੀ ਪੁਲਿਸ ਖਰੜ ਨੇ 3 ਮੋਬਾਇਲ ਸਨੈਚਰਾਂ ਨੂੰ ਖੋਹ ਕੀਤੇ 51 ਮੋਬਾਇਲ ਫੋਨਾਂ ਅਤੇ 3 ਚੋਰੀਸ਼ੁਦਾ ਮੋਟਰਸਾਇਕਲਾਂ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਐਸਪੀ ਕਰਨ ਸਿੰਘ ਸੰਧੂ ਨੇ ਦੱਸਿਆ ਕਿ ਸੀਨੀਅਰ ਅਧਿਕਾਰੀਆਂ ਦੀਆਂ ਹਿਦਾਇਤਾਂ ਅਨੁਸਾਰਕਾਰਵਾਈ ਕਰਦਿਆਂ ਐਸਐਚਓ ਸਿਟੀ ਖਰੜ ਇੰਸਪੈਕਟਰ ਪੋਰੀਵਿਕੇਲ ਗਰੇਵਾਲ ਅਗਵਾਈ ਵਿੱਚ ਏਐਸਆਈ ਦਲਜੀਤ ਸਿੰਘ ਸਮੇਤ ਪੁਲਿਸ ਪਾਰਟੀ ਵੱਲੋਂ ਧਾਰਾ 304(2), 317(2), 303(2) ਬੀਐਨਐਸ ਅਧੀਨ ਸਿਟੀ ਥਾਣੇ ਚ ਪਰਚਾ ਦਰਜ ਕੀਤਾ ਗਿਆ ਸੀ । ਤਫਤੀਸ਼ ਦੌਰਾਨ ਮੁਖਬਰੀ ਦੇ ਅਧਾਰ ਤੇ 'ਗੌਰਵ ਕੁਮਾਰ ਪੁੱਤਰ ਪੰਮੀ ਵਾਸੀ ਕੁਰਾਲੀ, ਭੁਪਿੰਦਰ ਸਿੰਘ ਪੁੱਤਰ ਦਲਜੀਤ ਸਿੰਘ ਵਾਸੀ ਕੁਰਾਲੀ ਅਤੇ ਨਿਤੀਸ਼ ਕੁਮਾਰ ਪੁੱਤਰ ਸਿਰਜੀ ਪ੍ਰਸਾਦ ਵਾਸੀ ਕੁਰਾਲੀ ਨੂੰ ਗ੍ਰਿਫਤਾਰ ਕਰਕੇ ਉਹਨਾਂ ਦੇ ਕਬਜਾ ਵਿਚੋਂ 51 ਖੋਹ ਕੀਤੇ ਮੋਬਾਇਲ ਫੋਨ ਅਤੇ 03 ਚੋਰੀਸ਼ੁਦਾ ਮੋਟਰਸਾਇਕਲ ਬਰਾਮਦ ਕੀਤੇ ਗਏ ਹਨ। ਪੁਲਿਸ ਨੇ ਥਾਣਾ ਸਿਟੀ ਅਤੇ ਥਾਣਾ ਸਦਰ ਖਰੜ ਵਿਖੇ ਦਰਜ ਚਾਰ ਮਾਮਲੇ ਸੁਲਝਾਅ ਲਏ ਹਨ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਫੜੇ ਗਏ ਵਿਅਕਤੀ ਕੁਰਾਲੀ ਤੋਂ ਖਰੜ ਖੇਤਰ ਵਿੱਚ ਆ ਕੇ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ। ਇਨਾਂ ਨੇ ਇਕ ਵਿਆਹ ਸਮਾਗਮ ਦੌਰਾਨ ਇਕ ਔਰਤ ਤੋਂ ਵੀ ਮੋਬਾਇਲ ਖੋਹਿਆ ਸੀ ਜਿਸ ਦੀ ਸੀਸੀਟੀਵੀ ਫੁਟੇਜ਼ ਵੀ ਸਾਹਮਣੇ ਆਈ ਸੀ। ਜਾਂਚ ਦੌਰਾਨ ਪਤਾ ਲੱਗਾ ਹੈ ਕਿ ਦੋ ਵਿਅਕਤੀ ਫੋਨ ਖੋਹਦੇਂ ਸਨ ਤੇ ਤੀਜਾ ਸਾਥੀ ਦੁਕਾਨਦਾਰ ਫੋਨ ਅੱਗੇ ਵੇਚਦਾ ਸੀ । ਫੜੇ ਵਿਅਕਤੀਆਂ ਨੂੰ ਖਰੜ ਕੋਰਟ ਵਿੱਚ ਪੇਸ਼ ਕਰਕੇ 4 ਦਿਨਾਂ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਇਨਾਂ ਪਾਸੋਂ ਹੋਰ ਦੀ ਬਰਾਮਦਗੀ ਹੋ ਸਕਦੀ ਹੈ।

ਪਿੰਡ ਮਹਿਰੌਲੀ ਵਿਖੇ ਦਸਤਾਰ ਮੁਕਾਬਲੇ ਕਰਵਾਏ

ਆਜ਼ਾਦ ਸੋਚ
ਹਰਜਿੰਦਰ ਭੰਗੂ
ਮਾਜਰੀ , 7 ਦਸੰਬਰ

ਲੋਕ ਹਿੱਤ ਮਿਸ਼ਨ ਦੇ ਧਾਰਮਿਕ ਵਿੰਗ ਵੱਲੋਂ ਸ਼ੁਰੂ ਕੀਤੀ ਵਿਰਸਾ ਸੰਭਾਲ ਮੁਹਿੰਮ ਤਹਿਤ ਪਿੰਡ ਮਹਿਰੌਲੀ ਵਿਖੇਦਸਤਾਰ ਮੁਕਾਬਲੇ ਕਰਵਾਏ ਗਏ। ਇਸ ਦੌਰਾਨ 40 ਦੇ ਬੱਚਿਆਂ ਨੇ ਭਾਗ ਲਿਆ। ਜਿਨ੍ਹਾਂ 'ਚ ਲੜਕਿਆਂ ਨੇ ਦਸਤਾਰਾਂ ਤੇ ਲੜਕੀਆਂ ਨੇ ਦੁਮਾਲੇ ਸਜਾਏ। ਇਸੇ ਤਰ੍ਹਾਂ ਸਿੱਖ ਇਤਿਹਾਸ ਬਾਰੇ ਜ਼ੁਬਾਨੀ ਸਵਾਲ ਜਵਾਬ ਮੁਕਾਬਲੇ ਵੀ ਕਰਵਾਏ ਗਏ। ਜਿਸ ਦੌਰਾਨ ਭਾਗ ਲੈਣ ਵਾਲੇ ਸਮੂਹ ਬੱਚਿਆਂ ਨੂੰ ਮੈਡਲ ਪਾਕੇ ਸਨਮਾਨਿਤ ਕੀਤਾ ਗਿਆ ਅਤੇ ਪਹਿਲੇ ਪੰਜ ਅੱਵਲ ਬੱਚਿਆਂ ਨੂੰ ਟਰਾਫ਼ੀਆਂ ਅਤੇ ਨਗਦ ਇਨਾਮ ਵੀ ਦਿੱਤੇ ਗਏ। ਮਿਸ਼ਨ ਵੱਲੋਂ ਭਾਈ ਹਰਜੀਤ ਸਿੰਘ ਹਰਮਨ, ਰਵਿੰਦਰ ਸਿੰਘ ਰਵੀ ਪੜੌਲ, ਰਵਿੰਦਰ ਸਿੰਘ ਵਜੀਦਪੁਰ ਨੇ ਸੇਵਾ ਨਿਭਾਈ।

ਇਸ ਮੌਕੇ ਪਿੰਡ ਦੇ ਸਰਪੰਚ ਪਰਮਜੀਤ ਸਿੰਘ, ਸਾਬਕਾ ਸਰਪੰਚ ਮਨਜੀਤ ਸਿੰਘ, ਸੁਦਾਗਰ ਸਿੰਘ, ਬੇਅੰਤ ਸਿੰਘ, ਗੁਰਮੀਤ ਸਿੰਘ, ਦੇਵ ਸਿੰਘ, ਸਤਵਿੰਦਰ ਸਿੰਘ, ਅਮਰੀਕ ਸਿੰਘ, ਲਖਵੀਰ ਸਿੰਘ ਤੇ ਗੁਰਨਾਮ ਸਿੰਘ ਆਦਿ ਮੋਹਤਬਰ ਹਾਜ਼ਰ ਸਨ।

ਰਮੇਸ਼ ਨਗਰ ਵਿੱਖੇ ਪ੍ਰਭੂ ਸ਼੍ਰੀ ਰਾਮ ਗੌਰਵ ਯਾਤਰਾ ਦਾ ਆਯੋਜਨ

ਯਾਤਰਾ ਦਾ ਮਕਸਦ ਲੋਕਾਂ ਨੂੰ ਸ਼੍ਰੀ ਰਾਮ ਤੇ ਸੀਤਾ ਦੇ ਵਿਆਹ ਦੀ ਮਹੱਤਤਾ ਤੋਂ ਜਾਣੂ ਕਰਵਾਉਣਾ ਸੀ: ਪ੍ਰਾਰਥਨਾ ਮਹਿੰਦਰੂ

ਆਜ਼ਾਦ ਸੋਚ
ਸੁਖਰਾਜ ਸਿੰਘ/ਨਵੀਂ ਦਿੱਲੀ, 7 ਦਸੰਬਰ

ਦਿੱਲੀ ਦੇ ਮੋਤੀ ਨਗਰ ਵਿਧਾਨ ਸਭਾ ਹਲਕੇ ਦੇ ਪ੍ਰਾਰਥਨਾ ਮਹਿੰਦਰੂ ਨੇ ਰਮੇਸ਼ ਨਗਰ ਵਿੱਖੇ ਪ੍ਰਭੂ ਸ਼੍ਰੀ ਰਾਮ ਗੌਰਵ ਯਾਤਰਾ ਦਾ ਆਯੋਜਨ ਕੀਤਾ।ਇਹ ਯਾਤਰਾ ਭਗਵਾਨ ਸ਼੍ਰੀ ਰਾਮ ਅਤੇ ਮਾਤਾ ਸੀਤਾ ਦੀ ਵਿਵਾਹ ਪੰਚਮੀ ਦੇ ਮੌਕੇ 'ਤੇ ਵਿਸ਼ੇਸ਼ ਤੌਰ 'ਤੇ ਆਯੋਜਿਤ ਕੀਤੀ ਗਈ ਸੀ।ਯਾਤਰਾ ਦਾ ਮਕਸਦ ਧਾਰਮਿਕ ਅਤੇ ਸੱਭਿਆਚਾਰਕ ਸਮਾਗਮ ਹੋਣ ਦੇ ਨਾਲ-ਨਾਲ ਇਲਾਕੇ ਦੇ ਲੋਕਾਂ ਨੂੰ ਸ਼੍ਰੀ ਰਾਮ ਅਤੇ ਸੀਤਾ ਦੇ ਮਹਾਨ ਵਿਆਹ ਦੀ ਮਹੱਤਤਾ ਤੋਂ ਜਾਣੂ ਕਰਵਾਉਣਾ ਸੀ। ਇਹ ਯਾਤਰਾ ਮੋਤੀ ਨਗਰ, ਰਮੇਸ਼ ਨਗਰ ਅਤੇ ਕੀਰਤੀ ਨਗਰ ਵਰਗੇ ਪ੍ਰਮੁੱਖ ਇਲਾਕਿਆਂ ਵਿੱਚੋਂ ਦੀ ਲੰਘੀ।ਦੌਰੇ ਦੌਰਾਨ ਪ੍ਰਾਰਥਨਾ ਮਹਿੰਦਰੂ ਨੇ ਇਲਾਕੇ ਦੇ ਆਮ ਲੋਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਉਨ੍ਹਾਂ ਦੇ ਹੱਲ ਲਈ ਵਚਨਬੱਧ ਹੈ।ਇਸ ਦੌਰਾਨ ਉਨ੍ਹਾਂ ਨੇ ਇਲਾਕੇ ਦੇ ਵਿਕਾਸ ਲਈ ਕਈ ਮੁੱਦਿਆਂ 'ਤੇ ਚਰਚਾ ਕੀਤੀ, ਖਾਸ ਤੌਰ 'ਤੇ ਸੜਕਾਂ ਦੀ ਮਾੜੀ ਹਾਲਤ ਅਤੇ ਸੀਵਰ ਓਵਰਫਲੋ ਵਰਗੀਆਂ ਵੱਡੀਆਂ ਸਮੱਸਿਆਵਾਂ ਦਾ ਜ਼ਿਕਰ ਕੀਤਾ। ਪ੍ਰਾਰਥਨਾ ਮਹਿੰਦਰੂ ਨੇ ਕਿਹਾ ਕਿ ਜਲਦੀ ਹੀ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਕਦਮ ਚੁੱਕੇ ਜਾਣਗੇ।

ਉਨ੍ਹਾਂ ਭਰੋਸਾ ਦਿੱਤਾ ਕਿ ਸਰਕਾਰ ਇਨ੍ਹਾਂ ਮੁੱਦਿਆਂ ਨੂੰ ਪਹਿਲ ਦੇ ਆਧਾਰ 'ਤੇ ਉਠਾਏਗੀ ਅਤੇ ਲੋਕਾਂ ਨੂੰ ਰਾਹਤ ਦੇਣ ਲਈ ਲੋੜੀਂਦੇ ਕਦਮ ਚੁੱਕੇਗੀ।ਇਹ ਯਾਤਰਾ ਧਾਰਮਿਕ ਨਜ਼ਰੀਏ ਤੋਂ ਹੀ ਮਹੱਤਵਪੂਰਨ ਨਹੀਂ ਸੀ, ਸਗੋਂ ਇਲਾਕੇ ਦੇ ਲੋਕਾਂ ਵਿੱਚ ਇੱਕ ਸਕਾਰਾਤਮਕ ਸੰਦੇਸ਼ ਫੈਲਾਉਣ ਦਾ ਕੰਮ ਵੀ ਕਰ ਰਹੀ ਸੀ।ਇਸ ਪ੍ਰੋਗਰਾਮ ਰਾਹੀਂ, ਪ੍ਰਾਰਥਨਾ ਮਹਿੰਦਰੂ ਨੇ ਆਪਣੀ ਖੇਤਰੀ ਪਛਾਣ ਨੂੰ ਹੋਰ ਮਜ਼ਬੂਤ ਕੀਤਾ ਅਤੇ ਲੋਕਾਂ ਨਾਲ ਜੁੜਨ ਦਾ ਇੱਕ ਹੋਰ ਮੌਕਾ ਮਿਲਿਆ।

ਥਾਣਾ ਮੌੜ ਦੀ ਪੁਲਿਸ ਨੇ ਦੋ ਵਿਅਕਤੀਆਂ ਨੂੰ ਚੋਰੀ ਕੀਤੇ ਮੋਟਰਸਾਈਕਲਾਂ ਸਮੇਤ ਕੀਤਾ ਕਾਬੂ

ਆਜ਼ਾਦ ਸੋਚ
ਪਰਮਜੀਤ ਸਿੰਘ ਪੰਮਾ
ਮੌੜ ਮੰਡੀ , 7 ਦਸੰਬਰ

ਥਾਣਾ ਮੌੜ ਦੀ ਪੁਲਿਸ ਨੂੰ ਉਸ ਵਕਤ ਇੱਕ ਵੱਡੀ ਸਫਲਤਾ ਮਿਲੀ ਜਦੋਂ ਚੋਰੀ ਕੀਤੇ ਹੋਏ ਮੋਟਰਸਾਈਕਲਾਂ ਨੂੰ ਮੌੜ ਮੰਡੀ ਵਿੱਚ ਵੇਚਣ ਆ ਰਹੇ ਦੋ ਵਿਅਕਤੀ ਨੂੰ ਚੋਰੀ ਦੇ ਮੋਟਰਸਾਈਕਲਾਂ ਸਮੇਤ ਗਿਰਫ਼ਤਾਰ ਕਰ ਲਿਆ। ਇਸ ਸਬੰਧੀ ਥਾਣਾ ਮੌੜ ਦੇ ਮੁਖੀ ਇੰਸਪੈਕਟਰ ਜਗਦੇਵ ਸਿੰਘ ਕੁਲਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੌੜ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਜਗਮੀਤ ਸਿੰਘ ਉਰਫ ਜਗਦੀਪ ਸਿੰਘ ਮਾਣਕਖਾਨਾ ਤੇ ਨਿਰਮਲ ਸਿੰਘ ਉਰਫ ਢੀਂਡਾ ਵਾਸੀ ਰਾਏ ਖਾਨਾ ਆਪਣੇ ਹੋਰ ਸਾਥੀਆਂ ਨਾਲ ਮਿਲ ਕੇ ਮੌੜ ਮੰਡੀ ਦੇ ਏਰੀਏ ਵਿੱਚ ਚੋਰੀ ਕੀਤੇ ਹੋਏ ਮੋਟਰਸਾਈਕਲ ਵੇਚਣ ਦੀ ਤਾਕ ਵਿੱਚ ਹਨ ਜੋ ਮੋਟਰਸਾਈਕਲ ਹੀਰੋ ਸਪਲੈਂਡਰ ਪਰ ਸਵਾਰ ਹੋਕੇ ਮੌੜ ਮੰਡੀ ਵਿੱਚ ਮੋਟਰਸਾਈਕਲ ਵੇਚਣ ਲਈ ਆ ਰਹੇ ਹਨ ਜੇਕਰ ਕਿਸੇ ਢੁਕਵੀ ਜਗ ?ਹਾ ਪਰ ਨਾਕਾਬੰਦੀ ਕੀਤੀ ਜਾਵੇ ਤਾਂ ਉਕਤ ਵਿਅਕਤੀ ਚੋਰੀ ਕੀਤੇ ਹੋਏ ਮੋਟਰਸਾਈਕਲ ਸਮੇਤ ਕਾਬੂ ਆ ਸਕਦੇ ਹਨ। ਜਿਸ ਦੇ ਚਲਦੇ ਪੁਲਿਸ ਟੀਮ ਨੇ ਜਗਮੀਤ ਸਿੰਘ ਉਰਫ ਜਗਦੀਪ ਸਿੰਘ ਅਤੇ ਨਿਰਮਲ ਸਿੰਘ ਟੀਂਡਾ ਨੂੰ ਚੋਰੀ ਕੀਤੇ ਹੋਏ ਮੋਟਰਸਾਈਕਲਾਂ ਸਮੇਤ ਗ੍ਰਿਫ਼ਤਾਰ ਕਰ ਲਿਆ।

ਇਸ ਸਬੰਧੀ ਉਹਨਾਂ ਦੱਸਿਆ ਕਿ ਜ਼ਿਲ੍ਹਾ ਪੁਲਿਸ ਮੁਖੀ ਅਵਨੀਤ ਕੌਂਡਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮੌੜਾ ਇਲਾਕੇ ਅੰਦਰ ਨਸ਼ਿਆਂ ਅਤੇ ਚੋਰੀ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਪੁਲਿਸ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਦੇ ਤਹਿਤ ਹੀ ਮੋਟਰਸਾਈਕਲ ਚੋਰ ਗਿਰੋਹ ਦੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਥਾਣਾ ਮੁਖੀ ਨੇ ਮਾੜੇ ਅਨਸਰਾਂ ਨੂੰ ਤਾੜਨਾ ਕਰਦੇ ਹੋਏ ਕਿਹਾ ਕੇ ਮੋਟਰਸਾਈਕਲ ਚੋਰੀ ਕਰਨ ਵਾਲੇ ਇਹ ਵਿਅਕਤੀ ਇਹਨਾਂ ਹਰਕਤਾਂ ਤੋਂ ਬਾਜ ਆ ਜਾਣ ਨਹੀਂ ਤਾਂ ਉਹਨਾਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ ਉਹਨਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ ਇਸ ਮੌਕੇ ਏਐਸਆਈ ਧਰਮਵੀਰ ਸਿੰਘ ਸਮੇਤ ਪੁਲਿਸ ਮੁਲਾਜ਼ਮ ਮੌਜੂਦ ਸਨ।

ਪਿੰਡਾਂ ਦਾ ਸ਼ਹਿਰੀ ਤਰਜ 'ਤੇ ਕਰਾਂਗੇ ਵਿਕਾਸ : ਈ.ਟੀ.ਓ.

ਆਜ਼ਾਦ ਸੋਚ
ਰੋਹਿਤ ਠਾਕੁਰ/ ਅੰਮ੍ਰਿਤਸਰ 7 ਦਸੰਬਰ

ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਸਰਕਾਰ ਸੂਬੇ ਵਿੱਚ ਵਿਕਾਸ ਕਾਰਜਾਂ ਨੂੰ ਲੈ ਕੇ ਕਾਫ਼ੀ ਗੰਭੀਰ ਹੈ ਅਤੇ ਖਾਸ ਕਰਕੇ ਪਿੰਡਾਂ ਦੇ ਵਿਕਾਸ ਨੂੰ ਪਹਿਲ ਦੇ ਆਧਾਰ ਤੇ ਕਰਨ ਲਈ ਵਚਨਬੱਧ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ: ਹਰਭਜਨ ਸਿੰਘ ਈ ਟੀ ਓ ਨੇ ਜੰਡਿਆਲਾ ਗੁਰੂ ਦੇ ਪਿੰਡ ਸਰਜਾ ਵਿਖੇ ਗਲੀਆਂ, ਨਾਲੀਆਂ ਅਤੇ ਰਸਤੇ ਦੇ ਕੰਮਾਂ ਦਾ ਉਦਘਾਟਨ ਕਰਨ ਪਿਛੋਂ ਕੀਤਾ।

ਸ: ਈ ਟੀ ਓ ਨੇ ਕਿਹਾ ਕਿ ਪਿੰਡਾਂ ਦਾ ਸ਼ਹਿਰੀ ਤਰਜ ਤੇ ਵਿਕਾਸ ਕੀਤਾ ਜਾਵੇਗਾ। ਉਨਾਂ ਕਿਹਾ ਕਿ ਪਿੰਡ ਦੇ ਲੋਕਾਂ ਨੂੰ ਵੀ ਸ਼ਹਿਰ ਵਰਗੀਆਂ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਮੌਕੇ ਉਨਾਂ ਨੇ ਪਿੰਡ ਸਰਜਾ ਵਿਖੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਸੁਣਿਆ ਅਤੇ ਭਰੋਸਾ ਦਵਾਇਆ ਕਿ ਤੁਹਾਡੀਆਂ ਮੁਸ਼ਕਿਲਾਂ ਦਾ ਪਹਿਲਾਂ ਦੇ ਆਧਾਰ ਤੇ ਹੱਲ ਕੀਤਾ ਜਾਵੇਗਾ। ਉਨਾਂ ਦੱਸਿਆ ਕਿ ਜਿਮਨੀ ਚੋਣਾਂ ਵਿੱਚ ਲੋਕਾਂ ਨੇ ਸਾਡੇ ਕੰਮਾਂ ਤੇ ਮੋਹਰ ਲਗਾਈ ਹੈ ਅਤੇ ਅਸੀਂ ਵੀ ਭਰੋਸ ਦਵਾਉਂਦੇ ਹਾਂ ਕਿ ਆਉਂਦੇ ਸਮੇਂ ਵਿੱਚ ਹੋਰ ਤੇਜੀ ਨਾਲ ਵਿਕਾਸ ਕਾਰਜ ਕੀਤੇ ਜਾਣਗੇ।

ਸ: ਈ ਟੀ ਓ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡੀ ਸਰਕਾਰ ਸੂਬਾ ਵਾਸੀਆਂ ਨੂੰ ਸਿਹਤ, ਸਿੱਖਿਆ ਦੇ ਨਾਲ ਨਾਲ ਰੋਜ਼ਗਾਰ ਮਿਸ਼ਨ ਤਹਿਤ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਉਨਾਂ ਕਿਹਾ ਕਿ ਸੂਬੇ ਭਰ ਵਿੱਚ 881 ਆਮ ਆਦਮੀ ਕਲੀਨਿਕ ਖੋਲ੍ਹੇ ਚਾ ਚੁਕੇ ਹਨ, ਜਿਸ ਵਿੱਚ ਕਰੀਬ 2.5 ਕਰੋੜ ਲੋਕਾਂ ਨੇ ਸਿਹਤ ਸਹੂਲਤਾਂ ਦਾ ਲਾਭ ਲਿਆ ਹੈ। ਉਨਾਂ ਕਿਹਾ ਕਿ ਮਿਸ਼ਨ ਰੋਜ਼ਗਾਰ ਤਹਿਤ ਅਸੀਂ ਆਪਣੇ ਢਾਈ ਸਾਲ ਦੇ ਕਾਰਜਕਾਲ ਦੌਰਾਨ ਕਰੀਬ 51000 ਨੌਕਰੀਆਂ ਨੌਜਵਾਨਾਂ ਨੂੰ ਮੁਹੱਈਆ ਕਰਵਾਈਆਂ ਹਨ ਅਤੇ ਇਹ ਨੌਕਰੀਆਂ ਬਿਨਾਂ ਕਿਸੇ ਭੇਦਭਾਵ , ਵੱਡੀ ਅਤੇ ਭਾਈ-ਭਤੀਜਾਵਾਦ ਤੋਂ ਦੂਰ ਰਹਿ ਕੇ ਯੋਗਤਾ ਦੇ ਆਧਾਰ ਤੇ ਦਿੱਤੀਆਂ ਹਨ।

ਇਸ ਮੌਕੇ ਸਰਪੰਚ ਸ: ਗੁਰਮੁੱਖ ਸਿੰਘ ਸਰਜਾ, ਗੁਰਦਿਆਲ ਸਿੰਘ, ਜਰਨੈਲ ਸਿੰਘ, ਬਲਵਿੰਦਰ ਸਿੰਘ ਸਾਬਕਾ ਸਰਪੰਚ, ਅਮਰੀਕ ਸਿੰਘ ਸਾਬਕਾ ਸਰਪੰਚ, ਮਿਰਜਾ ਸਿੰਘ ਮੈਂਬਰ, ਅੰਗਰੇਜ ਸਿੰਘ ਮੈਂਬਰ, ਨਿਰਮਲ ਸਿੰਘ ਮੈਂਬਰ, ਸੁਰਜਨ ਸਿੰਘ ਮੈਂਬਰ, ਜਗੀਰ ਸਿੰਘ ਫੌਜੀ, ਲੱਖਾ ਸਿੰਘ, ਜਸਵੰਤ ਸਿੰਘ, ਸਤਨਾਮ ਸਿੰਘ, ਨਿਸ਼ਾਨ ਸਿੰਘ, ਅਵਤਾਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾਨਿਵਾਸੀ ਹਾਜ਼ਰ ਸਨ।

ਕਿਸਾਨਾਂ ਨੇ ਕੇਂਦਰ ਸਰਕਾਰ ਦਾ ਅਰਥੀ ਫੂਕ ਮੁਜਾਹਰਾ ਕੀਤਾ

ਆਜ਼ਾਦ ਸੋਚ
ਰਿਸ਼ੀਪਾਲ ਗੁਪਤਾ
ਬਾਦਸ਼ਾਹਪੁਰ , 7 ਦਸੰਬਰ

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਬਲਾਕ ਪ੍ਰਧਾਨ ਅਮਰੀਕ ਸਿੰਘ ਘੱਗਾ ਦੀ ਅਗਵਾਈ ਹੇਠ ਕੇਂਦਰ ਦੀ ਮੋਦੀ ਸਰਕਾਰ ਦਾ ਅਰਥੀ ਫੂਕ ਮੁਜਾਹਰਾ ਕੀਤਾ ਗਿਆ । ਇਸ ਮੌਕੇ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਬਰਾਸ ਨੇ ਕਿਹਾ ਕਿ ਕੱਲ੍ਹ ਜਦੋਂ ਸ਼ੰਭੂ ਬਾਰਡਰ ਤੇ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਕਿਸਾਨਾਂ ਦੀ ਜੋ ਕੁੱਟਮਾਰ ਕੀਤੀ ਹੈ ਉਸ ਦੀ ਅਸੀਂ ਨਿਖੇਧੀ ਕਰਦੇ ਹਾਂ । ਜਿਸ ਦੇ ਵਿਰੋਧ ਵਿੱਚ ਅੱਜ ਅਸੀਂ ਕੇਂਦਰ ਸਰਕਾਰ ਦਾ ਪੁਤਲਾ ਫੂਕ ਰਹੇ ਹਾਂ । ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਸ਼ਰਤ ਰੱਖੀ ਸੀ ਕਿ ਕਿਸਾਨ ਦਿੱਲੀ ਟਰੈਕਟਰ ਟਰਾਲੀਆਂ ਨਾ ਲੈ ਕੇ ਜਾਣ ?। ਜਿਸ ਤੇ ਕਿਸਾਨ ਯੂਨੀਅਨਾਂ ਨੇ ਸੋਚ ਵਿਚਾਰ ਕਰਕੇ ਇਹ ਫੈਸਲਾ ਲਿਆ ਗਿਆ ਸੀ ਕਿ ਅਸੀਂ ਦਿੱਲੀ ਟਰੈਕਟਰ ਟਰਾਲੀਆਂ ਲੈ ਕੇ ਨਹੀਂ ਸਗੋਂ 101 ਕਿਸਾਨਾਂ ਦਾ ਜਥਾ ਸ਼ਾਂਤਮਈ ਤਰੀਕੇ ਨਾਲ ਪੈਦਲ ਦਿੱਲੀ ਜਾਵੇਗਾ। ਪ੍ਰੰਤੂ ਜਦੋਂ ਸਾਡਾ ਪਹਿਲਾ ਜਥਾ ਪੈਦਲ ਜਾਣ ਲਈ ਤਿਆਰ ਹੋਣ ਲੱਗਾ ਤਾਂ ਹਰਿਆਣਾ ਦੀ ਪੁਲਸ ਨੇ ਮੋਦੀ ਸਰਕਾਰ ਦੇ ਇਸ਼ਾਰੇ 'ਤੇ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ , ਰਬੜ ਦੀਆਂ ਗੋਲੀਆਂ ਅਤੇ ਡਾਂਗਾਂ ਸੋਟੀਆਂ ਵਰਾ ਕੇ ਪੰਜਾਬ ਦੇ ਬਹੁਤ ਸਾਰੇ ਕਿਸਾਨਾਂ ਨੂੰ ਗੰਭੀਰ ਰੂਪ ਵਿਚ ਜ਼ਖ਼ਮੀ ਕਰ ਦਿੱਤਾ । ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਪੰਜਾਬ ਦੇ ਕਿਸਾਨਾਂ ਨਾਲ ਦੁਸ਼ਮਣਾਂ ਵਾਲਾ ਵਿਵਹਾਰ ਕਰਨ ਤੇ ਤੁਲੀ ਹੋਈ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਭਾਰਤ ਦੇ ਕਿਸਾਨਾਂ ਦੀਆਂ ਜੋ ਹੱਕੀ ਮੰਗਾਂ ਹਨ ਉਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਮੰਨਿਆ ਜਾਵੇ । ਵਰਨਾ ਆਉਣ ਵਾਲੇ ਸਮੇਂ ਵਿੱਚ ਕਿਸਾਨ ਕੇਂਦਰ ਦੀ ਮੋਦੀ ਸਰਕਾਰ ਖਿਲਾਫ ਸੰਘਰਸ਼ ਹੋਰ ਵੀ ਤਿੱਖਾ ਕਰਨ ਲਈ ਮਜਬੂਰ ਹੋਣਗੇ ਜਿਸ ਦੀ ਸਾਰੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੋਵੇਗੀ । ਇਸ ਮੌਕੇ ਭਾਰੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ ।

ਸੁਰਜੀਤ ਦਈਆ ਨੇ ਦਿੱਲੀ ਵਿਧਾਨ ਸਭਾ ਹਲਕਾ ਰੌਣੀ ਤੋਂ ਪ੍ਰਦੀਪ ਮਿੱਤਲ ਨੂੰ ਪਾਰਟੀ ਉਮੀਦਵਾਰ ਐਲਾਨਣ 'ਤੇ ਦਿੱਤੀ ਵਧਾਈ

ਆਜ਼ਾਦ ਸੋਚ
ਰਜਿੰਦਰ ਫਤਿਹਪੁਰ/ਸੰਜੇ ਬਾਂਸਲ
ਸਮਾਣਾ , 7 ਦਸੰਬਰ

ਦਿੱਲੀ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਆਮ ਆਦਮੀ ਪਾਰਟੀ ਲਗਾਤਾਰ ਸਰਗਰਮ ਹੈ। ਪਿਛਲੇ ਦਿਨੀਂ ਆਪ ਪਾਰਟੀ ਵਲੋਂ ਪਾਰਟੀ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰਨ ਦੀ ਪਹਿਲਕਦਮੀ ਕੀਤੀ ਗਈ ਹੈ।ਆਮ ਆਦਮੀ ਪਾਰਟੀ ਵੱਲੋਂ ਦਿੱਲੀ ਦੇ ਹਲਕਾ ਰੌਣੀ ਤੋਂ ਕੌਂਸਲਰ ਪ੍ਰਦੀਪ ਮਿੱਤਲ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ। ਦੱਸ ਦਈਏ ਕਿ ਪ੍ਰਦੀਪ ਮਿੱਤਲ ਹਲਕਾ ਸਮਾਣਾ ਤੋਂ ਐਸ ਸੀ ਵਿੰਗ ਦੇ ਹਲਕਾ ਇੰਚਾਰਜ ਸੁਰਜੀਤ ਸਿੰਘ ਦਈਆ ਦੇ ਨਜ਼ਦੀਕੀ ਮਿੱਤਰ ਹਨ ਅਤੇ ਸੁਰਜੀਤ ਦਈਆ ਵਲੋਂ ਉਨ੍ਹਾਂ ਨੂੰ ਉਮੀਦਵਾਰ ਐਲਾਨੇ ਜਾਣ ਤੇ ਮੁਬਾਰਕਬਾਦ ਦਿੱਤੀ ਗਈ ਹੈ। ਸੁਰਜੀਤ ਸਿੰਘ ਦਈਆ ਨੇ ਦੱਸਿਆ ਕਿ ਸ੍ਰੀ ਪ੍ਰਦੀਪ ਮਿੱਤਲ ਲੰਬੇ ਸਮੇਂ ਤੋਂ ਆਪ ਪਾਰਟੀ ਨਾਲ ਜੁੜੇ ਹੋਏ ਹਨ ਅਤੇ ਬਤੌਰ ਕੌਂਸਲਰ ਦਿੱਲੀ ਦੇ ਲੋਕਾਂ ਦੀ ਸੇਵਾ ਕਰਦੇ ਆ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਸ੍ਰੀ ਪ੍ਰਦੀਪ ਮਿੱਤਲ ਪਾਰਟੀ ਵਰਕਰਾਂ ਨਾਲ ਲਗਾਤਾਰ ਚੋਣਾਂ ਦੀ ਤਿਆਰੀ ਕਰ ਰਹੇ ਹਨ ਅਤੇ ਹਲਕੇ ਦੇ ਲੋਕ ਵੀ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ ਹਨ ਅਤੇ ਆਗਾਮੀ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਵੱਡੀ ਲੀਡ ਨਾਲ ਜਿਤਾਉਣ ਲਈ ਉਤਾਵਲੇ ਹਨ।

ਵਿਆਹ ਸ਼ਾਦੀਆਂ ਸਮੇਂ ਮੈਰਿਜ ਪੈਲੇਸਾਂ ਵਿੱਚ ਲਾਇਸੰਸੀ ਅਸਲਾ ਲੈ ਕੇ ਜਾਣ 'ਤੇ ਪਾਬੰਦੀ ਦੇ ਹੁਕਮ ਜਾਰੀ

ਆਜ਼ਾਦ ਸੋਚ
ਹਰਵਿੰਦਰ ਲਾਲੀ
ਪਟਿਆਲਾ, 7 ਦਸੰਬਰ

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਪਟਿਆਲਾ ਦੀਆਂ ਸੀਮਾਵਾਂ ਅੰਦਰ ਪੈਂਦੇ ਸਾਰੇ ਮੈਰਿਜ ਪੈਲੇਸਾਂ, ਹੋਟਲਾਂ, ਕਮਿਊਨਿਟੀ ਹਾਲ ਅਤੇ ਅਜਿਹੇ ਸਥਾਨ ਜਿੱਥੇ ਵਿਆਹ ਸ਼ਾਦੀਆਂ ਦੇ ਪ੍ਰੋਗਰਾਮ/ਪਾਰਟੀਆਂ ਦਾ ਆਯੋਜਨ ਕੀਤਾ ਜਾਂਦਾ ਹੈ, ਪ੍ਰੋਗਰਾਮ ਮੌਕੇ ਕਿਸੇ ਵੀ ਲਾਇਸੰਸੀ ਵਿਅਕਤੀ ਵੱਲੋਂ ਅਸਲਾ ਅੰਦਰ ਲੈ ਕੇ ਜਾਣ ਅਤੇ ਲੋਕ ਦਿਖਾਵੇ ਲਈ ਅਸਮਾਨੀ ਫਾਇਰ ਕਰਨ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ ਜ਼ਿਲ੍ਹੇ ਵਿੱਚ 5 ਫਰਵਰੀ 2025 ਤੱਕ ਲਾਗੂ ਰਹਿਣਗੇ ਹੁਕਮਾਂ 'ਚ ਕਿਹਾ ਗਿਆ ਹੈ ਕਿ ਇਹ ਆਮ ਵੇਖਣ ਵਿੱਚ ਆਇਆ ਹੈ ਕਿ ਵਿਆਹ ਸ਼ਾਦੀਆਂ ਦੇ ਸਮੇਂ ਮੈਰਿਜ ਪੈਲਸਾਂ ਵਿੱਚ ਕੁਝ ਲੋਕ ਆਪਣਾ ਲਾਇਸੰਸੀ ਅਸਲਾ ਨਾਲ ਲੈ ਕੇ ਜਾਂਦੇ ਹਨ ਅਤੇ ਸਮਾਗਮਾਂ ਵਿੱਚ ਸ਼ਰਾਬ ਆਦਿ ਪੀ ਕੇ ਇਹ ਵਿਅਕਤੀ ਹਥਿਆਰ ਲੈ ਕੇ ਸਟੇਜ ਉੱਪਰ ਭੰਗੜਾ ਪਾਉਂਦੇ ਸਮੇਂ ਫਾਇਰ ਕਰਦੇ ਹਨ ਜੋ ਪੈਲੇਸ ਵਿੱਚ ਮੌਜੂਦ ਲੋਕਾਂ ਦੀ ਜਾਨ ਦਾ ਖਤਰਾ ਬਣ ਜਾਂਦਾ ਹੈ, ਅਜਿਹੀਆਂ ਘਟਨਾਵਾਂ ਵਿੱਚ ਕਈ ਲੋਕ ਆਪਣੀ ਜਾਨ ਗੁਆ ਚੁੱਕੇ ਹਨ।

ਵਰਨਣਯੋਗ ਹੈ ਕਿ ਪੈਲੇਸਾਂ ਵਿੱਚ ਅਸਲਾ ਨਾਲ ਲੈ ਕੇ ਆਉਣ ਸਬੰਧੀ ਬੋਰਡ ਤਾਂ ਲਿਖੇ ਹੁੰਦੇ ਹਨ ਪਰ ਇਨ੍ਹਾਂ ਬੋਰਡਾਂ 'ਤੇ ਕਿਸੇ ਵੱਲੋਂ ਅਮਲ ਨਹੀਂ ਕੀਤਾ ਜਾਂਦਾ। ਇਸ ਲਈ ਕੋਈ ਵੀ ਵਿਅਕਤੀ ਮੈਰਿਜ ਪੈਲਸਾਂ/ਹੋਟਲਾਂ ਵਿੱਚ ਲਾਇਸੰਸੀ ਹਥਿਆਰ ਨਾ ਲੈ ਕੇ ਆਵੇ, ਨੂੰ ਰੋਕਣ ਲਈ ਯਕੀਨੀ ਬਣਾਇਆ ਜਾਣਾ ਹੈ ਤਾਂ ਜੋ ਅੱਗੇ ਤੋਂ ਮੈਰਿਜ ਪੈਲਸਾਂ/ਹੋਟਲਾਂ ਵਿੱਚ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

ਇਸ ਲਈ ਅਮਨ ਕਾਨੂੰਨ ਬਣਾਏ ਰੱਖਣ ਅਤੇ ਲੋਕਾਂ ਦੀ ਜਾਨ-ਮਾਲ ਦੀ ਰਾਖੀ ਵਾਸਤੇ ਢੁਕਵੇਂ ਕਦਮ ਉਠਾਉਣੇ ਜ਼ਰੂਰੀ ਹਨ।ਪਟਿਆਲਾ ਜ਼ਿਲ੍ਹੇ ਵਿੱਚ ਸਥਿਤ ਸਾਰੇ ਮੈਰਿਜ ਪੈਲੇਸ, ਹੋਟਲ, ਕਮਿਊਨਿਟੀ ਹਾਲ ਦੇ ਮਾਲਕਾਂ/ਮੈਨੇਜਰ/ ਪ੍ਰਬੰਧਕ ਇਹਨਾਂ ਹੁਕਮਾਂ ਦੀ ਪਾਲਣਾ ਕਰਨ ਨੂੰ ਯਕੀਨੀ ਬਣਾਉਣਗੇ।

ਸ਼ਹਿਰੀ ਖੇਤਰ ਵਿੱਚ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਭਾਰੀ ਵਾਹਨਾਂ ਦੇ ਦਾਖ਼ਲੇ 'ਤੇ ਪਾਬੰਦੀ

ਆਜ਼ਾਦ ਸੋਚ
ਹਰਵਿੰਦਰ ਲਾਲੀ/ਪਟਿਆਲਾ, 7 ਦਸੰਬਰ

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਰਾਜਪੁਰਾ ਚੂੰਗੀ ਤੋਂ ਪੁਰਾਣਾ ਬੱਸ ਸਟੈਂਡ ਦੇ ਅੰਦਰ ਦੇ ਇਲਾਕੇ, ਪੁਰਾਣਾ ਬੱਸ ਸਟੈਂਡ ਤੋਂ ਫੁਆਰਾ ਚੌਂਕ (ਦੀ ਮਾਲ ਰੋਡ), ਫੁਆਰਾ ਚੌਂਕ ਲੋਅਰ ਮਾਲ ਤੋਂ ਮਹਿੰਦਰਾ ਕਾਲਜ ਅਤੇ ਮਹਿੰਦਰਾ ਕਾਲਜ ਤੋਂ ਸਨੌਰੀ ਅੱਡੇ ਦੇ ਅੰਦਰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਭਾਰੀ ਵਾਹਨਾਂ ਦੇ ਦਾਖਲੇ 'ਤੇ ਪਾਬੰਦੀ ਲਗਾਈ ਹੈ।

5 ਫਰਵਰੀ 2025 ਤੱਕ ਲਾਗੂ ਰਹਿਣ ਵਾਲੇ ਇਨ੍ਹਾਂ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹਾ ਪਟਿਆਲਾ ਦੇ ਸ਼ਹਿਰੀ ਖੇਤਰ ਅੰਦਰ ਭਾਰੀ ਵਾਹਨਾਂ ਦੀ ਆਵਾਜਾਈ ਬਹੁਤ ਜ਼ਿਆਦਾ ਵੱਧ ਗਈ ਹੈ, ਇਨ੍ਹਾਂ ਵਾਹਨਾਂ ਦੀ ਦਿਨ ਦੇ ਸਮੇਂ ਸ਼ਹਿਰ ਵਿੱਚ ਆਮਦ ਨਾਲ ਆਮ ਟ੍ਰੈਫਿਕ ਦੀ ਆਵਾਜਾਈ ਵਿੱਚ ਕਾਫ਼ੀ ਵਿਘਨ ਪੈ ਰਿਹਾ ਹੈ, ਜਿਸ ਨਾਲ ਲੰਮੇ ਸਮੇਂ ਜਾਮ ਲੱਗ ਜਾਂਦੇ ਹਨ। ਇਨ੍ਹਾਂ ਟ੍ਰੈਫਿਕ ਜਾਮਾਂ ਕਾਰਨ ਜਿੱਥੇ ਆਮ ਜਨਤਾ ਦੇ ਕੰਮਕਾਰ ਪ੍ਰਭਾਵਿਤ ਹੁੰਦੇ ਹਨ, ਉੱਥੇ ਨਾਲ ਹੀ ਬਿਮਾਰ/ਬਜ਼ੁਰਗ/ਮਰੀਜ਼/ਐਂਬੂਲੈਂਸਾਂ/ਸਕੂਲੀ ਬੱਚਿਆਂ ਦੇ ਇੱਕ ਥਾਂ ਤੋਂ ਦੂਜੀ ਥਾਂ ਸਮੇਂ ਸਿਰ ਪੁੱਜਣ ਵਿੱਚ ਵੀ ਵਿਘਨ ਪੈਂਦਾ ਹੈ, ਅਜਿਹੇ ਹਾਲਤਾਂ ਨਾਲ ਅਮਨ ਕਾਨੂੰਨ ਦੀ ਸਥਿਤੀ ਦੇ ਖਰਾਬ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਇਸ ਲਈ ਇਹ ਪਾਬੰਦੀ ਲਗਾਈ ਗਈ ਹੈ।

ਰਾਸਟਰੀ ਖੇਡਾਂ ਵਿੱਚ ਜੇਤੂ ਬੱਚਿਆਂ ਦਾ ਡੀ.ਏ.ਵੀ. ਬਾਦਸ਼ਾਹਪੁਰ ਵਿਖੇ ਪਹੁੰਚਣ 'ਤੇ ਸ਼ਾਨਦਾਰ ਸਵਾਗਤ

2 ਗੋਲਡ, 2 ਸਿਲਵਰ ਅਤੇ 6 ਕਾਂਸੀ ਦੇ ਤਗਮੇ ਜਿੱਤੇ

ਆਜ਼ਾਦ ਸੋਚ
ਰਿਸ਼ੀਪਾਲ ਗੁਪਤਾ
ਬਾਦਸ਼ਾਹਪੁਰ , 7 ਦਸੰਬਰ

ਡੀ.ਏ.ਵੀ. ਕਾਲਜ ਮੈਨੇਜਿੰਗ ਕਮੇਟੀ ਵੱਲੋਂ ਡੀ.ਏ.ਵੀ. ਨੈਸ਼ਨਲ ਸਪੋਰਟਸ 2024 ਦੇ ਰਾਸਟਰੀ ਪੱਧਰ ਦੇ ਮੁਕਾਬਲੇ ਦਿੱਲੀ ਵਿਖੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿੱਚ ਡੀ.ਏ.ਵੀ. ਬਾਦਸ਼ਾਹਪੁਰ ਦੇ ਬੱਚਿਆਂ ਨੇ ਪੰਜਾਬ ਦੀ ਰਹਿਨੁਮਾਈ ਕਰਦਿਆਂ ਬਹੁਤ ਸਾਰੇ ਮੈਡਲ ਜਿੱਤ ਕੇ 17 ਸਾਲਾ ਵਰਗ ਵਿੱਚ ਕੁੜੀਆਂ ਨੇ ਕੁਸ਼ਤੀ ਵਿੱਚ ਉਪ-ਵਿਜੇਤਾ ਟਰਾਫੀ ਤੇ ਕਬਜਾ ਕੀਤਾ। ਕੁਸ਼ਤੀ ਵਿੱਚ ਐਸ਼ਲੀਨ ਕੌਰ ਨੇ 40 ਕਿਲੋ, ਅਮਾਨਤਪ੍ਰੀਤ ਕੌਰ 44 ਕਿਲੋ ਭਾਰ ਵਰਗ ਵਿੱਚ ਗੋਲਡ, ਜਸਨਮੀਤ ਕੌਰ ਨੇ 43 ਕਿਲੋ , ਅਗਮਜੋਤ ਕੌਰ ਨੇ 65 ਕਿਲੋ ਭਾਰ ਵਰਗ ਸਿਲਵਰ ਮੈਡਲ, ਵਰਲੀਨ ਕੌਰ ਨੇ 30 ਕਿਲੋ, ਗੁਰਨੂਰ ਕੌਰ 34 ਕਿਲੋ, ਗਰਿਸਕਾ ਅਰੋੜਾ 36 ਕਿਲੋ, ਸਿਮਰਨਪ੍ਰੀਤ ਕੌਰ 56 ਕਿਲੋ, ਸੁਖਮਨਪ੍ਰੀਤ ਕੌਰ 60 ਕਿਲੋਭਾਰ ਵਰਗ ਵਿੱਚ ਕਾਂਸੀ ਅਤੇ ਜੂਡੋ ਵਿੱਚ ਜਪਨੀਤ ਕੌਰ੧੨ਸਕੂਲ ਦਾ ਨਾਂ ਰੋਸ਼ਨ ਕੀਤਾ।

ਇਸ ਮੌਕੇ ਸਕੂਲ ਮੁੱਖੀ ਪੰਕਜ ਕੁਮਾਰ ਸਿੰਘ ਨੇ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇੱਕ ਪੇਂਡੂ ਇਲਾਕੇ ਦੇ ਸਕੂਲ ਦੇ 22 ਬੱਚਿਆਂ ਦਾ ਨੈਸ਼ਨਲ ਵਿੱਚ ਭਾਗ ਲੈਣਾ ਅਤੇ ਆਪਣੇ ਰਾਜ ਲਈ ਮੈਡਲ ਜਿੱਤਣੇ ਸਾਡੇ ਲਈ ਗੌਰਵਮਈ ਪਲ ਹਨ। ਉਨਾਂ ਕਿਹਾ ਕਿ ਕੁੜੀਆਂ ਦਾ ਕੁਸ਼ਤੀ ਵਿੱਚ ਉਪ ਟਰਾਫੀ ਜਿੱਤਣਾ ਸਾਡੇ ਸਿਹਤਮੰਦ ਸਮਾਜ ਦੀ ਨਿਸ਼ਾਨੀ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਭਵਿੱਖ ਵਿੱਚ ਵੀ ਬੱਚੇ ਖੇਡਾਂ ਵਿੱਚ ਵਧੀਆਂ ਪ੍ਰਦਰਸ਼ਨ ਕਰਦੇ ਰਹਿਣਗੇ। ਉਨ੍ਹਾਂ ਸਰੀਰਕ ਸਿੱਖਿਆ ਅਧਿਆਪਕ ਜਗਤਾਰ ਸਿੰਘ ਘੱਗਾ ਅਤੇ ਬੱਚਿਆਂ ਨੂੰ ਵਧਾਈ ਦਿੱਤੀ।